ਵਿਗਿਆਨ ਜੋਤ

ਸਾਲ 6, ਅੰਕ : 5

ਅਕਤੂਬਰ-ਨਵੰਬਰ, 2011

PUNPUN/2006/17457

ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**
ਸੰਪਾਦਕ : **ਅਜਮੇਰ ਸਿੱਧੂ**
ਸਹਿ ਸੰਪਾਦਕ : **ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

ਸੰਪਾਦਕੀ ਬੋਰਡ
* ਮੇਘ ਰਾਜ ਰੱਲਾ
* ਰਾਜਾ ਰਾਮ ਹੰਢਿਆਇਆ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਵਿਸ਼ਾਲ ਭਾਰਤੀ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ

ਦਰ ਚੰਦਾ

ਸਲਾਨਾ ਚੰਦਾ	80/-
ਦੋ ਸਾਲਾਂ ਦਾ ਚੰਦਾ	150/-
ਵਿਦੇਸ਼ਾਂ ਲਈ ਸਲਾਨਾ ਚੰਦਾ	500/-
ਲਾਈਫ਼ ਮੈਂਬਰਸ਼ਿਪ	1000/-
ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ	5000/-

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com

ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ

ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।

ਸੰਪਾਦਕੀ

ਭ੍ਰਿਸ਼ਟਾਚਾਰ ਕਿਵੇਂ ਜਾਰੀ ਹੈ

ਮੇਘ ਰਾਜ ਮਿੱਤਰ

ਸਾਡੇ ਦੇਸ ਦੇ ਮਾਲ ਖਜ਼ਾਨੇ
ਲੁੱਟੀ ਜਾਂਦੇ ਦੇਸ਼ ਬਿਗਾਨੇ

ਪਹਿਲਾ ਉਪਰੋਕਤ ਧਾਰਨਾ ਲੋਕਾਂ ਵਿਚ ਪ੍ਰਚੱਲਤ ਸੀ। ਜਦੋਂ ਸਾਡੀਆਂ ਖੱਬੀਆਂ ਧਿਰਾਂ ਨੇ ਲੋਕਾਂ ਵਿਚ ਇਹ ਗੱਲ ਸਥਾਪਤ ਕੀਤੀ ਸੀ ਕਿ ਮਲਟੀ ਨੈਸ਼ਨਲ ਕੰਪਨੀਆਂ ਇਸ ਦੇਸ਼ ਨੂੰ ਲੁੱਟ ਰਹੀਆਂ ਹਨ ਪਰ ਇਨ੍ਹਾਂ ਅਦਾਰਿਆਂ ਨੇ ਲੋਕਾਂ ਲਈ ਰੁਜ਼ਗਾਰ ਦੇ ਸੀਮਤ ਮੌਕੇ ਵੀ ਦਿੱਤੇ ਹਨ। ਇਨ੍ਹਾਂ ਕੰਪਨੀਆਂ ਨੇ ਭਾਰਤ ਦੀ ਮੱਧਵਰਗੀ ਜਮਾਤ ਦੇ ਪੜ੍ਹੇ ਲਿਖੇ ਲੋਕਾਂ ਨੂੰ ਵੱਡੀਆਂ ਤਨਖਾਹਾਂ ਤੇ ਭਰਤੀ ਕਰ ਲਿਆ ਹੈ। ਭਾਵੇਂ ਇਹ ਵਕਤੀ ਹੈ।

ਪਰ ਪਿਛਲੇ ਦੋ ਚਾਰ ਮਹੀਨਿਆਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸਾਡੇ ਦੇਸ਼ ਦੇ ਮਾਲ ਖਜ਼ਾਨਿਆਂ ਨੂੰ ਲੁੱਟਣ ਲਈ ਹਾਕਮ ਜਮਾਤਾਂ ਹੀ ਜ਼ਿੰਮੇਵਾਰ ਨੇ। ਦਿੱਲੀ ਦੀਆਂ ਕਾਮਨ-ਵੈਲਥ ਖੇਡਾਂ ਅਤੇ 2 ਜੀ ਸਪੈਕਟਾਰਮ ਘੋਟਾਲੇ ਕਿਸੇ ਵੀ ਬਹੁ-ਕੌਮੀ ਕੰਪਨੀਆਂ ਅਤੇ ਪਹੁੰਚ ਵਾਲੇ ਹਾਕਮਾਂ ਵੱਲੋਂ ਮਿਲੀਭੁਗਤ ਨਾਲ ਨੇਪਰੇ ਚਾੜ੍ਹੇ ਗਏ ਹਨ। ਅੱਜ ਹਰੇਕ ਸਿਆਸੀ ਲੀਡਰ ਨੂੰ ਪਤਾ ਹੈ ਕਿ ਕਿੱਥੇ ਕਿਹੜੇ-ਕਿਹੜੇ ਅਫ਼ਸਰ ਰਿਸ਼ਵਤਖੋਰ ਹਨ। ਮੈਂ ਬਹੁਤ ਸਾਰੇ ਵਿਅਕਤੀਆਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਇਸ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਈਮਾਨਦਾਰ ਹੈ। ਹੁਣ ਤੁਸੀਂ ਹੀ ਦੱਸੋ ਕਿ ਕੀ ਕੋਈ ਵੀ ਡਿਪਟੀ ਕਮਿਸ਼ਨਰ ਇਸ ਢਾਂਚੇ ਵਿਚ ਈਮਾਨਦਾਰ ਹੋ ਸਕਦਾ ਹੈ। ਤੁਹਾਡਾ ਜੁਆਬ ਹੋਏਗਾ ਕਿ ਨਹੀਂ। ਕਿਉਂਕਿ ਹਰੇਕ ਡਿਪਟੀ ਕਮਿਸ਼ਨਰ ਨੂੰ ਜ਼ਿਲ੍ਹਾ ਸਾਂਭਣ ਲਈ ਹੀ ਵੱਡੀਆਂ ਰਕਮਾਂ ਭੇਂਟ ਕਰਨੀਆਂ ਪੈਂਦੀਆਂ ਹਨ। ਅੱਜ ਪੰਜਾਬ ਦੀ ਹਰੇਕ ਤਹਿਸੀਲ ਵਿਚ ਰਜਿਸਟਰੀਆਂ ਕਰਨ ਵੇਲੇ ਰਿਸ਼ਵਤ ਦੇ ਪੈਸੇ ਲਏ ਜਾਂਦੇ ਹਨ। ਇਹ ਧੰਦਾ ਡਿਪਟੀ ਕਮਿਸ਼ਨਰ ਦੀ ਸਹਿਮਤੀ ਤੋਂ ਬਿਨਾਂ ਉਸਦੇ ਜ਼ਿਲ੍ਹੇ ਵਿਚ ਚੱਲ ਹੀ ਨਹੀਂ ਸਕਦਾ।

ਹੁਣ ਤਹਿਸੀਲਦਾਰ ਰਿਸ਼ਵਤ ਕਿਵੇਂ ਲੈਂਦਾ ਹੈ। ਪਹਿਲੀ ਗੱਲ ਹੈ ਕਿ ਰਿਸ਼ਵਤ ਦੇ ਪੈਸਿਆਂ ਵਿਚ ਥੋੜ੍ਹਾ ਬਹੁਤ ਹਿੱਸਾ-ਪੱਤੀ ਤਹਿਸੀਲ ਦੇ ਹਰੇਕ ਮੁਲਾਜ਼ਮ ਦਾ ਅਤੇ ਰਜਿਸਟਰੀ ਲਿਖਣ ਤੋਂ ਲੈ ਕੇ ਪੇਸ਼ ਕਰਨ ਵਾਲੇ ਚਪੜਾਸੀ ਤੱਕ ਦਾ ਹੁੰਦਾ ਹੈ। ਸੋ ਇਨ੍ਹਾਂ ਸਾਰੇ ਠੱਗਾਂ ਦਾ ਕੰਮ ਰਜਿਸਟਰੀ ਕਰਾਉਣ ਵਾਲੇ ਵਿਅਕਤੀ ਨੂੰ ਇਹ ਜਚਾਉਣ ਦਾ ਹੁੰਦਾ ਹੈ ਕਿ ਜੇ ਤੁਸੀਂ ਤਹਿਸੀਲਦਾਰ ਨਾਲ ਗੰਢਤੁੱਪ ਨਾ ਕੀਤੀ ਤਾਂ ਤੁਹਾਡੇ ਦੋ-ਚਾਰ ਗੇੜੇ ਫਾਲਤੂ ਮਰਵਾ ਦੇਵੇਗਾ ਤੇ ਤੁਹਾਡੇ ਖਰਚੇ ਓਨੇ ਹੀ ਹੋ ਜਾਣਗੇ ਜਿਹੜੀ ਖੱਜਲ ਖੁਆਰੀ ਹੋਏਗੀ ਉਹ ਵੱਧ ਹੋਵੇਗੀ। ਰਿਸ਼ਵਤਖੋਰ ਤਹਿਸੀਲਦਾਰ ਵੀ ਪੈਸੇ ਬਣਾਉਣ ਲਈ ਬੇਲੋੜੀਆਂ ਢੁੱਚਰਾਂ ਲਾਉਣੀਆਂ ਸ਼ੁਰੂ ਕਰ ਦਿੰਦੇ ਹਨ। ਪੈਸੇ ਚੜ੍ਹਾਉਣ ਵਾਲਿਆਂ ਨੂੰ ਦੋ ਮਿੰਟ ਵਿਚ ਵਿਹਲੇ ਕਰ ਦਿੱਤਾ ਜਾਂਦਾ ਹੈ। ਇਕੋ ਖਿੱਤੇ ਵਿਚੋਂ ਲਿਖੀਆਂ ਦੋ ਰਜਿਸਟਰੀਆਂ ਵਿਚੋਂ ਇਕ ਪੈਸਿਆਂ ਵਾਲੀ ਹੋ ਜਾਂਦੀ ਹੈ ਦੂਜੀ ਰੋਕ ਦਿੱਤੀ ਜਾਂਦੀ ਹੈ। ਇਥੋਂ ਦਾ ਕਾਨੂੰਨ ਤਹਿਸੀਲਦਾਰ ਦੇ ਰਿਸ਼ਵਤ ਦੀ ਝਾਕ ਵਿਚ ਲਾਏ ਇਤਰਾਜ਼ਾਂ ਨੂੰ ਜਾਇਜ਼ ਠਹਿਰਾਉਂਦਾ ਹੈ। ਕੋਈ ਸੁਣਵਾਈ ਵੀ ਨਹੀਂ। ਜੇ ਹੈ ਤਾਂ ਉਹ ਪ੍ਰਕਿਰਿਆ ਲੰਬੀ ਹੈ ਅਤੇ ਖੱਜਲ ਖੁਆਰੀ ਵਾਲੀ ਹੈ। ਤਹਿਸੀਲਦਾਰ ਗੁਨਾਹਗਾਰ ਹੁੰਦੇ ਹੋਏ ਵੀ ਉੱਥੇ ਕੁਰਸੀ ਤੇ ਬੈਠੇਗਾ। ਤੁਸੀਂ ਕਸੂਰਵਾਰ ਨਾ ਹੁੰਦੇ ਹੋਏ ਵੀ ਖੜ੍ਹੇ ਹੋਵੋਗੇ। ਬਾਕੀ ਸਿਆਸਤਦਾਨ ਤੇ ਅਫ਼ਸਰਸ਼ਾਹੀ ਲੋਕਾਂ ਨੂੰ ਲੁੱਟਣ ਲਈ ਇਕ ਹੀ ਹੁੰਦੀ ਹੈ।

ਪਿੱਛੇ ਜਿਹੇ ਪੰਜਾਬ ਵਿਚ ਇਕ ਅਫ਼ਸਰ ਨੇ ਆਪਣੇ ਅਧੀਨ ਡਾਇਰੈਕਟੋਰੇਟ ਵਿਚ ਕਾਫ਼ੀ ਕੰਮ ਪਾਰਦਰਸ਼ੀ ਢੰਗ ਨਾਲ ਕਰਨ ਦਾ ਯਤਨ ਕੀਤਾ। ਹੁਣ ਮਨਿਸਟਰ ਜੀ ਨੂੰ ਕਮਾਈ ਹੋ ਨਹੀਂ ਸੀ ਰਹੀ। ਸੋ ਉਸਨੇ ਉਸ ਡਾਇਰੈਕਟ ਨੂੰ ਹੀ ਉਸ ਮਹਿਕਮੇ ਵਿਚੋਂ ਬਦਲਵਾ ਦਿੱਤਾ।

ਭਾਰਤ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਬਣਾਈ ਜਾ ਰਹੀ ਕਮੇਟੀ ਵਿਚ ਪਾਰਲੀਮੈਂਟ ਦੇ ਉਨ੍ਹਾਂ ਮੈਂਬਰਾਂ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ ਜਿਨ੍ਹਾਂ ਦੇ ਉੱਪਰ ਰਿਸ਼ਵਤਖ਼ੋਰੀ ਦੇ ਕਈ-ਕਈ ਮੁਕੱਦਮੇ ਦਰਜ ਹਨ। ਕੀ ਇਹ ਮੈਂਬਰ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੋਈ ਵਧੀਆ ਕਾਨੂੰਨ ਸਾਡੇ ਦੇਸ਼ ਨੂੰ ਦੇ ਸਕਣਗੇ। ਅਜਿਹਾ ਹੋ ਹੀ ਨਹੀਂ ਸਕਦਾ।

ਸੋ ਉਪਰੋਕਤ ਸਾਰੀਆਂ ਗੱਲਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਇਸ ਢਾਂਚੇ ਨੂੰ ਕਾਇਮ ਰੱਖ ਕੇ ਈਮਾਨਦਾਰੀ ਲੱਭਣਾ ਹਵਾ ਵਿਚ ਡਾਂਗਾਂ ਮਾਰਨਾ ਹੀ ਹੈ। ਰਿਸ਼ਵਤਖੋਰੀ ਰੋਕਣ ਲਈ ਹਰ ਅਦਾਰੇ ਵਿਚ ਇਕ ਲੋਕ ਕਮੇਟੀ ਬਣਾਈ ਜਾਵੇ ਜਿਹੜੀ ਹਰ ਮਹੀਨੇ ਇਸ ਗੱਲ 'ਤੇ ਵਿਚਾਰ ਕਰੇ ਕਿ ਸਾਡੇ ਇਸ ਅਦਾਰੇ ਵਿਚ ਰਿਸ਼ਵਤ ਰੁਕੀ ਜਾਂ ਨਹੀਂ ਜੇ ਨਹੀਂ ਰੁਕੀ ਤਾਂ ਕਿਵੇਂ ਰੋਕੀ ਜਾਵੇ?

ਇਸੇ ਢੰਗ ਨਾਲ ਮੈਂ ਅਜਿਹੇ ਐਸ.ਐਸ.ਪੀ. ਵੇਖੇ ਹਨ ਜਿਹੜੇ ਆਪਣੇ ਅਧੀਨ ਪੁਲਸ ਮਹਿਕਮੇ ਵਿਚ ਰਿਸ਼ਵਤਖੋਰੀ ਕਰਨ ਦੀ ਤਾਂ ਖੁੱਲ੍ਹੀ ਛੁੱਟੀ ਦੇ ਦਿੰਦੇ ਹਨ ਪਰ ਇਲਾਕੇ ਵਿਚ ਨਸ਼ੇ ਰੋਕਣ ਲਈ ਮੁਹਿੰਮ ਛੇੜ ਦਿੰਦੇ ਹਨ। ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਨਸ਼ੇ ਦੇ ਕਾਰੋਬਾਰ ਕੌਣ ਕਰਵਾਉਂਦਾ ਹੈ? ਜੜ੍ਹ ਉਨ੍ਹਾਂ ਨੂੰ ਪਤਾ ਹੁੰਦੀ ਹੈ ਪਰ ਉਸ ਜੜ੍ਹ ਨੂੰ ਉਹ ਵੱਢਣ ਤੋਂ ਬੇਵੱਸ ਹੁੰਦੇ ਹਨ ਕਿਉਂਕਿ ਨਸ਼ੇ ਦੀ ਕਾਰੋਬਾਰੀ ਨੂੰ ਜੇ ਇਹ ਖ਼ਤਰਾ ਹੋ ਜਾਵੇ ਕਿ ਉਸ ਖਿਲਾਫ਼ ਕੋਈ ਕਾਰਵਾਈ ਹੋਵੇਗੀ ਤਾਂ ਉਹ ਉੱਪਰ ਤਾਰਾਂ ਖੜਕਾ ਦਿੰਦਾ ਹੈ। ਇੱਥੇ ਵੀ ਗੱਲ ਉਥੇ ਹੀ ਮੁੱਕਦੀ ਹੈ ਕਿ ਨਸ਼ੇ ਦੇ ਕਾਰੋਬਾਰ ਦਾ ਢਾਂਚੇ ਨਾਲ ਸਿੱਧਾ ਸਬੰਧ ਹੈ। ਨਸ਼ਾ ਰੋਕਣ ਲਈ ਜਾਂ ਹੋਰ ਬੁਰਾਈਆਂ ਰੋਕਣ ਲਈ ਢਾਂਚਾ ਬਦਲਣਾ ਜ਼ਰੂਰੀ ਹੈ।

ਜਦੋਂ ਮਨੁੱਖ ਬਾਂਦਰਾਂ ਦੀ ਤਰ੍ਹਾਂ ਜੰਗਲਾਂ ਵਿਚ ਰਹਿੰਦਾ ਸੀ

ਜਿੰਦੀ ਪੇਂਟਰ

ਬਹੁਤ ਲੰਮੇ ਸਮੇਂ ਤੱਕ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਧਰਤੀ ’ਤੇ ਹਰ ਤਰ੍ਹਾਂ ਦੇ ਜੀਵਨ ਦੀ ਉਤਪਤੀ ਵੱਖ-ਵੱਖ ਰੂਪਾਂ ਵਿਚ ਹੋਈ ਹੈ ਅਤੇ ਕਿਸੇ ਨੇ ਵੀ ਕਦੇ ਆਪਣਾ ਸਰੂਪ ਨਹੀਂ ਬਦਲਿਆ। ਚਾਰਲਸ ਡਾਰਵਿਨ ਪਹਿਲੇ ਅਜਿਹੇ ਵਿਗਿਆਨਕ ਸਨ ਜਿਨ੍ਹਾਂ ਨੇ ਇਸ ਧਾਰਨਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਵਿਕਾਸ ਦੀ ਆਧੁਨਿਕ ਥਿਊਰੀ ਦਾ ਆਧਾਰ ਤਿਆਰ ਕੀਤਾ। ਇਸ ਐਵੋਲਿਊਸ਼ਨ ਸਿਧਾਂਤ ਦੇ ਅਨੁਸਾਰ ਵਿਕਾਸ ਵਿਚ ਪ੍ਰਕਿਰਿਆ ਹੈ ਜਿਸ ਨਾਲ ਧਰਤੀ ਉਤੇ ਰਹਿਣ ਵਾਲਾ ਹਰ ਜੀਵ ਲੱਖਾਂ ਸਾਲ ਪਹਿਲਾਂ ਇੱਥੇ ਰਹਿਣ ਵਾਲੇ ਸਾਂਝੇ ਪੂਰਵਜਾਂ ਦੇ ਵੰਸ਼ਜ ਹਨ। ਸਾਰੇ ਪੌਦਿਆਂ ਅਤੇ ਜਾਨਵਰਾਂ ਦਾ ਵਿਕਾਸ ਇਕ ਕਰਮਵਾਰ ਤਰੀਕੇ ਨਾਲ ਹੋਇਆ ਅਤੇ ਹੁਣ ਤੱਕ ਹੋ ਰਿਹਾ ਹੈ।

ਚਾਰਲਸ ਡਾਰਵਿਨ ਦਾ ਜਨਮ 1809 ਵਿਚ ਹੋਇਆ ਸੀ। ਉਨ੍ਹਾਂ ਨੇ ਆਪਣੀ ਸਿੱਖਿਆ ਐਡਿਨਬਰਗ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਜੀਵ ਵਿਗਿਆਨ ਦੀ ਸਿੱਖਿਆ ਵਿਚ ਬਹੁਤ ਰੁਚੀ ਸੀ। ਡਾਰਵਿਨ ਨੇ ਆਪਣੀ ਯਾਤਰਾ ਨਾਲ ਸਬੰਧਿਤ ਤੱਥਾਂ ਨੂੰ ਇਕ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਪੁਸਤਕ ਦਾ ਟਾਈਟਲ ਸੀ ‘ਦਿ ਓਰੀਜਿਨ ਆਫ਼ ਸਪੀਸਿਜ਼ ਬਾਈ ਨੈਚੁਰਲ ਸਿਲੈਕਸ਼ਨ’। ਪੰਜਾਬੀ ਵਿੱਚ ਇਸ ਦਾ ਨਾਂ ‘ਜੀਵ ਵਿਕਾਸ’ ਹੈ। ਇਸ ਦਾ ਪਹਿਲਾ ਐਡੀਸ਼ਨ 1859 ਵਿਚ ਪ੍ਰਕਾਸ਼ਿਤ ਹੋਇਆ। ਡਾਰਵਿਨ ਦਾ ਅਧਿਐਨ, ਇਸ ਆਧਾਰ ਨੂੰ ਸਿੱਧ ਕਰਨ ਦਾ ਯਤਨ ਸੀ ਕਿ ਸਾਰੇ ਜੀਵਾਂ ਨੂੰ ਉਨ੍ਹਾਂ ਦਾ ਮੌਜੂਦਾ ਸਰੂਪ ਪੀੜ੍ਹੀਆਂ ਦੇ ਵਿਕਾਸ ਤੋਂ ਬਾਅਦ ਮਿਲਿਆ ਹੈ ਅਤੇ ਸਾਰੇ ਪੂਰਵਜ ਸਾਂਝੇ ਸਨ। ਇਸ ਤੋਂ ਇਲਾਵਾ ਕੁਦਰਤੀ ਚੋਣ ਬਾਰੇ ਉਨ੍ਹਾਂ ਦਾ ਸਿਧਾਂਤ ਇਹ ਦੱਸਦਾ ਹੈ ਕਿ ਜੀਵਨ ਲਈ ਸੰਘਰਸ਼ ਵਿਚ ਸਿਰਫ਼ ਸਹੀ ਜਾਂ ਯੋਗ (ਫਿਟੈਸਟ) ਹੀ ਜੀਵਤ ਰਹਿ ਸਕਦੇ ਹਨ। ਹਰ ਜੀਵ ਆਪਣੇ ਪੂਰਵਜਾਂ ਤੋਂ ਥੋੜ੍ਹਾ ਜਿਹਾ ਵੱਖਰਾ ਹੁੰਦਾ ਹੈ ਅਤੇ ਸਮੇਂ ਦੇ ਪ੍ਰਵਾਹ ਨਾਲ ਉਹ ਆਪਣਾ ਮੌਜੂਦਾ ਸਰੂਪ ਪ੍ਰਾਪਤ ਕਰਦਾ ਹੈ। ਇਹ ਪੁਸਤਕ ਜਦ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਤਾਂ ਇਸ ਨੇ ਧਾਰਮਿਕ ਲੋਕਾਂ ਦੇ ਵਿਸ਼ਵਾਸਾਂ ਵਿਚ ਹੰਗਾਮਾ ਖੜ੍ਹਾ ਕਰ ਦਿੱਤਾ। ਖਾਸ ਕਰਕੇ ‘ਬਾਈਬਲ’ ਨੂੰ ਮੰਨਣ ਵਾਲੇ ਲਾਈਲੱਗ ਮੂਰਖਾਂ ਦੀ ਸੋਚ ਦੀਆਂ ਧੱਜੀਆਂ ਉਡਾ ਦਿੱਤੀਆਂ। ਹੁਣ ਡਾਰਵਿਨ ਦੇ ਸਿਧਾਂਤ ਨੂੰ ਵੱਡੀ ਪੱਧਰ ’ਤੇ ਮਾਨਤਾ ਪ੍ਰਾਪਤ ਹੈ। ਡਾਰਵਿਨ ਨੇ ਆਪਣਾ ਸਾਰਾ ਜੀਵਨ, ਜੀਵ-ਵਿਗਿਆਨ ਦੀਆਂ ਗੁੰਝਲਦਾਰ ਸਮੱਸਿਆਵਾਂ ਦੇ ਅਧਿਐਨ ਲਈ ਸਮਰਪਿਤ ਕਰ ਦਿੱਤਾ। ਇਸ ਮਹਾਨ ਕੁਦਰਤੀ ਸ਼ਾਸਤਰੀ ਦੀ 1882 ਵਿਚ ਮੌਤ ਹੋ ਗਈ।

ਬਾਂਦਰ, ਲੰਗੂਰ, ਗੋਰੀਲਾ, ਚਿੰਪੈਂਜ਼ੀ ਅਤੇ ਉਰਾਂਗੁਟਾਨ ਕੁਝ ਅਜਿਹੇ ਜਾਨਵਰ ਹਨ ਜੋ ਕਈ ਮਾਮਲਿਆਂ ਵਿਚ ਮਨੁੱਖ ਨਾਲ ਰਲਦੇ ਮਿਲਦੇ ਹਨ। ਗੋਰੀਲਾ, ਚਿੰਪੈਂਜ਼ੀ ਅਤੇ ਓਰਾਂਗੁਟਾਨ ‘ਐਂਥ੍ਰੋਪਾਇਡ’ ਸ਼੍ਰੇਣੀ ਨਾਲ ਸਬੰਧ ਰੱਖਦੇ ਹਨ ਜੋ ਅਫ਼ਰੀਕਾ ਤੇ ਏਸ਼ੀਆ ਦੇ ਸੰਘਣੇ ਜੰਗਲਾਂ ਵਿਚ ਪਾਏ ਜਾਂਦੇ ਹਨ। ਇਨ੍ਹਾਂ ਜਾਨਵਰਾਂ ਵਿਚੋਂ ਚਿੰਪੈਂਜ਼ੀ ਮਨੁੱਖ ਨਾਲ ਸਭ ਤੋਂ ਵੱਧ ਰਲਦਾ ਮਿਲਦਾ ਹੈ। ਇਨ੍ਹਾਂ ਸਾਰੇ ਜਾਨਵਰਾਂ ਦੀ ਸਰੀਰਕ ਬਣਤਰ ਮਨੁੱਖਾਂ (ਸਾਡੇ) ਵਰਗੀ ਹੀ ਹੁੰਦੀ ਹੈ। ਇੱਥੋਂ ਤੱਕ ਕਿ ਉਨ੍ਹਾਂ ਦਾ ਖ਼ੂਨ ਵੀ ਸਾਡੇ ਵਰਗਾ ਹੀ ਹੁੰਦਾ ਹੈ, ਭਾਵੇਂ ਉਹ ਸਾਡੇ ਵਾਂਗ ਬੋਲ ਨਹੀਂ ਸਕਦੇ। ਉਹ ਫੁੱਲ, ਫਲ, ਪੱਤੇ, ਟਾਹਣੀਆਂ, ਕੀੜੇ-ਮਕੌੜੇ ਅਤੇ ਪੰਛੀਆਂ ਦੇ ਆਂਡੇ ਖਾਂਦੇ ਹਨ। ਗੋਰੀਲਾ ਆਮ ਤੌਰ ’ਤੇ ਮਨੁੱਖਾਂ ਦੀ ਤਰ੍ਹਾਂ ਹੀ ਲੰਮਾ ਹੁੰਦਾ ਹੈ ਪਰ ਉਨ੍ਹਾਂ ਤੋਂ ਭਾਰਾ ਅਤੇ ਤਾਕਤਵਰ ਹੁੰਦਾ ਹੈ। ਉਹ ਆਮ ਤੌਰ ਤੇ ਸ਼ਾਂਤੀ ਵਾਲੇ ਮਾਹੌਲ ਨੂੰ ਪਸੰਦ ਕਰਨ ਵਾਲੇ ਜਾਨਵਰ ਹਨ ਪਰ ਇਕ ਵਾਰ ਛੇੜਨ ’ਤੇ ਜਾਂ ਜ਼ਖ਼ਮੀ ਕਰ ਦੇਣ ’ਤੇ ਉਹ ਆਪਣੀ ਛਾਤੀ ਪਿੱਟਣੀ ਸ਼ੁਰੂ ਕਰ ਦਿੰਦੇ ਹਨ। ਉਹ ਆਪਣੇ ਮੂੰਹ ਨਾਲ ਢੋਲਕ ਵਰਗੀ ਅਵਾਜ਼ ਕੱਢ ਸਕਦੇ ਹਨ। ਉਨ੍ਹਾਂ ਦੀ ਚਮੜੀ ਕਾਲ਼ੀ ਹੁੰਦੀ ਹੈ। ਚਿੰਪੈਂਜ਼ੀ ਇਨ੍ਹਾਂ ਸਾਰੇ ਜਾਨਵਰਾਂ ਵਿਚੋਂ ਚਾਲਾਕ ਹੁੰਦਾ ਹੈ, ਇਹ ਮਨੁੱਖ ਦੀਆਂ ਕਈ ਆਦਤਾਂ ਦੀ ਨਕਲ ਕਰ ਸਕਦਾ ਹੈ। ਇਸ ਦਾ ਸਰੀਰ ਕਾਲੇ ਵਾਲਾਂ ਨਾਲ ਢਕਿਆ ਹੁੰਦਾ ਹੈ। ਇਸ ਨੂੰ ਆਸਾਨੀ ਨਾਲ ਫੜਿਆ ਜਾ ਸਕਦਾ ਹੈ। ਗੋਰੀਲਾ ਅਤੇ ਚਿੰਪੈਂਜੀ ਦੇ ਉਲਟ ਓਰਾਂਗੁਟਾਨ ਤਕਰੀਬਨ ਦਰੱਖਤਾਂ ’ਤੇ ਰਹਿਣ ਵਾਲਾ ਜੀਵ ਹੈ, ਇਸ ਦੇ ਬੁੱਲ੍ਹ ਬਾਹਰ ਵੱਲ ਨਿਕਲੇ ਹੁੰਦੇ ਹਨ ਅਤੇ ਕੰਨ ਛੋਟੇ ਹੁੰਦੇ ਹਨ। ਇਸ ਦਾ ਮੱਥਾ ਗੋਰੀਲਾ ਅਤੇ ਚਿੰਪੈਂਜੀ ਤੋਂ ਵੱਧ ਉੱਚਾ ਹੁੰਦਾ ਹੈ। ਬਾਂਦਰ ਅਤੇ ਲੰਗੂਰ ਇਨ੍ਹਾਂ ਜਾਨਵਰਾਂ ਤੋਂ ਫੁਰਤੀਲੇ ਹੁੰਦੇ ਹਨ, ਇਹ ਜ਼ਿਆਦਾਤਰ ਜੰਗਲੀ ਤੇ ਪਹਾੜੀ ਇਲਾਕਿਆਂ ਵਿਚ ਰਹਿੰਦੇ ਹਨ। ਮਨੁੱਖਾਂ ਵਾਂਗ ਇਹ ਆਪਣਾ ਘਰ ਤੇ ਭੋਜਨ ਆਪ ਤਿਆਰ ਨਹੀਂ ਕਰ ਸਕਦੇ ਅਤੇ ਦਰੱਖਤਾਂ ਉੱਪਰ ਰਹਿ ਕੇ ਆਪਣਾ



ਸਾਰਾ ਜੀਵਨ ਗੁਜ਼ਾਰ ਦਿੰਦੇ ਹਨ। ਇਹ ਜੰਗਲਾਂ ਵਿਚ ਫੁੱਲ, ਫਲ, ਪੰਛੀ ਅਤੇ ਪੌਦਿਆਂ ਦੀਆਂ ਟਹਿਣੀਆਂ ਅਤੇ ਜੜ੍ਹਾਂ ਖਾ ਕੇ ਗੁਜ਼ਾਰਾ ਕਰਦੇ ਹਨ। ਇਹ ਜਲਦੀ ਹੀ ਮਨੁੱਖ ਦੁਆਰਾ ਸਿਖਾਏ ਜਾਣ ਤੇ ਉਸ ਦੇ ਵਫ਼ਾਦਾਰ ਸਾਥੀ ਬਣ ਜਾਂਦੇ ਹਨ ਪਰ ਇਹ ਬੋਲ ਨਹੀਂ ਸਕਦੇ, ਬਾਕੀ ਜਾਨਵਰਾਂ ਦੀ ਤਰ੍ਹਾਂ ਹੀ ਚੀਕਾਂ ਤੇ ਕੂਕਾਂ ਮਾਰਦੇ ਹਨ ਇਨ੍ਹਾਂ ਦੀ ਪੂਛ ਹੁੰਦੀ ਹੈ ਜੋ ਇਨ੍ਹਾਂ ਨੂੰ ਦਰੱਖਤਾਂ ਉੱਪਰ ਚੜ੍ਹਨ ਲਈ ਸਹਾਈ ਹੁੰਦੀ ਹੈ। ਮਨੁੱਖ ਇਨ੍ਹਾਂ ਜਾਨਵਰਾਂ ਨੂੰ ਚਲਾਕੀ ਭਰੀ ਸਕੀਮ ਨਾਲ ਹੀ ਫੜ ਸਕਦਾ ਹੈ। ਇਹ ਸਾਰੇ ਜਾਨਵਰ ਉਸ ਸ਼੍ਰੇਣੀ ਨਾਲ ਸਬੰਧਿਤ ਹਨ ਜਿਸ ਨਾਲ ਕੇ ਅਸੀਂ। ਲੱਖਾਂ ਸਾਲ ਪਹਿਲਾਂ ਤੇ ਲੱਖਾਂ ਸਾਲਾਂ ਤੱਕ ਮਨੁੱਖ (ਅਸੀਂ) ਵੀ ਇਨ੍ਹਾਂ ਜਾਨਵਰਾਂ ਦੀ ਤਰ੍ਹਾਂ ਹੀ ਜੰਗਲਾਂ ਵਿਚ ਰਹਿੰਦੇ ਸੀ ਪਰ ਅੱਜ ਨਹੀਂ। ਅੱਜ ਦਾ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ।

ਡਾਰਵਿਨ ਦਾ ਸਿਧਾਂਤ 'ਮਨੁੱਖੀ ਵਿਕਾਸ' ਬਾਰੇ ਪੂਰੀ ਤਰ੍ਹਾਂ ਸਿੱਧ ਕਰਦਾ ਹੈ ਕਿ ਮਨੁੱਖ ਪਹਿਲਾਂ ਬਾਂਦਰਾਂ ਦੀ ਤਰ੍ਹਾਂ ਹੀ ਜੰਗਲਾਂ ਵਿਚ ਰਹਿੰਦਾ ਸੀ। ਬਾਂਦਰਾਂ ਦੀ ਤਰ੍ਹਾਂ ਹੀ ਬੋਲਦਾ, ਤੁਰਦਾ ਤੇ ਰਹਿੰਦਾ ਸੀ। ਸਿਧਾਂਤ ਦੱਸਦਾ ਹੈ ਕਿ ਮਨੁੱਖ ਦੇ ਜੀਵਨ ਸਫਰ ਤੇ ਸਰੀਰਕ ਬਣਤਰ ਵਿਚ ਸ਼ੁਰੂ ਤੋਂ ਹੁਣ ਤੱਕ ਕਾਫ਼ੀ ਤਬਦੀਲੀ ਆਈ ਹੈ। ਜੰਗਲਾਂ ਵਿਚ ਰਹਿੰਦੇ ਹੋਏ, ਹੌਲੀ-ਹੌਲੀ ਇਹ ਆਪਣੇ ਜੀਵਨ ਸਫ਼ਰ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲੱਗਾ। ਬਾਂਦਰਾਂ ਵਾਂਗ ਚਾਰ ਲੱਤਾਂ ਤੇ ਤੁਰਨਾਂ ਛੱਡ ਕੇ ਪਿਛਲੀਆਂ ਦੋ ਲੱਤਾਂ ਤੇ ਸਿੱਧਾ ਖੜ੍ਹਾ ਹੋਣ ਲੱਗਾ ਅਤੇ ਅਗਲੀਆਂ ਦੋ ਲੱਤਾਂ ਨਾਲ ਜ਼ਰੂਰਤ-ਮੰਦ ਚੀਜ਼ਾਂ ਨੂੰ ਚੁੱਕ ਕੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਣ ਲੱਗਾ। ਇਸੇ ਜ਼ਰੂਰਤ ਕਾਰਨ ਇਸ ਦੀ ਸਰੀਰਕ ਬਣਤਰ ਵਿਚ ਬਾਂਦਰਾਂ ਵਾਂਗ ਝੁਕ ਕੇ ਚੱਲਣ ਦੀ ਆਦਤ ਵਿਚ, ਸਿੱਧੇ ਖੜ੍ਹੇ ਹੋ ਕੇ ਚੱਲਣ ਵਾਲੀ ਆਦਤ ਵਿਚ ਤਬਦੀਲ ਹੋਣ ਲੱਗੀ। ਲੱਖਾਂ ਸਾਲਾਂ ਦੇ ਇਸ ਸੰਘਰਸ਼ ਨੇ ਇਸਨੂੰ ਚਾਰ ਲੱਤਾਂ ਤੇ ਤੁਰਨਾ ਛੱਡ ਕੇ ਦੋ ਲੱਤਾਂ ਤੇ ਸਿੱਧਾ ਖੜ੍ਹਾ ਹੋ ਕੇ ਤੁਰਨਾ ਸਿਖਾ ਦਿੱਤਾ ਅਤੇ ਅਗਲੀਆਂ ਦੋ ਲੱਤਾਂ (ਹੱਥਾਂ) ਨਾਲ ਜ਼ਰੂਰਤ-ਮੰਦ ਕੰਮ ਧੰਦੇ ਕਰਨ ਲੱਗਾ। ਜਿਸ ਕਾਰਨ ਇਸਦਾ ਸਰੀਰਕ ਵਿਕਾਸ ਹੋਇਆ। ਪਹਿਲਾਂ ਮਨੁੱਖ ਦੇ ਬਾਂਦਰਾਂ ਵਾਂਗ ਹੀ ਪੂਛ ਹੁੰਦੀ ਸੀ। ਇਸ ਨੂੰ ਇਹ ਬਾਕੀ ਜਾਨਵਰਾਂ ਵਾਂਗ ਹੀ ਮੱਖੀਆਂ ਤੇ ਮੱਛਰਾਂ ਨੂੰ ਆਪਣੇ ਸਰੀਰ ਉਪਰੋਂ ਉਡਾਉਣ ਲਈ ਇਸਤੇਮਾਲ ਕਰਦਾ ਸੀ। ਜਦੋਂ ਇਸ ਨੇ ਪੂਛ ਵਾਲਾ ਕੰਮ, ਅਗਲੀਆਂ ਦੋ ਲੱਤਾਂ (ਹੱਥਾਂ) ਤੋਂ ਲੈਣਾ ਸ਼ੁਰੂ ਕਰ ਦਿੱਤਾ ਤਾਂ ਪੂਛ ਦਾ ਕੰਮ ਬੇਲੋੜਾ ਹੋ ਗਿਆ ਅਤੇ ਪੂਛ ਵੀ ਬੇਜਾਨ ਹੋ ਕੇ ਲਟਕਦੀ ਰਹਿੰਦੀ ਸੀ। ਕੁਦਰਤ ਦਾ ਇਕ ਨਿਯਮ ਹੈ ਜੋ ਅੰਗ ਵਰਤੋਂ ਲਈ ਇਸਤੇਮਾਲ ਨਹੀਂ ਹੁੰਦਾ, ਉਹ ਹੌਲ਼ੀ-ਹੌਲ਼ੀ ਆਪਣੇ-ਆਪ ਹੀ ਅਲੋਪ (ਖ਼ਤਮ) ਹੋ ਜਾਂਦੀ ਹੈ। ਇਸ ਲਈ ਮਨੁੱਖ ਦੀ ਪੂਛ ਵੀ ਨਾ ਵਰਤਣ ਕਾਰਨ ਅਲੋਪ ਹੋ ਗਈ। ਅੱਜ ਵੀ ਕਈ ਵਾਰ ਪੂਛ ਵਾਲੇ ਬੱਚੇ ਪੈਦਾ ਹੋ ਜਾਂਦੇ ਹਨ ਇਹ ਇਸ ਕਰਕੇ ਹੁੰਦਾ ਹੈ ਕਿ ਲੱਖਾਂ ਸਾਲ ਪੁਰਾਣੇ ਪੂਛ ਵਾਲੇ ਜੀਨਜ, ਮਨੁੱਖੀ ਸਰੀਰ ਵਿਚ ਸੁੱਤੇ ਪਏ ਹੁੰਦੇ ਹਨ ਕਦੇ-ਕਦੇ ਇਹ ਜਾਗਰਿਤ ਹੋ ਕੇ ਉੱਭਰ ਆਉਂਦੇ ਹਨ। ਮਨੁੱਖ ਜਦੋਂ ਜੰਗਲ ਵਿਚ ਰਹਿੰਦਾ ਸੀ ਤਾਂ ਬਾਂਦਰਾਂ ਵਾਂਗ ਹੀ ਇਸਦੇ ਸਰੀਰ ਉੱਪਰ ਬਹੁਤ ਸਾਰੇ ਸੰਘਣੇ ਵਾਲ਼ ਹੁੰਦੇ ਸਨ ਇਹ ਵਾਲ਼ ਉਸਦੇ ਸਰੀਰ ਉੱਪਰ ਕੋਈ ਸੱਟ ਲੱਗਣ ਤੋਂ ਰੱਖਿਆ ਕਰਦੇ ਸਨ। ਠੰਡ ਤੋਂ ਬਚਣ ਲਈ ਵੀ ਇਹ ਵਾਲ਼ ਕਾਫ਼ੀ ਲਾਭਦਾਇਕ ਸਨ ਪਰ ਜਦੋਂ ਤੋਂ ਮਨੁੱਖ ਨੇ ਹਾਰੇ ਹੋਏ ਜਾਨਵਰਾਂ ਦੀਆਂ ਖੱਲਾਂ ਨੂੰ ਸਰੀਰ ਢਕਣ ਲਈ ਇਸਤੇਮਾਲ ਕਰਨਾ ਸ਼ੁਰੂ ਕੀਤਾ ਤਾਂ ਇਹ ਵਾਲ਼ ਵੀ ਹੌਲ਼ੀ-ਹੌਲ਼ੀ ਸਰੀਰ ਉਪਰੋਂ ਘੱਟ ਹੋ ਗਏ।

ਸਰੀਰਕ ਬਣਤਰ ਸਹੀ ਹੋਣ ਕਾਰਨ ਮਨੁੱਖ ਦਾ ਦਿਮਾਗ਼ ਬਾਕੀ



ਜਾਨਵਰਾਂ ਤੇ ਪੰਛੀਆਂ ਦੇ ਮੁਕਾਬਲੇ ਜ਼ਿਆਦਾ ਵਿਕਾਸ ਕਰ ਗਿਆ। ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਅਤੇ ਜੀਵਨ ਸੰਘਰਸ਼ ਨੇ ਮਨੁੱਖ ਨੂੰ ਬਾਕੀ ਜਾਨਵਰਾਂ ਤੇ ਪੰਛੀਆਂ ਨੂੰ ਗੁਲਾਮ ਬਣਾਉਣਾ ਤੇ ਮਾਰ ਕੇ ਖਾਣਾ ਸਿਖਾ ਦਿੱਤਾ। ਜਿਸ ਕਾਰਨ ਮਨੁੱਖ ਹੀ ਧਰਤੀ ਉੱਪਰ ਸਾਰੇ ਜਾਨਵਰਾਂ ਤੇ ਪੰਛੀਆਂ ਨਾਲੋਂ ਮਾਨਸਿਕ ਤੇ ਸਰੀਰਕ ਪੱਖੋਂ ਉੱਤਮ ਪ੍ਰਾਣੀ ਬਣ ਗਿਆ। ਜਾਨਵਰਾਂ ਨੂੰ ਮਾਰ ਕੇ ਖਾਣ ਲਈ ਉਹ ਪੱਥਰਾਂ ਨੂੰ ਘੜ ਕੇ ਹਥਿਆਰ ਬਣਾਉਂਦਾ ਸੀ। ਦਰੱਖ਼ਤਾਂ ਦੇ ਲੰਮੇ ਤੇ ਮੋਟੇ ਟਾਹਣਿਆਂ ਨੂੰ ਪੱਥਰਾਂ ਨਾਲ ਰਗੜ ਕੇ ਨੋਕਦਾਰ ਬਣਾ ਲੈਂਦਾ ਜੋ ਜਾਨਵਰਾਂ ਨੂੰ ਮਾਰਨ ਲਈ ਵਰਤਦਾ ਸੀ। ਮਰੇ ਹੋਏ ਜਾਨਵਰਾਂ ਦੀਆਂ ਹੱਡੀਆਂ ਵੀ ਉਸ ਦੇ ਹਥਿਆਰ ਸਨ। ਮਨੁੱਖ ਆਪਣੇ ਨਾਲੋਂ ਤਾਕਤਵਰ ਜਾਨਵਰ ਨੂੰ ਮਾਰਨ ਲਈ ਝੁੰਡਾਂ ਵਿਚ ਰਹਿੰਦਾ ਸੀ। ਬਹੁਤ ਸਾਰੇ ਮਨੁੱਖ, ਜਾਨਵਰ ਨੂੰ ਚਾਰੇ ਪਾਸਿਆਂ ਤੋਂ ਘੇਰ ਕੇ ਨੋਕਦਾਰ ਹਥਿਆਰਾਂ ਨਾਲ ਮਾਰ ਕੇ ਖਾ ਜਾਂਦੇ ਸਨ, ਕਦੇ-ਕਦੇ ਇਹ ਜਾਨਵਰਾਂ ਨੂੰ ਘੇਰ ਕੇ ਉੱਚੇ ਪਹਾੜ ਉੱਪਰ ਲੈ ਜਾਂਦੇ ਤੇ ਪਹਾੜ ਉੱਪਰੋਂ ਹੇਠਾਂ ਸੁੱਟ ਕੇ ਮਾਰ ਕੇ ਖਾ ਜਾਂਦੇ ਸਨ। ਜਦੋਂ ਕਦੇ ਜੰਗਲਾਂ ਨੂੰ ਕਿਸੇ ਕਾਰਨ ਅੱਗ ਲੱਗ ਜਾਂਦੀ ਤਾਂ ਬਹੁਤ ਸਾਰੇ ਜਾਨਵਰ ਮਰ ਜਾਂਦੇ, ਜਦੋਂ ਮਨੁੱਖ ਨੇ ਉਨ੍ਹਾਂ ਮਰੇ ਹੋਏ ਜਾਨਵਰ ਦਾ ਭੁੰਨਿਆ ਹੋਇਆ ਮਾਸ ਖਾਧਾ ਤਾਂ ਉਸ ਨੂੰ ਇਹ ਬਹੁਤ ਨਰਮ ਤੇ ਸੁਆਦ ਲੱਗਿਆ। ਇਸ ਲਈ ਉਹ ਭੁੱਜੇ ਹੋਏ ਮਾਸ ਦੀ ਤਲਾਸ਼ ਵਿਚ ਇੱਧਰ-ਉੱਧਰ ਭੱਜਦਾ। ਇੱਕ ਦਿਨ ਜਦੋਂ ਉਹ ਪੱਥਰਾਂ ਨੂੰ ਰਗੜ ਕੇ ਹਥਿਆਰ ਬਣਾ ਰਿਹਾ ਸੀ ਤਾਂ ਅਚਾਨਕ ਰਗੜ ਕਾਰਨ ਅੱਗ ਦੀ ਚੰਗਿਆੜੀ ਨਿੱਕਲੀ, ਜਦੋਂ ਉਹ ਲਾਗੇ ਪਏ ਸੁੱਕੇ ਘਾਹ-ਫੂਸ ਤੇ ਡਿੱਗੀ ਤਾਂ ਅੱਗ ਮੱਚ ਗਈ, ਇਹ ਦੇਖ ਕੇ ਉਹ ਬਹੁਤ ਹੈਰਾਨ ਹੋਇਆ। ਇਸ ਨਾਲ ਉਸਨੇ ਅੱਗ ਦੀ ਕਾਢ ਕੱਢ ਲਈ। ਇਸ ਲਈ ਉਸਨੇ ਜਾਨਵਰਾਂ ਦਾ ਕੱਚਾ ਮਾਸ ਖਾਣਾ ਛੱਡ ਕੇ, ਅੱਗ ਉੱਪਰ ਭੁੰਨ ਕੇ ਖਾਣਾ ਸ਼ੁਰੂ ਕਰ ਦਿੱਤਾ। ਜਦੋਂ ਉਸ ਨੂੰ ਇਹ ਪਤਾ ਲੱਗਿਆ ਕਿ ਅੱਗ ਦੀ ਰੌਸ਼ਨੀ ਨਾਲ ਹਨੇਰਾ ਦੂਰ ਹੁੰਦਾ ਹੈ ਤਾਂ ਉਸਨੇ ਅੱਗ ਦੀ ਰੌਸ਼ਨੀ ਨਾਲ ਰਾਤ ਨੂੰ ਵੀ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਅੱਗ ਦੀ ਇਸ ਅਚਾਨਕ ਕਾਢ ਨੇ ਮਨੁੱਖ ਦੇ ਜੀਵਨ ਵਿਚ ਬਹੁਤ ਲਾਭਦਾਇਕ ਤਬਦੀਲੀ ਲਿਆਂਦੀ। ਸਰਦੀਆਂ ਵਿਚ ਠੰਢ ਤੋਂ ਬਚਣ ਲਈ ਇਹ ਅੱਗ ਬਾਲ਼ ਕੇ ਸੇਕਦਾ ਹੁੰਦਾ ਸੀ।

ਇਕ ਦਿਨ ਜਦੋਂ ਇਸ ਨੇ ਅਚਾਨਕ ਹੀ ਇਕ ਵੱਡੇ ਪੱਥਰ ਨੂੰ ਪਹਾੜ ਉਪਰੋਂ ਹੇਠਾਂ ਨੂੰ ਰੁੜ੍ਹਦੇ ਦੇਖਿਆ ਤਾਂ ਉਹ ਹੈਰਾਨ ਹੋ ਗਿਆ। ਜਿਸ ਕਾਰਨ ਉਸਨੇ ਪਹੀਏ ਦੀ ਕਾਢ ਕੱਢ ਲਈ, ਉਹ ਪੱਥਰਾਂ ਨੂੰ ਗੋਲਾਈ ਵਿਚ ਰਗੜ ਕੇ ਪਹੀਏ ਤਿਆਰ ਕਰ ਲੈਂਦਾ ਫਿਰ ਉਹ ਲੱਕੜੀਆਂ ਦਾ ਇਕ ਢਾਂਚਾ ਜਿਹਾ ਬਣਾ ਕੇ ਇਨ੍ਹਾਂ ਪਹੀਆਂ ਉੱਪਰ ਇਸ ਤਰ੍ਹਾਂ ਰੱਖਦਾ ਤਾਂ ਜੋ ਇਸ ਨੂੰ ਰੋੜ ਕੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਆਸਾਨੀ ਨਾਲ ਲਿਜਾ ਸਕੇ। ਹੁਣ ਉਹ ਭਾਰੇ ਸਮਾਨ ਨੂੰ ਵੀ ਆਸਾਨੀ

ਨਾਲ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਣ ਲੱਗਾ, ਇਸ ਨੂੰ ਖਿੱਚਣ ਲਈ ਉਹ ਤਾਕਤਵਰ ਜਾਨਵਰਾਂ ਨੂੰ ਗੁਲਾਮ ਬਣਾ ਕੇ ਇਸਤੇਮਾਲ ਕਰਦਾ। ਪਹਿਲਾਂ ਮਨੁੱਖ ਬਾਂਦਰਾਂ ਦੀ ਤਰ੍ਹਾਂ ਹੀ ਨੰਗਾ ਰਹਿੰਦਾ ਸੀ। ਹੌਲੀ-ਹੌਲੀ ਇਹ ਠੰਡ ਤੋਂ ਬਚਣ ਲਈ ਮਰੇ ਹੋਏ ਜਾਨਵਰਾਂ ਦੀਆਂ ਖੱਲ੍ਹਾਂ ਨੂੰ ਨੰਗ ਢਕਣ ਲਈ ਇਸਤੇਮਾਲ ਕਰਨ ਲੱਗਾ। ਪਹਿਲਾਂ ਮਨੁੱਖ ਜੰਗਲ ਵਿਚ ਜਾਂ ਪਹਾੜਾਂ ਦੀਆਂ ਬਣੀਆਂ ਹੋਈਆਂ ਗੁਫਾਵਾਂ ਵਿਚ ਰਹਿੰਦਾ ਸੀ। ਹੌਲ਼ੀ-ਹੌਲ਼ੀ ਇਹ ਆਪਣੇ ਰਹਿਣ ਲਈ ਲੱਕੜੀ ਤੇ ਕੱਖਾਂ-ਕਾਨਿਆਂ ਦੀਆਂ ਝੌਂਪੜੀਆਂ ਬਣਾਉਣ ਲੱਗਾ। ਜ਼ਿਆਦਾਤਰ ਇਹ ਝੌਂਪੜੀਆਂ ਪਾਣੀ ਵਾਲੀ ਜਗ੍ਹਾ ਦੇ ਲਾਗੇ-ਸਾਗੇ ਹੀ ਬਣਾਉਂਦਾ ਸੀ ਤਾਂ ਜੋ ਆਸਾਨੀ ਨਾਲ ਪਾਣੀ ਦੀ ਜ਼ਰੂਰਤ ਪੂਰੀ ਹੋ ਸਕੇ ਅਤੇ ਗਰਮੀ ਵਿਚ ਉਥੇ ਨਹਾ ਸਕੇ। ਮੀਂਹ ਪੈਣ ਨਾਲ ਇਹ ਝੌਂਪੜੀਆਂ ਚੋਣ ਲੱਗ ਜਾਂਦੀਆਂ ਤੇ ਜਲਦੀ ਹੀ ਗਲ਼-ਸੜ ਕੇ ਜਾਂ ਤੇਜ਼ ਹਨੇਰੀ ਨਾਲ ਢਹਿ-ਢੇਰੀ ਹੋ ਜਾਂਦੀਆਂ, ਇਸ ਲਈ ਮਨੁੱਖ, ਇਸਨੂੰ ਹੋਰ ਮਜ਼ਬੂਤ ਕਰਨ ਲਈ ਮਿੱਟੀ ਦੇ ਕੱਚੇ ਕੋਠੇ ਬਣਾ ਕੇ ਰਹਿਣ ਲੱਗਾ। ਇਹ ਕੋਠੇ, ਝੌਂਪੜੀਆਂ ਨਾਲੋਂ ਕੁਝ ਮਜ਼ਬੂਤ ਸਨ। ਜੰਗਲਾਂ ਵਿਚ ਰਹਿੰਦੇ ਸਮੇਂ ਮਨੁੱਖ ਬਾਂਦਰਾਂ ਵਾਂਗ ਹੀ ਚੀਕਾਂ ਤੇ ਕੂਕਾਂ ਮਾਰਦਾ ਸੀ। ਹੌਲ਼ੀ-ਹੌਲ਼ੀ ਇਸਨੇ ਦੂਜੇ ਮਨੁੱਖਾਂ ਨੂੰ ਦੱਸਣ ਲਈ ਬੋਲਣਾ ਸਿੱਖ ਲਿਆ।

ਜਦੋਂ ਮਨੁੱਖ ਨੇ ਪਾਣੀ ਵਾਲੀ ਸਲਾਭੀ ਜਗ੍ਹਾ ਤੇ ਇਕ ਬੀਜ ਨੂੰ ਪੁੰਗਰ ਕੇ ਵਧਦੇ ਹੋਏ ਦੇਖਿਆ, ਜਿਸ ਨਾਲ ਬਹੁਤ ਸਾਰੇ ਫ਼ਸਲ ਦੇ ਬੀਜ ਪੈਦਾ ਹੋ ਗਏ ਸਨ, ਜਦੋਂ ਇਸ ਨੇ ਉਨ੍ਹਾਂ ਨੂੰ ਖਾਧਾ ਤਾਂ ਭੁੱਖ ਮਿਟ ਗਈ। ਇਸ ਲਈ ਉਸਨੇ ਭੋਜਨ ਪੈਦਾ ਕਰਨ ਲਈ ਪੁੰਗਰੇ ਹੋਏ ਦਾਣਿਆਂ ਤੋਂ ਪੈਦਾ ਹੋਏ ਦਾਣਿਆਂ ਨੂੰ ਹੀ ਬੀਜਣਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਉਸਨੇ ਫ਼ਸਲ ਆਪ ਬੀਜਣੀ ਸ਼ੁਰੂ ਕਰ ਦਿੱਤੀ। ਉਸ ਨੇ ਲੰਮੇ ਸਮੇਂ ਤੱਕ ਭੋਜਨ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਇਨ੍ਹਾਂ ਦਾਣਿਆਂ ਨੂੰ ਸੰਭਾਲ ਕੇ ਰੱਖਣਾ ਸ਼ੁਰੂ ਕਰ ਦਿੱਤਾ। ਇਸ ਲਈ ਮਨੁੱਖ ਨੇ ਹੁਣ ਜਾਨਵਰਾਂ ਨੂੰ ਮਾਰ ਕੇ ਖਾਣਾ ਛੱਡ ਕੇ ਆਪ ਭੋਜਨ ਤਿਆਰ ਕਰਨਾ ਸਿੱਖ ਲਿਆ ਅਤੇ ਕੱਚੇ ਕੋਠੇ ਬਣਾਉਣੇ ਛੱਡ ਕੇ ਪੱਕੇ ਮਕਾਨ ਬਣਾ ਕੇ ਰਹਿਣ ਲੱਗ ਪਿਆ। ਅੱਜ ਦਾ ਮਨੁੱਖ ਇਸੇ ਸੰਘਰਸ਼ ਦਾ ਹੀ ਨਤੀਜਾ ਹੈ। ਅੱਜ ਦਾ ਮਨੁੱਖ ਵਿਗਿਆਨਕ ਨਿਯਮਾਂ ਦਾ ਸਹਾਰਾ ਲੈ ਕੇ ਕਾਫ਼ੀ ਪੜ੍ਹਿਆ-ਲਿਖਿਆ, ਸਮਝਦਾਰ ਤੇ ਤਰੱਕੀ ਕਰ ਗਿਆ ਹੈ ਅਤੇ ਵਧੀਆ ਤਰੀਕੇ ਨਾਲ ਰਹਿੰਦਾ ਹੈ। ਜਿੱਥੇ ਮਨੁੱਖ ਨੇ ਕਾਫ਼ੀ ਚੰਗੇ ਕੰਮ ਕੀਤੇ ਹਨ, ਉਥੇ ਇਹ ਗ਼ਲਤ ਰੀਤੀ-ਰਿਵਾਜ਼, ਰਸਮਾਂ ਅਤੇ ਜਾਤਾਂ-ਪਾਤਾਂ ਆਦਿ ਦਾ ਨਿਰਮਾਣ ਕਰ ਬੈਠਾ ਹੈ, ਅੱਜ ਦਾ ਮਨੁੱਖ ਜ਼ਿਆਦਾ ਲਾਈਲੱਗ ਹੈ, ਜਿਸ ਕਾਰਨ ਇਹ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ। ਜਿਨ੍ਹਾਂ ਨੂੰ ਇਹ ਬਿਨਾਂ ਦੇਖਣ, ਸੋਚਣ-ਸਮਝਣ ਤੇ ਪਰਖਣ ਤੋਂ ਹੀ ਮੰਨ ਲੈਂਦਾ ਹੈ ਅਤੇ ਆਪਣੇ ਵਿਸ਼ਵਾਸ ਨੂੰ ਪੱਕਾ ਬਣਾ ਲੈਂਦਾ ਹੈ। ਜਿਵੇਂ ਭੂਤ-ਚੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਧਾਗੇ-ਤਵੀਤਾਂ, ਨਾਮਦਾਨਾਂ, ਕਾਗਜ਼ ਉੱਪਰ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਤੇ ਪੱਥਰਾਂ ਦੀਆਂ ਮੂਰਤੀਆਂ ਅਤੇ ਮੰਦਰਾਂ-ਗੁਰਦੁਆਰਿਆਂ ਨੂੰ ਆਪ ਹੀ ਬਣਾਉਂਦਾ ਹੈ ਤੇ ਆਪ ਹੀ ਇਨ੍ਹਾਂ ਦੀ ਕਰੋਪੀ ਤੋਂ ਡਰਦਾ ਹੈ। ਫਿਰ ਇਨ੍ਹਾਂ ਨੂੰ ਖ਼ੁਸ਼ ਕਰਨ ਲਈ ਧੂਫ-ਬੱਤੀ ਤੇ ਪੂਜਾ-ਪਾਠ ਕਰਕੇ ਰੋਟ-ਪ੍ਰਸ਼ਾਦ ਖਾਂਦਾ, ਧਾਗੇ-ਤਵੀਤ ਪਾਉਂਦਾ, ਨਾਮ ਜਪਦਾ ਤੇ ਮੱਥੇ ਤਿਲਕ ਲਗਾਉਂਦਾ ਹੈ। ਇਕ ਮਨੁੱਖ ਹੀ ਦੂਜੇ ਮਨੁੱਖ ਨੂੰ ਪੂਜਣਾ ਸ਼ੁਰੂ ਕਰ ਦਿੰਦਾ ਹੈ। ਅਜਿਹਾ ਕਰਨ ਨਾਲ ਮਨੁੱਖ ਦੇ ਮਨ ਨੂੰ ਝੂਠੀ ਸ਼ਾਂਤੀ ਮਿਲਦੀ ਹੈ। ਵਿਗਿਆਨ ਤੇ ਤਰਕ ਅਨੁਸਾਰ, ਮਨੁੱਖ ਹੀ ਇਕ ਅਜਿਹਾ ਪ੍ਰਾਣੀ ਹੈ, ਜੋ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਅੰਤ ਵਿਚ ਮਨੁੱਖ ਧਰਤੀ ਵਿਚੋਂ ਖਾ-ਪੀ ਕੇ ਵੱਡਾ ਹੁੰਦਾ ਹੈ ਅਤੇ ਧਰਤੀ ਵਿਚ ਹੀ ਸਮਾ ਜਾਂਦਾ ਹੈ।

ਪਿੰਡ: ਬਿਰਕ, ਤਹਿ: ਫਿਲੌਰ, ਜਲੰਧਰ 98156-81834

ਮਿੰਨੀ ਕਹਾਣੀਆਂ

ਮਾਨਸ ਕੀ ਜਾਤ

ਸੰਗਰਾਂਦ ਦਾ ਦਿਨ ਸੀ। ਗੁਰਦੁਆਰੇ ਦੇ ਅੰਦਰ ਸੰਗਤਾਂ ਲੰਗਰ ਛਕ ਰਹੀਆਂ ਸਨ। ਮੈਲੇ-ਕੁਚੈਲੇ ਕੱਪੜਿਆਂ ਵਾਲੇ ਦੋ ਬੱਚੇ ਲੰਗਰ ਛਕ ਰਹੀਆਂ ਸੰਗਤਾਂ ਦੀ ਭਾਲ ਵਿੱਚ ਆ ਕੇ ਬੈਠ ਗਏ। ਅਚਾਨਕ ਉਥੇ ਗ੍ਰੰਥੀ ਸਿੰਘ ਆ ਗਿਆ। ਉਹ ਦੋਹਾਂ ਬੱਚਿਆਂ ਨੂੰ ਦੇਖ ਕੇ ਅੱਗ-ਬਬੂਲਾ ਹੋ ਉੱਠਿਆ। ਉਸ ਨੇ ਬੱਚਿਆਂ ਨੂੰ ਕੜਕ ਕੇ ਕਿਹਾ, "ਉੱਠੋ, ਦਫ਼ਾ ਹੋ ਜਾਓ ਮੰਗਤਿਓ, ਪਤਾ ਨਹੀਂ ਕਿੱਥੋਂ ਇਸ ਮੰਗ ਖਾਣੀਂ ਜਾਤ ਨੂੰ ਪਤਾ ਲੱਗ ਜਾਂਦਾ ਏ ਕਿ ਅੱਜ ਸੰਗਰਾਂਦ ਏ। ਮੂੰਹ ਚੁੱਕ ਕੇ ਆ ਜਾਂਦੇ ਨੇ। "ਵੱਡੇ ਬੱਚੇ ਨੇ ਤਰਲੇ ਜਿਹੇ ਨਾਲ ਕਿਹਾ, "ਬਾਬਾ ਜੀ, ਸਾਨੂੰ ਭੁੱਖ ਲੱਗੀ ਏ। ਇੱਕ ਪਰਸ਼ਾਦਾ ਦੇ ਦਿਓ" ਗ੍ਰੰਥੀ ਸਿੰਘ ਨੇ ਅੱਖਾਂ ਕੱਢਦੇ ਹੋਏ ਕਿਹਾ, "ਤੁਹਾਨੂੰ ਭੁੱਖ ਨਹੀਂ ਲੱਗੀ, ਤੁਹਾਨੂੰ ਤਾਂ ਵਿਹਲੀਆਂ ਖਾਣ ਦੀ ਆਦਤ ਹੋ ਗਈ ਏ।" ਫਿਰ ਗ੍ਰੰਥੀ ਸਿੰਘ ਨੇ ਉਨ੍ਹਾਂ ਦੋਹਾਂ ਨੂੰ ਠੁੱਡਾ ਮਾਰ ਕੇ ਖੜ੍ਹੇ ਕੀਤਾ ਤੇ ਬਾਹਰ ਦਰਵਾਜ਼ੇ ਵੱਲ ਧੱਕਾ ਦੇ ਦਿੱਤਾ। ਛੋਟਾ ਬੱਚਾ ਗੋਡਿਆਂ ਭਾਰ ਡਿੱਗ ਪਿਆ। ਵੱਡੇ ਬੱਚੇ ਨੇ ਰੋਂਦੇ ਹੋਏ ਛੋਟੇ ਭਰਾ ਨੂੰ ਉਠਾਇਆ। ਬੱਚੇ ਲਲਚਾਈਆਂ ਨਜ਼ਰਾਂ ਨਾਲ ਲੰਗਰ ਛਕ ਰਹੀਆਂ ਸੰਗਤਾਂ ਨੂੰ ਵੇਖਦੇ ਹੋਏ ਗੁਰਦੁਆਰੇ 'ਚੋਂ ਬਾਹਰ ਨਿਕਲ ਗਏ। ਗੁਰਦੁਆਰੇ ਵਿੱਚ ਨਿਰਵਿਘਨ ਸ਼ਬਦ ਕੀਰਤਨ ਚੱਲ ਰਿਹਾ ਸੀ, 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।'

- *ਸਰਬਜੀਤ ਕੌਰ ਜੱਸ*

ਸੱਪਣੀ

ਹਰਮਨਜੀਤ ਭਾਵੇਂ ਅਜੇ ਛੇਵੀਂ ਕਲਾਸ ਵਿੱਚ ਪੜ੍ਹਦੀ ਸੀ ਪਰ ਸੀ ਬੜੀ ਸਿਆਣੀ ਤੇ ਪਿਆਰੀ ਲੜਕੀ। ਉਹ ਆਪਣੇ ਮੰਮੀ, ਡੈਡੀ ਅਤੇ ਦਾਦੀ ਜੀ ਨੂੰ ਅੰਤਾਂ ਦਾ ਮੋਹ ਕਰਦੀ ਸੀ। ਜਦੋਂ ਕਦੇ ਹਰਮਨ ਨੂੰ ਸਕੂਲੋਂ ਆਕੇ ਆਪਣੀ ਮੰਮੀ, ਡੈਡੀ ਜਾਂ ਦਾਦੀ ਜੀ ਨਾ ਦਿਸਦੇ ਤਾਂ ਉਸਨੂੰ ਚੈਨ ਨਹੀਂ ਆਉਂਦਾ ਸੀ। ਉਹ ਰਾਤੀਂ ਸੌਣ ਵੇਲੇ ਆਪਣੀ ਦਾਦੀ ਕੋਲੋਂ ਅਨੇਕਾਂ ਪਰੀਆਂ, ਰਾਜੇ-ਰਾਣੀਆਂ, ਜਾਨਵਰਾਂ-ਪੰਛੀਆਂ ਆਦਿ ਦੀਆਂ ਕਹਾਣੀਆਂ ਸੁਣਦੀ ਰਹਿੰਦੀ ਸੀ।

ਇੱਕ ਰਾਤ ਨੂੰ ਉਸਦੀ ਦਾਦੀ ਨੇ ਹਰਮਨ ਨੂੰ ਜਾਨਵਰਾਂ ਬਾਰੇ ਬਹੁਤ ਕੁੱਝ ਦੱਸਿਆ ਅਤੇ ਇਹ ਵੀ ਦੱਸਿਆ ਕਿ ਸੱਪਣੀ ਜਦੋਂ ਕੁੰਡਲੀ ਮਾਰ ਕੇ ਬੈਠ ਜਾਂਦੀ ਹੈ ਤੇ ਜਿਹੜੇ ਬੱਚੇ ਕੁੰਡਲੀ ਤੋਂ ਬਾਹਰ ਭੱਜ ਜਾਂਦੇ ਹਨ ਉਹ ਬਚ ਜਾਂਦੇ ਹਨ ਤੇ ਬਾਕੀਆਂ ਨੂੰ ਉਹ ਖਾ ਜਾਂਦੀ ਹੈ। ਇਹ ਸੁਣਕੇ ਹਰਮਨ ਬੜੀ ਭਾਵੁਕ ਹੋਈ ਕਿ ਇੱਕ ਮਾਂ ਨਹੀਂ! ਨਹੀਂ! ਅਜਿਹਾ ਨਹੀਂ ਕਰ ਸਕਦੀ ਪਰ ਉਸਦੀ ਦਾਦੀ ਨੇ ਕਿਹਾ ਕਿ ਬੇਟਾ ਇਹ ਬਿਲਕੁਲ ਸੱਚ ਏ। ਹਰਮਨ ਇਹ ਸੁਣਕੇ ਬੜੀ ਹੈਰਾਨ ਪ੍ਰੇਸ਼ਾਨ ਹੋਈ ਤੇ ਰਾਤ ਨੂੰ ਉਹ ਮਸਾਂ ਹੀ ਸੌਂ ਸਕੀ।

ਅਗਲੇ ਦਿਨ ਉਸਦਾ ਡੈਡੀ ਤੇ ਦਾਦੀ, ਉਸਦੀ ਮੰਮੀ ਨੂੰ ਹਸਪਤਾਲ ਲਿਜਾਣ ਲਈ ਲੜ ਰਹੇ ਸਨ। ਹਰਮਨ ਆਪਣੀ ਮੰਮੀ, ਦਾਦੀ ਤੇ ਡੈਡੀ ਕੋਲੋਂ ਪੁੱਛ ਰਹੀ ਸੀ ਕਿ ਮੰਮੀ ਨੂੰ ਚੰਗੀ ਭਲੀ ਨੂੰ ਤੁਸੀਂ ਹਸਪਤਾਲ ਕਿਉਂ ਲਿਜਾ ਰਹੇ ਹੋ, ਅਖੀਰ ਉਸਦੇ ਜ਼ਿੱਦ ਕਰਨ ਤੇ ਉਸਦੀ ਪਿਆਰੀ ਦਾਦੀ ਨੇ ਦੱਸਿਆ ਕਿ ਤੇਰੀ ਮੰਮੀ ਕੋਲ ਕੁੜੀ ਹੋਣ ਵਾਲੀ ਏ। ਜਿਸਦਾ ਜਨਮ ਤੋਂ ਪਹਿਲਾਂ ਹੀ ਫਸਤਾ ਵੱਢਣਾ ਹੈ। ਇਹ ਸੁਣਕੇ ਹਰਮਨ ਪੱਥਰ ਹੋ ਗਈ। ਉਸਨੂੰ ਆਪਣੀ ਦਾਦੀ ਤੇ ਡੈਡੀ ਜ਼ਹਿਰੀਲੇ ਸੱਪ ਤੇ ਸੱਪਣੀ ਵਾਂਗ ਲੱਗ ਰਹੇ ਸਨ। ਹਰਮਨ ਆਪਣਾ ਦਿਮਾਗੀ ਸੰਤੁਲਨ ਗਵਾ ਚੁੱਕੀ ਸੀ ਤੇ ਚੀਕਾਂ ਮਾਰ-ਮਾਰ ਕੇ ਸੱਪਣੀ-ਸੱਪਣੀ-ਸੱਪਣੀ ਪੁਕਾਰ ਰਹੀ ਸੀ।

✪✪

ਯਾਦਾਂ ਦੇ ਝਰੋਖੇ ’ਚੋਂ

ਮੇਘ ਰਾਜ ਮਿੱਤਰ

✪ ਕੰਧ ਝੂਲਦੀ ਹੈ

ਫ਼ਿਰੋਜ਼ਪੁਰ ਜ਼ਿਲ੍ਹੇ ਵਿਚੋਂ ਮੈਨੂੰ ਕਈ ਫ਼ੋਨ ਆਏ ਤੇ ਦੱਸਿਆ ਕਿ ਤਰਨਤਾਰਨ ਦੇ ਕੋਲ ਇਕ ਅਜਿਹਾ ਗੁਰਦੁਆਰਾ ਹੈ ਜਿਸ ਦੀ ਇਕ ਕੰਧ ਝੂਲਦੀ ਹੈ। ਭਾਈ ਜੀ ਪਾਠ ਪੜ੍ਹ ਕੇ ਪਾਣੀ ਦਾ ਸਿੱਟਾ ਦੇ ਦਿੰਦੇ ਹਨ ਤੇ ਕੰਧ ’ਤੇ ਬੈਠੇ ਸ਼ਰਧਾਲੂ ਮਹਿਸੂਸ ਕਰਨ ਲੱਗ ਜਾਂਦੇ ਹਨ ਕਿ ਕੰਧ ਝੂਲਦੀ ਹੈ, ਅਜਿਹਾ ਕਿਉਂ? ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਗਾਂਜਾ ਜਾਂ ਸੁੱਖਾ ਖਾ ਕੇ ਪਹਾੜਾਂ ਤੇ ਚੜ੍ਹ ਜਾਵੋਗੇ ਤਾਂ ਤੁਹਾਨੂੰ ਪਹਾੜ ਘੁੰਮਦੇ ਹੋਏ ਨਜ਼ਰ ਆਉਣਗੇ। ਕੀ ਪਹਾੜ ਸੱਚਮੁੱਚ ਘੁੰਮਦੇ ਹੋਣਗੇ? ਉਹ ਕਹਿਣ ਲੱਗੇ ਕਿ ਨਹੀਂ ਇਹ ਤਾਂ ਨਸ਼ੇ ਕਰਕੇ ਹੋ ਜਾਂਦਾ ਹੈ। ਮੈਂ ਉਨ੍ਹਾਂ ਨੂੰ ਕਿਹਾ ਫਿਰ ਧਰਮ ਕੀ ਹੁੰਦਾ ਹੈ? ਇਹ ਵੀ ਇਕ ਨਸ਼ਾ ਹੀ ਹੈ। ਪਾਣੀ ਦੇ ਸਿੱਟੇ ਅਤੇ ਪਾਠ ਪੜ੍ਹਨ ਦਾ ਅਸਰ ਬੰਦੇ ਦੇ ਮਨ ਉੱਤੇ ਹੋ ਜਾਂਦਾ ਹੈ ਤੇ ਉਸ ਨੂੰ ਕੰਧ ਝੂਲਦੀ ਨਜ਼ਰ ਆਉਂਦੀ ਹੈ। ਉਹ ਕਹਿਣ ਲੱਗੇ ਕਿਵੇਂ ਸਿੱਧ ਹੋਊ ਕਿ ਕੰਧ ਝੂਲਦੀ ਨਹੀਂ, ਮੈਂ ਉਨ੍ਹਾਂ ਨੂੰ ਦੱਸਿਆ ਕਿ ਮਿਸਤਰੀਆਂ ਤੋਂ ਇਕ ਸਾਹਲ ਉਧਾਰੀ ਮੰਗ ਲਿਉ। ਇਕ ਲੰਬੀ ਫੱਟੀ ਕੰਧ ’ਤੇ ਰੱਖ ਦਿਉ ਉਸ ਨੂੰ ਹਿੱਲਣੋਂ ਬਚਾਉਣ ਲਈ ਉਸਦੇ ਉੱਪਰ ਦੋ ਚਾਰ ਇੱਟਾਂ ਰੱਖ ਦਿਓ। ਇਸ ਨਾਲ ਲਟਕਾਈ ਹੋਈ ਸਾਹਲ ਸਿੱਧ ਕਰ ਦੇਵੇਗੀ ਕਿ ਕੰਧ ਝੂਲਦੀ ਨਹੀਂ। ਕੰਧ ਦੀ ਵੀਡੀਓ ਫ਼ਿਲਮ ਬਣਾ ਕੇ ਵੀ ਤੁਸੀਂ ਇਹ ਚੈੱਕ ਕਰ ਸਕਦੇ ਹੋ ਪਰ ਫ਼ਿਲਮ ਬਣਾਉਣ ਵਾਲਾ ਹੇਠਾਂ ਖੜ੍ਹਾ ਹੋਣਾ ਚਾਹੀਦਾ ਹੈ।

✪ ਪਦਮਾ ਵਿਭੂਸ਼ਨ ਮੰਦਰ

ਕਿਸੇ ਨੇ ਲਿਖਿਆ ਹੈ:

ਮੰਦਰ ਦੀ ਮੂਰਤੀ ਬੋਲੀ
ਮੈਂ ਤਾਂ ਪੱਥਰ ਹਾਂ
ਹਰ ਹਾਲ ਪੱਥਰ ਹੀ ਰਹਿਣਾ ਹੈ
ਇਹ ਤਾਂ ਬੰਦਿਆ ਤੇਰੀ ਸੋਚ ਹੈ
ਜਿਹੜੀ ਮੈਨੂੰ ਰੱਬ ਬਣਾਈ ਬੈਠੀ ਹੈ

ਪਦਮਾ ਵਿਭੂਸ਼ਨ ਮੰਦਰ ਵਿਚੋਂ ਮਿਲੇ ਸੋਨੇ ਦੇ ਗਹਿਣੇ ਸਿਰਫ਼ ਮੰਦਰ ਦੀ ਮੂਰਤੀ ਦੀ ਰਾਖੀ ਕਰਨਗੇ ਜਾਂ ਮੂਰਤੀ ਉਨ੍ਹਾਂ ਦੀ ਰਾਖੀ ਕਰੇਗੀ ਇਹ ਤਾਂ ਸਮਾਂ ਹੀ ਦੱਸੇਗਾ। ਪਰ ਤਰਕਸ਼ੀਲਾਂ ਲਈ ਤਾਂ ਸੁਆਲ ਹੈ ਕਿ ਕੀ ਲੱਖ ਕਰੋੜ ਰੁਪਏ ਦਾ ਇਹ ਖਜ਼ਾਨਾ ਭਾਰਤ ਦੇ ਕਰੋੜਾਂ ਬੇਰੁਜ਼ਗਾਰਾਂ ਵਿਚੋਂ ਲੱਖ ਕੁ ਬੰਦੇ ਲਈ ਰੁਜ਼ਗਾਰ ਨਹੀਂ ਦੇਵੇਗਾ। ਜੇ ਇਹ

ਖਜ਼ਾਨਾ ਕਿਸੇ ਬੈਂਕ ਨੂੰ ਸੰਭਾਲ ਦਿੱਤਾ ਜਾਵੇ ਤਾਂ ਉਸਦਾ ਵਿਆਜ ਹੀ ਦਸ ਹਜ਼ਾਰ ਕਰੋੜ ਰੁਪਏ ਸਾਲਾਨਾ ਹੋਵੇਗਾ ਜਿਸਦਾ ਮਤਲਬ ਹੈ ਖਜ਼ਾਨੇ ਨੂੰ ਸੁਰੱਖਿਅਤ ਰੱਖ ਕੇ ਵੀ ਦਸ ਲੱਖ ਵਿਅਕਤੀਆਂ ਨੂੰ ਦਸ ਹਜ਼ਾਰ ਰੁਪਏ ਪ੍ਰਤੀ ਮਹੀਨੇ ਦੀ ਨੌਕਰੀ ਦਿੱਤੀ ਜਾ ਸਕਦੀ ਹੈ। ਪਰ ਅੰਧ-ਵਿਸ਼ਵਾਸੀ ਲੋਕਾਂ ਤੇ ਸਰਕਾਰ ਨੇ ਕਿਸੇ ਦੀ ਕੋਈ ਗੱਲ ਨਹੀਂ ਸੁਣਨੀ। ਖਜ਼ਾਨਾ ਇਸ ਤਰ੍ਹਾਂ ਹੀ ਰੱਖਿਆ ਜਾਵੇਗਾ ਤਾਂ ਜੋ ਸਮਾਂ ਆਉਣ ਤੇ ਇਸਦਾ ਕੁਝ ਨਾ ਕੁਝ ਭਾਗ ਗਾਇਬ ਕਰਾ ਦਿੱਤਾ ਜਾਵੇ।

✪ ਟੂਣੇ ਵਿੱਚ ਜ਼ਿੰਦਰਾ

ਚੰਡੀਗੜ੍ਹ ਵਿੱਚ ਮੈਂ ਸਵੇਰੇ ਛੇ ਵਜੇ ਸੈਰ ਲਈ ਜਾ ਰਿਹਾ ਸਾਂ। ਇਕ ਚੁਰੱਸਤੇ ਵਿਚ ਟੂਣਾ ਕੀਤਾ ਨਜ਼ਰ ਆਇਆ। ਇਸ ਵਿਚ ਇਕ ਤਿੰਨ ਚਾਬੀਆਂ ਵਾਲਾ ਨਵਾਂ ਜ਼ਿੰਦਰਾ ਪਿਆ ਸੀ। ਭਾਵੇਂ ਮੈਂ ਸੜਕ ’ਤੇ ਪਈ ਕਿਸੇ ਚੀਜ਼ ਨੂੰ ਚੁੱਕਦਾ ਨਹੀਂ, ਪਰ ਇਸ ਜ਼ਿੰਦਰੇ ਨੂੰ ਚੁੱਕਣ ਦਾ ਮਨ ਕਰ ਆਇਆ। ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਟੂਣਾ ਵੀ ਕਰਦੇ ਹਨ ਪਰ ਉਹ ਕਰਦੇ ਵੀ ਘਟੀਆ ਜਿਹੀਆਂ ਤੇ ਸਸਤੀਆਂ ਚੀਜ਼ਾਂ ਹੀ ਟੂਣੇ ਵਿਚ ਰੱਖਦੇ ਹਨ। ਕਾਸ਼! ਕਿ ਕੋਈ ਕੀਮਤੀ ਚੀਜ਼ ਰੱਖੀ ਹੁੰਦੀ। ਟੂਣੇ ਕਰਨ ਵਾਲਿਆਂ ਨੂੰ ‘ਵਿਗਿਆਨ ਜੋਤ’ ਰਾਹੀਂ ਅਪੀਲ ਕੀਤੀ ਜਾਂਦੀ ਹੈ ਕਿ ਸਭ ਤੋਂ ਵੱਧ ਕੀਮਤੀ ਚੀਜ਼ਾਂ ਹੀ ਟੂਣੇ ਵਿਚ ਰੱਖੀਆਂ ਜਾਣ। ਟੂਣਾ ਕਰਵਾਉਣ ਵਾਲਿਆਂ ਨੂੰ ਵੀ ਅਪੀਲ ਹੈ ਕਿ ਟੂਣਾ ਹਰ ਰੋਜ਼ ਹੀ ਕਰਵਾ ਦਿਆ ਕਰਨ।

✪ ਅਮਰੂਦ ਤੇ ਲਗਾਏ ਨਮਕ ਨੇ ਹੀ ਭੁਚਾਲ ਲਿਆ ਦਿੱਤਾ

ਪੰਜਾਬੀ ਟ੍ਰਿਬਿਊਨ ਵਿਚ ਛਪੇ ਮੇਰੇ ਲੇਖ ‘ਪਾਰੇ ਦੇ ਜ਼ਹਿਰ’ ਨੂੰ ਪੜ੍ਹਕੇ ਇੱਕ ਅਧਿਆਪਕ ਨੇ ਮੈਨੂੰ ਲਹਿਰੇਗਾਗੇ ਤੋਂ ਫੋਨ ਕੀਤਾ, ਕਹਿਣ ਲੱਗਿਆ, “ਸਾਡੇ ਸਕੂਲ ਵਿਚ ਇਕ ਅਜੀਬ ਘਟਨਾ ਹੀ ਵਾਪਰ ਗਈ ਹੈ। ਇਕ ਅਧਿਆਪਕਾ ਆਪਣੇ ਘਰੋਂ ਅਮਰੂਦ ਲੈ ਆਈ। ਉਸਨੇ ਅਮਰੂਦਾਂ ਨੂੰ ਕੱਟਿਆ ਅਤੇ ਥੋੜ੍ਹਾ ਜਿਹਾ ਨਮਕ ਛਿੜਕ ਕੇ ਪਲੇਟਾਂ ਵਿਚ ਰੱਖ ਕੇ ਅਧਿਆਪਕਾਂ ਵਿਚ ਰੱਖ ਦਿੱਤਾ। ਸਾਰੇ ਅਧਿਆਪਕਾਂ ਨੇ ਅਮਰੂਦਾਂ ਨੂੰ ਖਾਣਾ ਸ਼ੁਰੂ ਕਰ ਦਿੱਤਾ। ਇਕ ਅਧਿਆਪਕ ਨੇ ਜਦੋਂ ਪਹਿਲੀ ਫਾੜੀ ਹੀ ਮੂੰਹ ਵਿਚ ਪਾਈ ਅਤੇ ਨਮਕ ਦਾ ਸੁਆਦ ਆਇਆ। ਉਸ ਨੇ ਹਾਲ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ। “ਨਮਕ ਨਾਲ ਮੇਰਾ ਵਰਤ ਟੁੱਟ ਗਿਆ। ਮੇਰੇ ਦੇਵਤਾ ਜੀ ਨਰਾਜ਼ ਹੋ ਗਏ। ਮੈਨੂੰ ਨਰਕਾਂ ਵਿਚ ਜਾਣਾ ਪਵੇਗਾ।” ਉਸ ਵਿਅਕਤੀ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਨਮਕ ਖਾਣ ਨਾਲ ਤੇਰੇ ਦੇਵਤੇ ਦਾ ਕੀ ਸੰਬੰਧ? ਤੇਰਾ ਖਾਧਾ ਨਮਕ ਤੇਰੇ ਦੇਵਤੇ ਨੂੰ ਕਿਵੇਂ ਰੁਸਾ ਦੇਵੇਗਾ? ਅਸਲੀ ਗੱਲ ਇਹ ਹੈ ਕਿ ਅਧਿਆਪਕਾਂ ਦੇ ਮਨ ਵਿਚ ਵੀ ਕਾਰਜ

ਕਾਰਨ ਵਿਚ ਸਬੰਧ ਲੱਭਣ ਦੀ ਅਜੇ ਆਦਤ ਨਹੀਂ ਪਈ। ਉਨ੍ਹਾਂ ਦੁਆਰਾ ਪੜ੍ਹਾਏ ਜਾ ਰਹੇ ਵਿਦਿਆਰਥੀ ਵਿਗਿਆਨਕ ਸੋਚ ਦੇ ਧਾਰਨੀ ਕਿਵੇਂ ਬਣਨਗੇ?

✪ ਬਲਦ ਹੀ ਉਲਟੇ ਜੋੜ ਲਏ

ਇਕ ਅਧਿਆਪਕ ਮੈਨੂੰ ਕਹਿਣ ਲੱਗਿਆ ਕਿ ਇੱਕ ਵਾਰ ਇਕ ਕਿਸਾਨ ਆਪਣੀ ਪਤਨੀ ਨੂੰ ਕੁੱਟਣ ਦਾ ਕੋਈ ਬਹਾਨਾ ਲੱਭ ਰਿਹਾ ਸੀ। ਰੋਟੀ ਸਿਰ ਤੇ ਚੁੱਕ ਕੇ ਲਿਆ ਰਹੀ ਪਤਨੀ ਨੂੰ ਦੂਰੋਂ ਹੀ ਵੇਖ ਕੇ ਉਸਨੇ ਬਲਦਾਂ ਨੂੰ ਉਲਟੀਆਂ ਦਿਸ਼ਾਵਾਂ ਵੱਲ ਜੋੜ ਲਿਆ। ਇਕ ਬਲਦ ਦਾ ਸਿਰ ਚੜ੍ਹਦੇ ਪਾਸੇ ਵੱਲ ਤੇ ਦੂਜੇ ਦਾ ਸਿਰ ਛਿਪਦੇ ਵੱਲ ਵੇਖ ਕੇ ਪਤਨੀ ਵੀ ਕਾਰਨ ਸਮਝ ਗਈ। ਉਹ ਬਲਦਾਂ ਨੂੰ ਬੋਲੀ, "ਜਿਵੇਂ ਮਾਲਕ ਚਲਾਵੇ ਉਵੇਂ ਹੀ ਚੱਲੋ।" ਕਿਸਾਨ ਦਾ ਮਨ ਅਜੇ ਹੌਲਾ ਨਹੀਂ ਹੋਇਆ ਸੀ। ਖੁੱਲ੍ਹੇ ਅਸਮਾਨ ਥੱਲੇ ਪਏ ਉਸ ਨੇ ਉੱਪਰ ਵੱਲ ਵੇਖਦੇ ਹੋਏ ਆਪਣੀ ਪਤਨੀ ਨੂੰ ਪੁੱਛਿਆ, "ਉਹ ਉੱਪਰ ਅਸਮਾਨ ਵਿਚ ਵਿਖਾਈ ਦਿੰਦੀ ਚਿੱਟੀ ਲੀਹ ਕੀ ਹੈ।" ਪਤਨੀ ਕਹਿਣ ਲੱਗੀ, "ਉਹ ਤਾਂ ਛੜਿਆਂ ਦਾ ਰਾਹ ਹੈ।" ਕਿਸਾਨ ਨੇ ਫਿਰ ਪੁੱਛਿਆ, "ਛੜੇ ਕੀ ਕਰ ਰਹੇ ਹਨ।" ਉਹ ਕਹਿਣ ਲੱਗੀ ਛੜੇ ਘੜੇ ਚੁੱਕ ਕੇ ਪਾਣੀ ਢੋਅ ਰਹੇ ਹਨ। ਬੱਸ ਐਨਾ ਕਹਿਣ ਦੀ ਦੇਰ ਸੀ ਕਿਸਾਨ ਨੇ ਪਰਾਣੀ ਚੁੱਕ ਲਈ ਤੇ ਕਹਿਣ ਲੱਗਿਆ, "ਮੇਰਾ ਮੰਜਾ ਕਿਤੇ ਹੋਰ ਨਾ ਡਾਹਿਆ ਗਿਆ ਜੇ ਕਿਸੇ ਤੋਂ ਘੜਾ ਡਿੱਗ ਗਿਆ ਤਾਂ ਮੇਰਾ ਕੀ ਬਣੂ?"

✪ ਅੰਨਾ ਹਜ਼ਾਰੇ

ਬਹੁਤ ਸਾਰੇ ਵਿਅਕਤੀਆਂ ਨੇ ਅੰਨਾ ਹਜ਼ਾਰੇ ਬਾਰੇ ਤਰਕਸ਼ੀਲਾਂ ਦੇ ਵਿਚਾਰ ਜਾਨਣ ਦੀ ਇੱਛਾ ਪ੍ਰਗਟਾਈ ਹੈ। ਨਿਰਸੰਦੇਹ ਅੰਨਾ ਹਜ਼ਾਰੇ ਨੇ ਭਾਰਤ ਦੀ ਮੱਧ ਵਰਗੀ ਦੇ ਵੱਡਿਆਂ ਹਿੱਸਿਆਂ ਨੂੰ ਭਾਰਤ ਅੰਦਰ ਹੋ ਰਹੇ ਭ੍ਰਿਸ਼ਟਾਚਾਰ ਬਾਰੇ ਜਾਗਰੂਕ ਕੀਤਾ ਹੈ। ਭਾਰਤ ਦੇ ਹਾਕਮਰਾਨਾ ਨੂੰ ਇਹ ਗੱਲ ਵੀ ਜਚਾ ਦਿੱਤੀ ਹੈ ਕਿ "ਜਦੋਂ ਲੋਕ ਹਨੇਰੀਆਂ ਚੱਲਣ ਲੱਗੀਆਂ ਤਾਂ ਤੁਹਾਨੂੰ ਬਚਾਉਣ ਵਾਲਾ ਕੋਈ ਨਹੀਂ ਹੋਵੇਗਾ। ਸਮਾਂ ਸੰਭਾਲੋ, ਨਹੀਂ ਇਹ ਬੀਤ ਜਾਵੇਗਾ।" ਇਸਦੇ ਨਾਲ ਹੀ ਇਸ ਘੋਲ ਵਿਚ ਕੁਝ ਹੋਰ ਸਬਕ ਵੀ ਪ੍ਰਾਪਤ ਹੋਏ ਹਨ।

1. ਭ੍ਰਿਸ਼ਟਾਚਾਰ ਕਰਨ ਲਈ ਹਾਕਮਰਾਨਾਂ ਨੇ ਆਪਣੇ ਕਾਨੂੰਨ ਵਿਚ ਵੱਡੀਆਂ ਚੋਰ ਮੋਰੀਆਂ ਰੱਖੀਆਂ ਹੋਈਆਂ ਹਨ। ਇਹ ਚੋਰ ਮੋਰੀਆਂ ਇਨ੍ਹਾਂ ਦੇ ਬਚਾਅ ਲਈ ਅੱਗੇ ਆਉਂਦੀਆਂ ਹਨ। ਜਿਵੇਂ ਕਿਸੇ ਵੀ ਖ਼ਰੀਦ ਤੋਂ ਪਹਿਲਾਂ ਹਰ ਅਫ਼ਸਰ ਨੇ ਟੈਂਡਰ ਲੈਣੇ ਜ਼ਰੂਰੀ ਹੁੰਦੇ ਹਨ। ਪਰ ਕੋਈ ਵੀ ਸਬੰਧਿਤ ਅਫ਼ਸਰ ਕਿਸੇ ਵੀ ਟੈਂਡਰ ਨੂੰ ਇਹ ਕਹਿਕੇ ਰੱਦ ਕਰ ਸਕਦਾ ਹੈ ਕਿ 'ਫਲਾਂ ਵਿਅਕਤੀ ਸਮੇਂ ਸਿਰ ਟੈਂਡਰ ਭੁਗਤਾ ਨਹੀਂ ਸਕੇਗਾ।' ਇਸ ਤਰ੍ਹਾਂ ਇਨ੍ਹਾਂ ਹੁਕਮਰਾਨਾਂ ਨੇ ਸਾਰੇ ਕਾਨੂੰਨਾਂ ਵਿਚ ਹੀ ਰਿਸ਼ਵਤਖੋਰੀ ਕਰਨ ਲਈ ਚੋਰ ਮੋਰੀਆਂ ਰੱਖੀਆਂ ਹਨ।

2. ਭਾਰਤ ਦਾ ਹਰ ਕਾਨੂੰਨ ਅਮੀਰ ਜਾਤ ਲਈ ਹੀ ਹੈ ਗ਼ਰੀਬ ਜਾਤ ਲਈ ਇਹ ਅੱਖਾਂ ਪੂੰਜਣ ਵਾਸਤੇ ਹੀ ਹਨ। ਸਮਾਨ ਵੇਚਣ ਲਈ ਬਣਾਇਆ ਵੱਡਾ 'ਮਾਲ' ਤਾਂ ਮਨਜ਼ੂਰੀ ਨਾਲ ਬਣਿਆ ਹੁੰਦਾ ਹੈ ਪਰ ਉਸਦੇ ਅੱਗੇ ਖੜ੍ਹੀ ਰੇੜ੍ਹੀ ਨਜਾਇਜ਼ ਹੁੰਦੀ ਹੈ।

3. ਜਦੋਂ ਲੋਕ ਹਨੇਰੀਆਂ ਚਲਦੀਆਂ ਹਨ ਤਾਂ ਕਾਨੂੰਨ ਲਿਫ ਜਾਂਦੇ ਨੇ।

4. ਦੇਸ਼ ਭਗਤੀ ਦੀ ਭਾਵਨਾ ਲੋਕ ਮਨਾਂ ਨੂੰ ਵੱਧ ਹਿਲੂਣਾ ਦਿੰਦੀ ਹੈ।

5. ਭਾਰਤ ਵਿਚ ਇਲੈਕਟ੍ਰਾਨਿਕ ਮੀਡੀਆ ਐਨਾ ਸ਼ਕਤੀਸ਼ਾਲੀ ਹੈ ਕਿ ਇਹ ਕਿਸੇ ਸਮੇਂ ਵੀ ਕਿਸੇ ਵੀ ਸਰਕਾਰ ਨੂੰ ਉਲਟਾਉਣ ਦੀ ਸਮਰੱਥਾ ਰੱਖਦਾ ਹੈ।

6. ਹੁਕਮਰਾਨ ਜਦੋਂ ਚਾਹੁਣ ਕਿਸੇ ਵੀ ਭਾਰਤੀ ਨਾਗਰਿਕ ਨੂੰ ਕਾਨੂੰਨ ਦੇ ਚੁੰਗਲ ਵਿਚ ਫਸਾ ਸਕਦੇ ਹਨ।

7. ਇਲੈਕਟਰਾਨਿਕ ਮੀਡੀਆ ਤੇ ਪ੍ਰਿੰਟ ਮੀਡੀਆ ਪੂਰੀ ਤਰ੍ਹਾਂ ਕਾਰਪੋਰੇਟ ਜਗਤ ਦੀਆਂ ਖ਼ਰੀਦੀਆਂ ਹੁੰਦੀਆਂ ਹਨ, ਇਨ੍ਹਾਂ ਦੇ ਸਾਰੇ ਮੁਲਾਜ਼ਮਾਂ ਨੂੰ ਤੋਤੇ ਰੱਟ ਰਟਾਈ ਜਾਂਦੀ ਹੈ। ਫਿਰ ਉਹ ਹੀ ਬੋਲੀ ਉਨ੍ਹਾਂ ਦੀ ਬਣ ਜਾਂਦੀ ਹੈ। ਗਹਿਣੇ ਟਿਕਿਆ ਹੋਇਆ ਮੁਲਾਜ਼ਮ ਮਾਲਕ ਦੀ ਬੋਲੀ ਤੋਂ ਬਗ਼ੈਰ ਬੋਲ ਹੀ ਨਹੀਂ ਸਕਦਾ।

8. ਅੰਨਾ ਹਜ਼ਾਰੇ ਦੀ ਮੁੱਖ ਟੀਮ ਵਿਚ ਸ਼ਾਮਿਲ ਜ਼ਿਆਦਾ ਵਿਅਕਤੀ ਐਂਟੀ ਰੀਜਰਵੇਸ਼ਨ ਵਾਲੀ ਧਿਰ ਦੇ ਸਨ। ਇਨ੍ਹਾਂ ਵਿਚੋਂ ਕਈਆਂ ਦੀਆਂ ਐਨ.ਜੀ.ਓ. ਬਣਾਈਆਂ ਹੋਈਆਂ ਹਨ ਜੋ ਐਂਟੀ ਰੀਜਰਵੇਸ਼ਨ ਦੀ ਗੱਲ ਕਰਦੀਆਂ ਹਨ।

9. ਅਮਰੀਕਾ ਦਾ ਭਾਰਤ ਨੂੰ ਇਹ ਕਹਿਣਾ ਕਿ ਭਾਰਤ ਸਰਕਾਰ ਅੰਨਾ ਧਿਰ ਤੇ ਸਖਤੀ ਨਾ ਕਰੇ। ਦਰਸਾਉਂਦਾ ਹੈ ਕਿ ਅੰਨਾ ਹਜ਼ਾਰੇ ਦੀ ਸਮਰਥਕ ਧਿਰ ਅਮਰੀਕਨ ਕਾਰਪੋਰੇਟ ਜਗਤ ਦੀ ਲਾਬੀ ਹੈ।

✪ ਸੁਪਰਨੋਵਾ

ਸੁਪਰਨੋਵਾ ਖਗੋਲ ਵਿਚ ਵਾਪਰਨ ਵਾਲੀ ਉਹ ਘਟਨਾ ਹੁੰਦੀ ਹੈ ਜਦੋਂ ਕਿਸੇ ਤਾਰੇ ਦਾ ਈਂਧਣ ਮੁੱਕ ਜਾਂਦਾ ਹੈ ਤੇ ਉਹ ਲਾਲ ਹੋ ਕੇ ਦਗਣਾ ਸ਼ੁਰੂ ਕਰ ਦਿੰਦਾ ਹੈ। ਇਹ ਕਿਸੇ ਤਾਰੇ ਦਾ ਅੰਤ ਹੁੰਦਾ ਹੈ। ਇਸ ਅਵਸਥਾ ਵਿਚ ਤਾਰੇ ਫੈਲ ਜਾਂਦੇ ਹਨ ਤੇ ਉਨ੍ਹਾਂ ਦੀ ਲੋਅ ਐਨੀ ਤੇਜ਼ ਹੋ ਜਾਂਦੀ ਹੈ ਕਿ ਕਈ ਵਾਰੀ ਇਹ ਦਿਨ ਨੂੰ ਨਜ਼ਰ ਆਉਣ ਲੱਗ ਪੈਂਦੀ ਹੈ। ਦੁਨੀਆਂ ਦੇ ਵੱਖ-ਵੱਖ ਪ੍ਰਾਚੀਨ ਗਰੰਥਾਂ ਵਿਚ ਧਰਤੀ ਤੋਂ ਵਿਖਾਈ ਦੇਣ ਵਾਲੇ ਕੁਝ ਸੁਪਰਨੋਵਾ ਵਿਸਫੋਟਾਂ ਦਾ ਜ਼ਿਕਰ ਮਿਲਦਾ ਹੈ। ਹੁਣ ਕਸ਼ਮੀਰ ਦੀ ਇਕ ਮਸਜਿਦ ਵਿਚ ਵੀ ਕਿਸੇ ਥਾਂ ਤੇ ਇਹ ਲਿਖਿਆ ਮਿਲਿਆ ਹੈ ਕਿ ਇੱਕ ਤਾਰਾ ਦਿਨ ਵੇਲੇ ਵੀ ਨਜ਼ਰ ਆਉਣ ਲੱਗ ਪਿਆ ਸੀ ਤੇ ਇਹ ਕਈ ਦਿਨ ਨਜ਼ਰ ਆਉਂਦਾ ਰਿਹਾ।

✪ ਸੰਸਾਰਪੁਰ ਦਾ ਡਾਕਟਰ

ਸੰਸਾਰਪੁਰ ਜ਼ਿਲ੍ਹਾ ਜਲੰਧਰ ਦਾ ਡਾਕਟਰ ਸਤਵਿੰਦਰ ਸਿੰਘ ਖਹਿਰਾ ਅਜਿਹਾ ਡਾਕਟਰ ਹੈ ਜਿਸ ਨੇ ਆਪਣੀ ਬੇਸਮਝੀ ਵਿਚ ਇਕ ਸਾਧ ਨੂੰ ਹੀ ਆਪਣਾ ਮਸੀਹਾ ਸਮਝ ਲਿਆ ਸੀ। ਬਾਬਾ ਉਸ ਡਾਕਟਰ ਤੋਂ ਪੇਟ ਵਿਚ ਧੀ ਹੋਣ ਵਾਲੀਆਂ ਮਾਵਾਂ ਦੇ ਗਰਭਪਾਤ ਕਰਨ ਲਈ ਮਜ਼ਬੂਰ ਕਰਨ ਲੱਗ ਪਿਆ। ਪਰ ਉਸਦੀ ਜ਼ਮੀਰ ਨੇ ਇਸ ਗੱਲ ਦੀ ਇਜਾਜ਼ਤ ਨਾ ਦਿੱਤੀ। ਇਸਦਾ ਨਤੀਜਾ ਇਹ ਨਿਕਲਿਆ ਕਿ ਬਾਬੇ ਨੇ ਆਪਣੇ ਇਕ ਸ਼ਰਧਾਲੂ ਤੋਂ ਉਸਦੀਆਂ ਅੱਖਾਂ ਉੱਪਰ ਤੇਜ਼ਾਬ ਪੁਆ ਦਿੱਤਾ। ਅੱਜ ਉਹ ਅਪਾਹਜ ਹੋ ਕੇ ਆਪਣੇ ਪਿੰਡ ਦਿਨ ਕਟੀ ਕਰ ਰਿਹਾ ਹੈ।

✪ ਜੀਵਾਂ ਦੀਆਂ ਜਾਤੀਆਂ

ਕੈਨੇਡਾ ਦੇ ਖੋਜੀ ਵਿਗਿਆਨਕਾਂ ਨੇ ਅੰਦਾਜ਼ਾ ਲਾਇਆ ਹੈ ਕਿ ਧਰਤੀ ਦੇ ਸਮੁੰਦਰਾਂ ਤੇ ਜ਼ਮੀਨ 'ਤੇ ਸਤਾਸੀ ਲੱਖ ਦੇ ਕਰੀਬ ਜੀਵਾਂ ਦੀਆਂ ਜਾਤੀਆਂ ਹਨ। ਜ਼ਮੀਨ 'ਤੇ ਰਹਿਣ ਵਾਲੀਆਂ ਜਾਤੀਆਂ ਵਿਚੋਂ 86% ਅਤੇ ਸਮੁੰਦਰ ਵਿਚੋਂ 91% ਜਾਤੀਆਂ ਅਜੇ ਲੱਭਣੀਆਂ ਬਾਕੀ ਹਨ।

ਜੀਵ	77,70,000
ਪੌਦੇ	2,98000
ਸੂਖਮ ਜੀਵ	6, 11,000
ਉਲੀਆਂ	36,400

ਚਾਰੇ ਪਾਸੇ ਦੁਸ਼ਮਣ ਹੀ ਦੁਸ਼ਮਣ

ਰਾਜਾ ਰਾਮ
ਹੰਡਿਆਇਆ

ਜਦੋਂ ਤੋਂ ਮੇਰੀ ਵਿਚਾਰਧਾਰਾ ਤਾਰਕਿਕ ਅਤੇ ਵਿਗਿਆਨਕ ਹੋਈ ਹੈ ਉਦੋਂ ਤੋਂ ਹੀ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੇਰੇ ਚਾਰੇ ਪਾਸੇ ਵਿਚਾਰਧਾਰਕ ਦੁਸ਼ਮਣ ਹੀ ਦੁਸ਼ਮਣ ਹਨ। ਬਹੁਤ ਹੀ ਘੱਟ ਸੰਖਿਆ ਵਿੱਚ ਦੋਸਤ ਹਨ ਜਿਹੜੇ ਹੌਲੀ ਹੌਲੀ ਇਸ ਵਿਚਾਰਧਾਰਾ ਨੂੰ ਅਪਣਾ ਰਹੇ ਹਨ ਅਤੇ ਅੰਧਵਿਸ਼ਵਾਸਾਂ ਦੀ ਦਲਦਲ ਵਿੱਚੋਂ ਬਾਹਰ ਨਿੱਕਲ ਰਹੇ ਹਨ। ਜਦੋਂ ਵੀ ਕੋਈ ਮਨੁੱਖ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ ਅਤੇ ਗੈਰ ਵਿਗਿਆਨਕ ਗੱਲਾਂ ਦਾ ਵਿਰੋਧ ਕਰਦਾ ਹੈ ਤਾਂ ਉਹ ਅਚੇਤ ਰੂਪ ਵਿੱਚ ਹੀ ਕਰੋੜਾਂ ਲੋਕਾਂ ਦਾ ਵਿਰੋਧ ਮੁੱਲ ਲੈ ਲੈਂਦਾ ਹੈ। ਇਹ ਵਿਰੋਧ ਕੇਵਲ ਸਮਾਜ ਸੁਧਾਰਕਾਂ ਨੂੰ ਹੀ ਨਹੀਂ ਸਹਿਣਾ ਪੈਂਦਾ ਸਗੋਂ ਧਰਮ ਵਿੱਚ ਆਈਆਂ ਕੁਰੀਤੀਆਂ ਨੂੰ ਦੂਰਨ ਕਰਨ ਵਾਲੇ ਧਰਮ-ਆਗੂਆਂ ਨੂੰ ਵੀ ਇਸ ਵਿਰੋਧ ਨੂੰ ਸਹਿਣਾ ਪਿਆ ਹੈ।

ਈਸਾ ਮਸੀਹ ਨੂੰ ਹੱਥਾਂ-ਪੈਰਾਂ ਵਿੱਚ ਕਿੱਲ ਠੋਕ ਕੇ, ਸਿਰ ਉੱਤੇ ਕੰਡਿਆਂ ਦਾ ਤਾਜ ਪਹਿਨਾ ਕੇ ਮਾਰ ਦਿੱਤਾ ਗਿਆ ਸੀ ਪਰ ਅੱਜ ਉਸਨੂੰ ਪ੍ਰਮੇਸ਼ਵਰ ਦਾ ਪੁੱਤਰ ਸਮਝਕੇ ਆਦਰ ਦਿੱਤਾ ਜਾ ਰਿਹਾ ਹੈ ਉਸਦਾ ਆਪਣਾ ਮੱਤ ਜਾਂ ਧਰਮ ਜਿਸਨੇ ਉਸ ਸਮੇਂ ਦੇ ਸਾਰੇ ਦੇਵੀ-ਦੇਵਤਿਆਂ ਨੂੰ ਤਿਲਾਂਜਲੀ ਦੇ ਕੇ ਲੋਕਾਂ ਨੂੰ ਇੱਕ ਰੱਬ ਨੂੰ ਮੰਨਣ ਤੇ ਜ਼ੋਰ ਦਿੱਤਾ, ਅੱਜ ਦੁਨੀਆਂ ਦਾ ਪਹਿਲੇ ਦਰਜੇ ਦਾ ਧਰਮ ਬਣ ਗਿਆ ਹੈ। ਅੱਜ ਦੁਨੀਆਂ ਦੀ ਵੱਡੀ ਆਬਾਦੀ ਈਸਾ ਨੂੰ ਆਪਣਾ ਪੂਜਣਯੋਗ ਵਿਅਕਤੀ ਹੀ ਨਹੀਂ ਮੰਨਦੀ ਸਗੋਂ ਉਸਨੂੰ ਕੁਆਰੀ ਮਰੀਅਮ ਦੇ ਜੰਮਿਆ ਪ੍ਰਮੇਸ਼ਵਰ ਦਾ ਪੁੱਤਰ ਮੰਨਦੀ ਹੈ। ਇਸ ਦੁਨੀਆਂ ਨੂੰ ਜਿਸਨੇ ਲੀਕ ਤੋਂ ਹਟ ਕੇ ਨਵੇਂ ਰਾਹ ਚੱਲਣ ਦੀ ਸਿੱਖਿਆ ਦਿੱਤੀ, ਉਸਨੂੰ ਵੱਡੀ ਕੀਮਤ ਚੁਕਾਉਣੀ ਪਈ। ਅੱਜ ਉਸਦਾ ਮੱਤ ਜਾਂ ਧਰਮ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਹੈ।

ਇਸਲਾਮ ਦੇ ਪੈਗੰਬਰ ਹਜਰਤ ਮੁਹੰਮਦ ਦੀ ਗੱਲ ਕਰੀਏ ਤਾਂ ਉਸਨੇ ਵੀ ਇੱਕ ਅੱਲਾ ਦਾ ਸੁਨੇਹਾ ਆਪਣੀ ਅਰਬ ਕੌਮ ਨੂੰ ਦਿੱਤਾ। ਭਾਵੇਂ ਇਹ ਉਸ ਜ਼ਮਾਨੇ ਦਾ ਇੱਕ ਪ੍ਰਗਤੀਸ਼ੀਲ ਕਦਮ ਸੀ ਅਤੇ ਅਰਬਾਂ ਨੂੰ ਇੱਕਮੁੱਠ ਕਰਨ ਦਾ ਯਤਨ ਸੀ ਪਰ ਅੱਲ੍ਹਾ ਦੇ ਇਸ ਪੈਗੰਬਰ ਦੇ ਵਿਚਾਰ ਵੀ ਬਹੁਤ ਸਾਰੇ ਲੋਕਾਂ ਨੂੰ ਪਸੰਦ ਨਾ ਆਏ। ਵਿਰੋਧ ਇੱਥੋਂ ਤੱਕ ਵਧਿਆ ਕਿ ਹਜਰਤ ਮੁਹੰਮਦ ਨੂੰ ਮੱਕਾ ਛੱਡ ਕੇ ਮਦੀਨਾ ਜਾਣਾ ਪਿਆ। ਉਸਦੀ ਮੌਤ ਤੋਂ ਬਾਅਦ ਹੀ ਉਸਦਾ ਮੱਤ ਜਾਂ ਧਰਮ ਵਿਸ਼ਵ ਦੀ ਇੱਕ ਵੱਡੀ ਗਿਣਤੀ ਦਾ ਧਰਮ ਬਣ ਗਿਆ। ਭਿੰਨ-ਭਿੰਨ ਦੇਵੀ-ਦੇਵਤਿਆਂ ਵਾਲੇ ਵਿਚਾਰਾਂ ਦੇ ਲੋਕਾਂ ਨੇ ਹੌਲੀ-ਹੌਲੀ ਇੱਕ ਅੱਲ੍ਹਾ ਵਾਲੇ ਵਿਚਾਰ ਨੂੰ ਸਵੀਕਾਰ ਕਰ ਲਿਆ। ਅੱਜ ਹਜ਼ਰਤ ਮੁਹੰਮਦ ਵੀ ਵਿਸ਼ਵ ਦੀ ਇੱਕ ਮਹਾਨ ਹਸਤੀ ਹੈ ਭਾਵੇਂ ਉਸਦਾ ਮੱਤ ਜਾਂ ਧਰਮ ਵੀ ਅੱਜ ਵੱਖ-ਵੱਖ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਜਿਸ ਨੇ ਇਸ ਦੁਨੀਆਂ ਨੂੰ ਚਾਨਣ ਵੰਡਣ ਦੀ ਕੋਸ਼ਿਸ਼ ਕੀਤੀ, ਨਵਾਂ ਰਾਹ ਦੇਣ ਦਾ ਯਤਨ ਕੀਤਾ, ਇਸ ਦੁਨੀਆਂ ਨੂੰ ਸੁਧਾਰਨ ਵੱਲ ਧਿਆਨ ਦਿੱਤਾ, ਦੁਨੀਆਂ ਨੇ ਉਸੇ ਨੂੰ ਹੀ ਠਿਕਾਣੇ ਲਾ ਦਿੱਤਾ ਪਰ ਬਾਅਦ ਵਿੱਚ ਉਸਨੂੰ ਆਪਣਾ ਪੂਜਣਯੋਗ ਵਿਅਕਤੀ ਵੀ ਬਣਾ ਲਿਆ।

ਹਜ਼ਾਰਾਂ ਅਜਿਹੀਆਂ ਉਦਾਹਰਣਾਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਦੁਨੀਆਂ ਦੇ ਮਹਾਂਪੁਰਸ਼ਾਂ ਨੂੰ ਹਮੇਸ਼ਾ ਹੀ ਮੁਸ਼ੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਵਿਸ਼ਵ ਦਾ ਇਤਿਹਾਸ ਦੱਸਦਾ ਹੈ ਕਿ ਇਹ ਕਸ਼ਟ ਜਾਂ ਦੁੱਖ ਕੇਵਲ ਧਰਮ ਵਿੱਚ ਸੁਧਾਰ ਕਰਨ ਵਾਲੇ ਲੋਕਾਂ ਨੂੰ ਹੀ ਨਹੀਂ ਝੱਲਣੇ ਪਏ, ਸਗੋਂ ਨਵੀਆਂ ਖੋਜਾਂ ਕਰਨ ਵਾਲੇ ਸੈਂਕੜੇ ਵਿਗਿਆਨਕਾਂ ਨੂੰ ਵੀ ਇਹੀ ਕਸ਼ਟ ਝੱਲਣੇ ਪਏ ਹਨ। ਸਿੱਧਾ ਅਤੇ ਸਪੱਸ਼ਟ ਜਿਹਾ ਅਰਥ ਇਹ ਹੈ ਕਿ ਜਿਸ ਵੀ ਵਿਅਕਤੀ ਨੇ ਕੋਈ ਨਵਾਂ ਰਾਹ ਦੱਸਣ ਦਾ ਯਤਨ ਕੀਤਾ ਉਸਨੂੰ ਹੀ ਲਕੀਰ ਦੀ ਫ਼ਕੀਰ ਜਨਤਾ ਨੇ ਹਮੇਸ਼ਾ ਸਜ਼ਾ ਦੇਣ ਦੀ ਕੋਸ਼ਿਸ਼ ਕੀਤੀ। ਮਜ਼ੇਦਾਰ ਗੱਲ ਇਹ ਵੀ ਹੈ ਕਿ ਸਜ਼ਾਵਾਂ ਦੇਣ ਦਾ ਇਹ ਕੰਮ ਆਪਣੇ ਆਪ ਨੂੰ ਧਾਰਮਿਕ ਕਹਿਣ ਵਾਲੇ ਲੋਕਾਂ ਨੇ ਹੀ ਕੀਤਾ।

ਗੁਰੂ ਨਾਨਕ ਜਿਨ੍ਹਾਂ ਨੂੰ ਸਿੱਖ ਧਰਮ ਦਾ ਮੋਢੀ ਸਮਝਿਆ ਜਾਂਦਾ ਹੈ, ਨੂੰ ਵੀ ਲੋਕਾਂ ਨੇ ਅਨਪੜ੍ਹ, ਬੇਤਾਲਾ ਤੇ ਕੁਰਾਹੀਆ ਕਿਹਾ। 'ਵਸਦੇ ਰਹੋ ਤੇ ਉੱਜੜ ਜਾਵੋ' ਸਾਖੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਉਸ ਜ਼ਮਾਨੇ ਵਿੱਚ ਗੁਰੂ ਨਾਨਕ ਦੇ ਮੱਤ ਦਾ ਵੀ ਬਹੁਤ ਵਿਰੋਧ ਹੋਇਆ ਸੀ। ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਇਆਨੰਦ ਨੇ ਜਦੋਂ ਮੂਰਤੀ-ਪੂਜਾ ਦਾ ਵਿਰੋਧ ਕੀਤਾ ਤਾਂ ਉਸਨੂੰ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਤੇ ਆਖਰ ਵਿਰੋਧੀ ਕਾਮਯਾਬ ਵੀ ਹੋ ਗਏ। ਉਸਨੇ ਵੀ ਲੋਕਾਂ ਨੂੰ ਨਵਾਂ ਰਾਹ ਦੇਣ ਦੀ ਕੋਸ਼ਿਸ਼ ਕੀਤੀ ਸੀ।

ਇਸੇ ਤਰ੍ਹਾਂ ਮਹਾਨ ਸਮਾਜ-ਸੁਧਾਰਕ 'ਰਾਜਾ ਰਾਮ ਮੋਹਨ ਰਾਏ'

ਜਿਸਨੇ ਮੂਰਤੀ ਪੂਜਾ, ਸਤੀ ਪ੍ਰਥਾ, ਬਾਲ ਵਿਆਹ ਆਦਿ ਬਾਰੇ ਲੋਕਾਂ ਨੂੰ ਗਿਆਨ ਦੇਣ ਦੀ ਕੋਸ਼ਿਸ਼ ਕੀਤੀ ਤਾਂ ਸਭ ਤੋਂ ਪਹਿਲਾਂ ਘਰ ਵਾਲਿਆਂ ਨੇ ਉਸਦਾ ਵਿਰੋਧ ਕਰਦੇ ਹੋਏ ਉਸਨੂੰ ਬੇਦਖਲ ਕਰ ਦਿੱਤਾ। ਪਰ ਉਸਦਾ ਨਾਮ ਮਹਾਨ-ਸਮਾਜ-ਸੁਧਾਰਕਾਂ ਵਿੱਚ ਲਿਆ ਜਾਂਦਾ ਹੈ। ਪਰ ਜਿਉਂਦੇ-ਜੀਅ ਉਸਨੂੰ ਵੀ ਵੱਡਾ ਵਿਰੋਧ ਝੱਲਣਾ ਪਿਆ।

ਇਸੇ ਤਰ੍ਹਾਂ ਭਗਤੀ-ਧਾਰਾਂ ਦੇ ਸਾਰੇ ਕਵੀਆਂ ਨੂੰ ਹੀ ਕਿਸੇ ਨਾ ਕਿਸੇ ਤਰ੍ਹਾਂ ਦਾ ਵਿਰੋਧ ਝੱਲਣਾ ਪਿਆ। ਮਹਾਨ ਵਿਗਿਆਨਕਾਂ ਕਾਪਰਨੀਕਸ, ਗਲੀਲਿਉ, ਬਰੂਨੋ, ਸਰਜਰੀ ਵਿਗਿਆਨ ਜਨਮ-ਦਾਤਾ ਡਾਕਟਰ ਵਸਾਲੀਅਸ ਆਦਿ ਨੂੰ ਕੇਵਲ ਨਵੀਆਂ ਖੋਜਾਂ ਕਰਨ ਬਦਲੇ ਹੀ ਮੌਤ ਤੱਕ ਦੀ ਸਜ਼ਾ ਝੱਲਣੀ ਪਈ। ਇਹ ਹਸ਼ਰ ਹੋਇਆ ਇਸ ਦੁਨੀਆਂ ਨੂੰ ਸੁਧਾਰਨ ਜਾਂ ਨਵਾਂ ਰਾਹ ਦੇਣ ਵਾਲੇ ਮਹਾਨ ਲੋਕਾਂ ਦਾ। ਫਿਰ ਭਲਾ ਉਨ੍ਹਾਂ ਲੋਕਾਂ ਦਾ ਵਿਰੋਧ ਤਾਂ ਸਧਾਰਨ ਜਿਹੀ ਗੱਲ ਹੈ ਜਿਹੜੇ ਇਸ ਦੇਸ਼ ਦੇ ਪਿਛਾਂਹਖਿੱਚੂ, ਰੂੜੀਵਾਦੀ ਅਤੇ ਅਖੌਤੀ ਧਾਰਮਿਕ ਲੋਕਾਂ ਨੂੰ ਤਰਕ ਅਤੇ ਵਿਗਿਆਨ ਦਾ ਪਾਠ ਪੜ੍ਹਾਉਣਾ ਚਾਹੁੰਦੇ ਹਨ। ਅਜੋਕੇ ਵਿਗਿਆਨ ਅਤੇ ਤਕਨੀਕੀ ਯੁੱਗ ਵਿੱਚ ਵੀ ਸਾਡੇ ਲੋਕਾਂ ਦੇ ਵਿਚਾਰ ਬਹੁਤ ਹੀ ਪਿਛਾਂਹਖਿੱਚੂ ਹਨ। ਉਨ੍ਹਾਂ ਨੂੰ ਆਪਣੀ ਪੁਰਾਣੀ ਸੰਸਕ੍ਰਿਤੀ ਨਾਲ ਚਿੰਬੜੇ ਰਹਿਣਾ ਚੰਗਾ ਲੱਗਦਾ ਹੈ। ਇਸ ਕਰਕੇ ਨਵੇਂ ਰਾਹ ਉਤੇ ਚੱਲਣ ਵਾਲਾ ਹਰ ਵਿਅਕਤੀ ਉਨ੍ਹਾਂ ਨੂੰ ਬਾਗੀ ਲੱਗਦਾ ਹੈ।

ਸਮਾਜ ਦੇ ਕਿਸੇ ਖੇਤਰ ਦੀ ਗੱਲ ਕਰੀਏ, ਉਹੀ ਵਿਅਕਤੀ ਚੰਗਾ ਸਮਝਿਆ ਜਾਂਦਾ ਹੈ, ਜਿਹੜਾ ਲਕੀਰ ਦਾ ਫ਼ਕੀਰ ਬਣਕੇ ਚਲਦਾ ਰਹੇ। ਨਵੇਂ ਰਾਹ ਉਤੇ ਨਵੀਆਂ ਪੈੜਾਂ ਕਰਨ ਵਾਲਾ ਵਿਅਕਤੀ ਹਮੇਸ਼ਾ ਦੂਜਿਆਂ ਦੀਆਂ ਅੱਖਾਂ ਵਿੱਚ ਰੜਕਦਾ ਹੈ। ਚਾਰੇ ਪਾਸੇ ਉਸਦੇ ਦੁਸ਼ਮਣ ਹੀ ਦੁਸ਼ਮਣ ਹੋ ਜਾਂਦੇ ਹਨ।

ਸਾਡੇ ਪੂਰਬੀ ਦੇਸ਼ਾਂ ਦੇ ਲੋਕ ਪੱਛਮੀ ਸੰਸਕ੍ਰਿਤੀ ਨੂੰ ਆਪਣਾ ਦੁਸ਼ਮਣ ਸਮਝਦੇ ਹਨ ਅਤੇ ਉਸਦੀ ਨਿੰਦਾ ਕਰਦੇ ਨਹੀਂ ਥੱਕਦੇ ਪਰ ਖਾਸ ਗੱਲ ਇਹ ਹੈ ਕਿ ਜਿਸ ਸੰਸਕ੍ਰਿਤੀ ਦੀ ਰੋਜ਼ ਨਿੰਦਾ ਕੀਤੀ ਜਾਂਦੀ ਹੈ, ਉਸੇ ਨੂੰ ਹੀ ਪੀੜ੍ਹੀ ਦਰ ਪੀੜ੍ਹੀ ਅਪਣਾਇਆ ਜਾ ਰਿਹਾ ਹੈ। ਅਸੀਂ ਪੂਰਬ ਵਾਲੇ ਉਧਰ ਹੀ ਜਾ ਰਹੇ ਜਿੱਧਰ ਪੱਛਮ ਵਾਲੇ ਸਾਡੇ ਨਾਲੋਂ ਬਹੁਤ ਸਾਲ ਪਹਿਲਾਂ ਜਾ ਚੁੱਕੇ ਹਨ। ਪਰ ਫਿਰ ਵੀ ਅਸੀਂ ਉਨ੍ਹਾਂ ਦੀ ਨਿੰਦਾ ਕਰਨੋਂ ਬਾਜ਼ ਨਹੀਂ ਆਉਂਦੇ।

ਨਵੀਨਤਾ ਜਾਂ ਪ੍ਰਗਤੀਸ਼ੀਲਤਾ ਦੇ ਪ੍ਰਤੀ ਸਾਡੀ ਲਾਈਲੱਗ ਜਨਤਾ ਦਾ ਇਹ ਰੁਝਾਨ ਕਿਉਂ ਹੈ ਕਿਉਂ ਅਸੀਂ ਨਵਾਂ ਰਾਹ ਦੱਸਣ ਵਾਲਿਆਂ ਨੂੰ ਆਪਣਾ ਦੁਸ਼ਮਣ ਸਮਝਦੇ ਹਾਂ। ਹਰ ਥਾਂ ਉੱਤੇ ਪਿਛਾਂਹਖਿੱਚੂ ਲੋਕਾਂ ਨੂੰ ਹਾਰ ਦਾ ਮੂੰਹ ਦੇਖਣਾ ਪੈਂਦਾ ਹੈ ਫਿਰ ਵੀ ਉਹ ਉਹੀ ਪੁਰਾਣੇ ਵਿਚਾਰਾਂ ਦੇ ਯੁੱਧ ਵਿੱਚ ਕੁੱਝ ਸਮਾਂ ਪਾ ਕੇ ਨਵੇਂ ਵਿਚਾਰ ਹੀ ਜੇਤੂ ਹੁੰਦੇ ਹਨ ਫਿਰ ਵੀ ਲਾਈਲੱਗ ਲੋਕਾਂ ਦੀ ਭੀੜ ਕਾਇਮ ਹੈ।

ਸਮਾਜ ਦਾ ਰੂਪ ਕਦੇ ਇੱਕੋ ਜਿਹਾ ਨਹੀਂ ਰਿਹਾ। ਜਿਉਂ ਜਿਉਂ ਪੈਦਾਵਾਰ ਦੇ ਸਾਧਨ ਤਰੱਕੀ ਕਰਦੇ ਗਏ ਹਨ, ਸਮਾਜ ਵਿੱਚ ਮੌਜੂਦ ਕਦਰਾਂ-ਕੀਮਤਾਂ ਵੀ ਬਦਲਦੀਆਂ ਰਹੀਆਂ ਹਨ। ਸਮਾਜ ਦੇ ਮੌਜੂਦਾ ਨੈਤਿਕ ਮੁੱਲ ਉਹ ਨਹੀਂ ਹਨ ਜੋ ਕਦੇ ਪਹਿਲਾਂ ਹੁੰਦੇ ਸਨ। ਔਰਤ ਨੂੰ ਕਦੇ ਬੱਚੇ ਜੰਮਣ ਵਾਲੀ ਮਸ਼ੀਨ ਸਮਝਿਆ ਜਾਂਦਾ ਸੀ। ਉਹ ਕੇਵਲ ਘਰ ਦੇ ਨਾਲ ਬੱਝੀ ਹੋਈ ਮਰਦ ਦੀ ਗੁਲਾਮ ਸੀ। ਉਹ ਪਤੀ ਨੂੰ ਆਪਣਾ ਪ੍ਰਮੇਸ਼ਵਰ ਜਾਂ ਮਾਲਿਕ ਮੰਨਦੀ ਸੀ। ਹਰ ਤਰ੍ਹਾਂ ਨਾਲ ਉਸਦੀ ਗੁਲਾਮੀ ਕਰਨ ਵਾਲੀ ਦਾਸੀ ਸੀ। ਪਰ ਅੱਜ ਉਸਦਾ ਰੂਪ ਪੂਰੀ ਤਰ੍ਹਾਂ ਬਦਲ ਗਿਆ ਹੈ। ਉਹ ਹਰ ਖੇਤਰ ਵਿੱਚ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਹੈ। ਮਰਦ ਦਾ ਦ੍ਰਿਸ਼ਟੀਕੋਣ ਵੀ ਉਸ ਪ੍ਰਤੀ ਬਦਲ ਰਿਹਾ ਹੈ। ਆਰਥਿਕ ਤਰੱਕੀ ਵਿੱਚ ਵੀ ਹੁਣ ਔਰਤ ਦਾ ਬਰਾਬਰ ਜਾਂ ਇਸਤੋਂ ਵੀ ਵੱਧ ਯੋਗਦਾਨ ਹੈ। ਹੁਣ ਉਹ ਦਾਸੀ ਨਹੀਂ, ਆਪਣੀ ਮਰਜ਼ੀ ਦੀ ਮਾਲਕ ਹੈ। ਉਸਨੂੰ ਮਰਦ ਤੋਂ ਆਪਣੀ ਆਜਾਦੀ ਵਾਪਸ ਖੋਹਣੀ ਪਈ ਹੈ। ਪਹਿਲਾਂ ਪਹਿਲ ਔਰਤ ਦੀ ਟੁੱਟਦੀ ਗੁਲਾਮੀ ਦਾ ਬਹੁਤ ਵਿਰੋਧ ਹੋਇਆ ਪਰ ਹੌਲੀ ਹੌਲੀ ਉਹ ਕਾਮਯਾਬ ਹੋ ਰਹੀ ਹੈ ਕਿਉਂਕਿ ਜੀਵਨ ਦੇ ਹਰ ਖੇਤਰ ਵਿੱਚ ਉਸਨੇ ਮਰਦ ਨੂੰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਉਹ ਮਰਦ ਨਾਲੋਂ ਕਿਸੇ ਵੀ ਪੱਖੋਂ ਘੱਟ ਨਹੀਂ। ਉਸਨੇ ਮਰਦ ਨੂੰ ਮੁਕਾਬਲੇ ਦੀ ਦੌੜ ਵਿੱਚ ਪਛਾੜ ਕੇ ਰੱਖ ਦਿੱਤਾ ਹੈ ਪਰ ਅਜੋਕੇ ਸਮਾਜ ਵਿੱਚ ਮਰਦ ਹੀ ਉਸਦਾ ਵਿਰੋਧੀ ਨਹੀਂ, ਸਗੋਂ ਪੁਰਾਣੀ ਸੋਚ ਦੀ ਮਾਲਕ ਹਰ ਔਰਤ ਹੀ ਉਸਦੀ ਦੁਸ਼ਮਣ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜੀਵਨ ਦੇ ਹਰ ਖੇਤਰ ਵਿੱਚ ਨਵੀਂ ਸੋਚ ਵਾਲੇ ਵਿਅਕਤੀ ਵੀ ਉਸੇ ਸਮਾਜ ਵਿੱਚ ਰਹਿੰਦੇ ਹਨ ਜਿਸ ਵਿੱਚ ਪਿਛਾਂਹਖਿੱਚੂ ਸੋਚ ਵਾਲੇ ਰਹਿੰਦੇ ਹਨ। ਨਵਾਂ ਗਿਆਨ, ਨਵੀਂ ਸੋਚ ਰੱਖਣ ਵਾਲਿਆਂ ਅਤੇ ਨਵੀਆਂ ਉਡਾਰੀਆਂ ਮਾਰਨ ਵਾਲੇ ਲੋਕਾਂ ਨੂੰ ਹਮੇਸ਼ਾ ਹੀ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੈਰ-ਪੈਰ ਉਤੇ ਉਨ੍ਹਾਂ ਦੇ ਦੁਸ਼ਮਣ ਉਨ੍ਹਾਂ ਦਾ ਰਾਹ ਰੋਕੀ ਖੜ੍ਹੇ ਹਨ। ਸੋ ਉਨ੍ਹਾਂ ਨੂੰ ਨਵੇਂ ਰਾਹ ਉਤੇ ਚੱਲਣ ਵੇਲੇ ਠੋਸ ਤਰਕ ਅਤੇ ਦਲੀਲਾਂ ਨਾਲ ਆਪਣੇ ਦੁਸ਼ਮਣਾਂ ਦਾ ਮੂੰਹ ਮੋੜਨ ਲਈ ਤਿਆਰ ਰਹਿਣਾ ਚਾਹੀਦਾ ਹੈ। ਹਰ ਕਾਲੀ-ਹਨ੍ਹੇਰੀ ਰਾਤ ਇਕ ਨਵੇਂ ਰੌਸ਼ਨ-ਦਿਨ ਨੂੰ ਜਨਮ ਦਿੰਦੀ ਹੈ। ਸੋ ਹਮੇਸ਼ਾ ਆਸ਼ਾਵਾਦੀ ਬਣੋ।

ਵਿਅੰਗ / ਭ੍ਰਿਸ਼ਟਾਚਾਰ ਤੇ ਬਾਬਾ

ਭ੍ਰਿਸ਼ਟਾਚਾਰ ਰਾਹੀਂ ਆਪ ਜੋੜ ਮਾਇਆ,
ਮਿਟਾਉਣ ਚੱਲਿਆ ਭ੍ਰਿਸ਼ਟਾਚਾਰ ਬਾਬਾ।
ਮਰਨ ਵਰਤ ਰੱਖਿਆ ਦਿੱਲੀ ਮੈਦਾਨ ਅੰਦਰ,
ਲਾ ਕੇ ਤੰਬੂ ਫਾਈਵ ਸਟਾਰ ਬਾਬਾ।
ਪਈ ਰੇਡ ਤਾਂ ਸਵਾਮੀ ਫਿਰੇ ਲੁਕਦਾ,
ਝੱਟ ਔਰਤਾਂ ਦੇ ਵਿਚਕਾਰ ਬਾਬਾ।
ਅਲੋਮ ਵਲੋਮ ਗਏ ਫਿਰ ਭੁੱਲ ਸਾਰੇ
ਪਾਈ ਫਿਰੇ ਕੁੜਤੀ ਤੇ ਸਲਵਾਰ ਬਾਬਾ।
ਸਾਧ ਘੱਟ ਨਹੀਂ ਭ੍ਰਿਸ਼ਟਾਚਾਰੀਆਂ ਤੋਂ,
ਲੁੱਟੀ ਜਾਂਦੇ ਜੋ ਸਾਰਾ ਸੰਸਾਰ ਬਾਬਾ।
ਪਾਰਸਲ ਕਰਕੇ 'ਸੋਨੀ' ਦਿੱਲੀ ਵਾਲਿਆਂ ਨੇ,
ਭੇਜ ਦਿੱਤਾ ਸਿੱਧਾ ਹਰਿਦੁਆਰ ਬਾਬਾ।

ਜਸਵੀਰ ਸੋਨੀ ਮੋਬਾ: 94787-76938

ਵਿਗਿਆਨਕ ਖ਼ਬਰਾਂ

• ਸੰਯੋਗ ਨਾਲ ਆ ਗਿਆ ਸੀ ਧਰਤੀ ਉੱਤੇ ਸੋਨਾ

ਅਰਬਾਂ ਸਾਲ ਪਹਿਲਾਂ ਧਰਤੀ 'ਤੇ ਜੇਕਰ ਧੂਮਕੇਤੂਆਂ ਦੀ ਵਰਖਾ ਨਾ ਹੁੰਦੀ ਤਾਂ ਇਨਸਾਨ ਕਦੇ ਵੀ ਸੋਨੇ ਦੀ ਉਸ ਚਮਕ ਤੋਂ ਰੂ-ਬ-ਰੂ ਨਾ ਹੋ ਸਕਦਾ। ਜਿਸਨੇ ਨਾ ਜਾਣੇ ਕਿੰਨੀਆਂ ਸੱਭਿਆਤਾਵਾਂ ਦੇ ਬਣਨ ਅਤੇ ਖ਼ਤਮ ਹੋਣ ਦੀਆਂ ਕਹਾਣੀਆਂ ਲਿਖੀਆਂ।

ਲੱਗਭਗ 20 ਕਰੋੜ ਸਾਲ ਪਹਿਲਾਂ ਜਦ ਇਨ੍ਹਾਂ ਗ੍ਰਹਿਆਂ ਦਾ ਨਿਰਮਾਣ ਹੋ ਰਿਹਾ ਸੀ ਅਤੇ ਬ੍ਰਹਿਮੰਡ ਵਿੱਚ ਭਾਰੀ ਉਥਲ-ਪੁਥਲ ਮੱਚੀ ਸੀ ਤਦ ਧਰਤੀ ਪਿਘਲੇ ਖਣਿਜਾਂ ਦਾ ਇਕ ਪਿੰਡ ਭਰ ਸੀ ਜੋ ਗ੍ਰਹਿਆਂ ਦੇ ਆਕਾਰ ਦੇ ਅਕਾਸ਼ੀ ਪਿੰਡਾਂ ਦੇ ਟਕਰਾਉਣ ਦੇ ਕਾਰਨ ਪੈਦਾ ਹੋਈ ਊਰਜਾ ਨਾਲ ਦਹਿਕ ਰਹੀ ਸੀ। ਇਨ੍ਹਾਂ ਅਸਾਧਾਰਣ ਟਕਰਾਅ ਨੇ ਹੀ ਸ਼ਾਇਦ ਚੰਦਰਮਾ ਨੂੰ ਉਛਾਲਕੇ ਧਰਤੀ ਤੋਂ ਥੋੜ੍ਹੀ ਦੂਰ ਕਰ ਦਿੱਤਾ। ਇਸਦੇ ਨਾਲ ਹੀ ਅਰਬਾਂ ਟਨ ਪਿਘਲਿਆ ਹੋਇਆ ਸੋਨਾ ਅਤੇ ਪਲੈਟਿਨਮ ਧਰਤੀ ਦੇ ਕੇਂਦਰ ਵਿੱਚ ਸਮਾਅ ਗਿਆ। ਸੋਨਾ ਅਤੇ ਪਲੈਟਿਨਮ ਦਾ ਇਹ ਭੰਡਾਰ ਇਨਾਂ ਵੱਡਾ ਸੀ ਕਿ ਇਸ ਨਾਲ ਧਰਤੀ ਨੂੰ ਪੂਰੀ ਤਰ੍ਹਾਂ ਨਾਲ ਚਾਰ ਮੀਟਰ ਚੌੜੀ ਚਾਦਰ ਨਾਲ ਡੱਕਿਆ ਜਾ ਸਕਦਾ ਸੀ। ਇਸ ਤੋਂ ਬਾਅਦ ਲੰਮੇ ਸਮੇਂ ਤੱਕ ਇਸ ਕੀਮਤੀ ਧਾਤੂ ਦਾ ਇਹ ਭੰਡਾਰ ਇਨਸਾਨ ਦੀ ਪਹੁੰਚ ਤੋਂ ਦੂਰ ਧਰਤੀ ਦੇ ਗਰਭ ਵਿੱਚ ਪਿਆ ਰਿਹਾ।

ਥੋੜ੍ਹੀ ਜਾਣਕਾਰੀ ਤਾਂ ਸਭ ਨੂੰ ਪਹਿਲਾਂ ਤੋਂ ਹੀ ਸੀ। ਰਹੱਸ ਇਹ ਸੀ ਕਿ ਧਰਤੀ ਦੀ ਸਭ ਤੋਂ ਬਾਹਰਲੀ ਸਤ੍ਹਾ ਅਤੇ ਉਸਦੇ ਹੇਠਲੇ ਹਿੱਸੇ ਵਿੱਚ ਸੋਨੇ ਦੇ ਇਲਾਵਾ ਦੂਸਰੇ ਤੱਤ ਇਨ੍ਹੀਂ ਜ਼ਿਆਦਾ ਮਾਤਰਾ ਵਿੱਚ ਕਿਉਂ ਭਰੇ ਰਹੇ। ਜੇਕਰ ਧਰਤੀ ਦੇ ਸ਼ੁਰੂਆਤੀ ਦੌਰ ਵਿੱਚ ਬਰਫ਼ ਪਿਘਲਣ ਦੇ ਦੌਰਾਨ ਬਾਹਰ ਤੋਂ ਦੂਸਰੇ ਤੱਤ ਨਹੀਂ ਆਏ ਹੁੰਦੇ ਤਾਂ ਧਰਤੀ ਦੀ ਬਾਹਰਲੀ ਪਰਤ ਦੇ ਬਾਅਦ ਵਾਲੇ ਹੇਠਲੇ ਹਿੱਸੇ ਵਿੱਚ ਇਹ ਕੀਮਤੀ ਧਾਤੂ ਜਿੰਨੇ ਹੋਣੇ ਚਾਹੀਦੇ ਸਨ ਉਸ ਤੋਂ ਦਸ ਗੁਣਾ ਜਾਂ ਫਿਰ ਹਜ਼ਾਰ ਗੁਣਾ ਜ਼ਿਆਦਾ ਮੌਜੂਦ ਸੀ। ਇਸ ਲਈ ਇਹ ਸਿਧਾਂਤ ਸਾਹਮਣੇ ਆਇਆ ਕਿ ਸੋਨਾ ਅਤੇ ਦੂਸਰੇ ਚਮਕੀਲੇ ਦੁਰਲਭ ਧਾਤੂ ਬਾਹਰੀ ਆਕਾਸ਼ ਤੋਂ ਸਾਡੇ ਗ੍ਰਹਿ 'ਤੇ ਤਦ ਆਏ ਜਦ ਘੁੰਮਦੀ ਅਤੇ ਪਰਿਕਰਮਾ ਕਰਦੀ ਧਰਤੀ ਸਖਤ ਹੋਕੇ ਜੰਮਣ ਲਾਇਕ ਠੰਡੀ ਹੋ ਚੁੱਕੀ ਸੀ।

ਪਰ ਇਹ ਤਾਂ ਇਕ ਸਿਧਾਂਤ ਭਰ ਹੈ ਇਸਦੇ ਸੱਚ ਦੀ ਜਾਂਚ ਕਰਨ ਦੇ ਲਈ ਬ੍ਰਿਟੇਨ ਦੀ ਬ੍ਰਿਸਟਲ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਥਿਆਸ ਵਿਲਬੋਲਡ ਦੀ ਅਗਵਾਈ ਵਿੱਚ ਤਿੰਨ ਵਿਗਿਆਨੀਆਂ ਨੇ ਪ੍ਰਾਚੀਨ ਚੱਟਾਨਾਂ ਦਾ ਅਧਿਐਨ ਕੀਤਾ। ਗ੍ਰੀਨਲੈਂਡ ਦੇ ਚਟਾਨ ਧਰਤੀ ਦੇ ਬਣਨ ਸਮੇਂ ਅਤੇ ਧੂਮਕੇਤੂਆਂ ਦੀ ਬੰਬਾਰੀ ਤੋਂ ਪਹਿਲਾਂ ਆਪਣੀ ਆਕ੍ਰਿਤੀ ਵਿੱਚ ਬਣ ਗਏ। ਆਧੁਨਿਕ ਤਕਨੀਕ ਦੀ ਵਰਤੋਂ ਕਰ ਰਹੇ ਇਨ੍ਹਾਂ ਲੋਕਾਂ ਨੇ ਟੰਗਸਟਨ ਦੇ ਆਇਸੋਟੌਪਿਕ ਸੰਰਚਨਾ ਦੀ ਮਾਪਤੋਲ ਕੀਤੀ। ਟੰਗਸਟਨ ਸੋਨਾ ਦੂਸਰੇ ਭਾਰੀ ਅਤੇ ਕੀਮਤੀ ਤੱਤਾਂ ਵਰਗਾ ਹੀ ਇੱਕ ਤੱਤ ਹੈ। ਧਰਤੀ ਦੇ ਨਿਰਮਾਣ ਦੇ ਦੌਰਾਨ ਹੀ ਇਹ ਤੱਤ ਵੀ ਗੁਰੂਤਾਕਰਸ਼ਣ ਦੇ ਕਾਰਨ ਕੇਂਦਰ ਵਿੱਚ ਜਮ੍ਹਾ ਹੋ ਗਿਆ। ਪ੍ਰਮਾਣੂਆਂ ਦੀ ਰਸਾਇਣਕ ਸੰਰਚਨਾ ਇਕ ਹੀ ਰਹਿੰਦੀ ਹੋਈ ਉਹਨਾਂ ਵਿੱਚ ਨਿਊਟ੍ਰਾਨ ਦੀ ਮਾਤਰਾ ਵੱਖ-ਵੱਖ ਹੋ ਸਕਦੀ ਹੈ ਅਤੇ ਇਸਦੇ ਨਾਲ ਹੀ ਪ੍ਰਮਾਣੂ ਦਾ ਭਾਰ ਨਿਸ਼ਚਿਤ ਹੁੰਦਾ ਹੈ। ਉਹਨਾਂ ਨੂੰ ਆਈਸੋਟੋਪ ਕਿਹਾ ਜਾਂਦਾ ਹੈ। ਵੱਖ-ਵੱਖ ਆਈਸੋਟੋਪ ਉਸ ਖਣਿਜ ਦੀ ਉਤਪਤੀ ਅਤੇ ਉਮਰ ਦੇ ਬਾਰੇ ਵਿੱਚ ਜਾਣਕਾਰੀ ਦੇ ਸਕਦੇ ਹਨ।

ਗ੍ਰੀਨਲੈਂਡ ਦੇ ਚਟਾਨਾਂ ਦੇ ਨਮੂਨਿਆਂ ਦਾ ਧਰਤੀ ਦੇ ਦੂਸਰੇ ਹਿੱਸੇ ਦੀਆਂ ਚਟਾਨਾਂ ਦੀ ਤੁਲਨਾ ਕਰਨ ਤੋਂ ਬਾਅਦ ਵਿਗਿਆਨੀਆਂ ਨੇ ਇਕ ਬਹੁਤ ਛੋਟੇ ਗੈਰਮਾਮੂਲੀ ਅੰਤਰ ਵਾਲੇ ਇਕ ਖਾਸ ਆਈਸੋਟੌਪ ਦੀ ਵੱਡੀ ਭਾਰੀ ਮਾਤਰਾ ਦੀ ਖੋਜ ਕੀਤੀ। ਇਸਨੂੰ 182 ਡਬਲਯੂ ਨਾਮ ਦਿੱਤਾ ਗਿਆ। ਦੂਸਰੇ ਆਈਸੋਟੌਪ ਤੋਂ ਇਸਦਾ ਅੰਤਰ ਬਸ 10 ਲੱਖ ਦਾ ਪੰਦਰਵਾਂ ਹਿੱਸਾ ਸੀ। ਇਹ ਅੰਤਰ ਇਸ ਸਿਧਾਂਤ ਦੇ ਨਾਲ ਬਿਲਕੁਲ ਮੇਲ ਨਹੀਂ ਖਾਂਦਾ ਹੈ ਕਿ ਇਨਸਾਨ ਜਿਸ ਸੋਨੇ ਦੇ ਲਈ ਮਰਨ ਜਾਂ ਮਾਰਨ ਲਈ ਤਿਆਰ ਹੋ ਜਾਂਦਾ ਹੈ ਉਹ ਪ੍ਰਾਚੀਨ ਸਮਿਆਂ ਵਿੱਚ ਧੂਮਕੇਤੂਆਂ ਦੀ ਬੰਮਬਾਰੀ ਤੋਂ ਤਿਆਰ ਹੋਇਆ ਇਕ ਬਾਈਪ੍ਰੋਡੀਕਟ ਹੈ, ਜੋ ਅਚਾਨਕ ਹੀ ਇਨ੍ਹਾਂ ਕੀਮਤੀ ਬਣ ਗਿਆ।

ਵਿਲਬੋਲਡ ਨੇ ਇੱਕ ਬਿਆਨ ਵਿੱਚ ਕਿਹਾ, ''ਸਾਡੀ ਖੋਜ ਦੱਸਦੀ ਹੈ ਕਿ ਜ਼ਿਆਦਾਤਰ ਕੀਮਤੀ ਧਾਤੂਆਂ ਜਿਨ੍ਹਾਂ 'ਤੇ ਸਾਡੀ ਉਦਯੋਗਿਕ ਪ੍ਰਕ੍ਰਿਆ ਨਿਰਭਰ ਹੈ। ਉਹ ਉਸਦਾ ਵਧੀਆ ਨਤੀਜਾ ਹੈ ਜੋ ਅਰਬਾਂ ਟਨ ਭਾਰੀ ਆਸਮਾਨ ਤੱਤਾਂ ਦੀ ਬੰਮਬਾਰੀ ਦੇ ਕਾਰਨ ਧਰਤੀ ਵਿੱਚ ਸ਼ਾਮਿਲ ਹੋ ਗਈ।''

• ਹੁਣ ਸੋਨੇ ਨਾਲ ਹੋਵੇਗਾ ਕੈਂਸਰ ਦਾ ਇਲਾਜ

ਆਸਮਾਨ ਨੂੰ ਛੂਹ ਰਿਹਾ ਸੋਨਾ ਹੁਣ ਕੇਵਲ ਜੇਵਰ ਬਣਾਉਣ ਦੇ ਕੰਮ ਨਹੀਂ

• ਧਰਤੀ ਦਾ ਦੂਜਾ ਚੰਦ ਵੀ ਸੀ

ਖੋਜਕਾਰੀਆਂ ਨੇ ਅਧਿਐਨ ਦੇ ਆਧਾਰ 'ਤੇ ਪਰਿਕਲਪਨਾ ਕੀਤੀ ਹੈ ਕਿ ਸੰਭਾਵਤ ਚਾਰ ਅਰਬ ਸਾਲ ਪਹਿਲਾਂ ਧਰਤੀ 'ਤੇ ਦੂਜਾ ਚੰਦ ਸੀ ਜੋ ਧੀਮੀ ਗਤੀ ਨਾਲ ਵੱਡੇ ਚੰਦ ਨਾਲ ਟਕਰਾਇਆ ਅਤੇ ਨਸ਼ਟ ਹੋ ਗਿਆ।



ਖੋਜਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਦੂਜਾ ਛੋਟਾ ਚੰਦ ਨਸ਼ਟ ਹੋਣ ਤੋਂ ਪਹਿਲਾਂ ਲੱਖਾਂ ਸਾਲਾਂ ਤੱਕ ਅਸਤਿਤਵ ਵਿੱਚ ਰਿਹਾ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਧੀਮੀ ਗਤੀ ਨਾਲ ਛੋਟੇ ਚੰਦ ਦੇ ਵੱਡੇ ਚੰਦ ਨਾਲ ਟਕਰਾਉਣ ਦੇ ਕਈ ਕਾਰਨ ਸੰਭਵ ਹਨ। ਚੰਦ 'ਤੇ ਧਰਤੀ ਤੋਂ ਨਜ਼ਰ ਆਉਣ ਵਾਲੀ ਪਰਤ ਉੱਪਰ ਕਈ ਖਾਈਆਂ ਹਨ (ਜਿਹਨੂੰ ਸਾਹਿਤਕਾਰ ਚੰਦ ਵਿੱਚ ਦਾਗ਼ ਕਹਿੰਦੇ ਹਨ) ਚੰਦ ਦਾ ਜਿਹੜਾ ਭਾਗ ਧਰਤੀ 'ਤੇ ਨਜ਼ਰ ਨਹੀਂ ਆਉਂਦਾ ਹੈ, ਉਸ ਪਾਸੇ ਇਸ ਟਕਰਾਅ ਦੇ ਕਾਰਨ ਲਗਭਗ 3000 ਮੀਟਰ ਉੱਚੇ ਪਹਾੜ ਪੈਦਾ ਹੋ ਗਏ।

ਮਾਤਰ 2.4 ਕਿਲੋਮੀਟਰ ਪ੍ਰਤੀ ਸੈਂਕੜੇ ਦਾ ਟਕਰਾਅ : ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਲਗਭਗ ਚਾਰ ਅਰਬ ਸਾਲ ਪਹਿਲਾਂ ਧਰਤੀ ਨਾਲ ਮੰਗਲ ਗ੍ਰਹਿ ਵਰਗਾ ਕੋਈ ਗ੍ਰਹਿ ਟਕਰਾਇਆ। ਇਸ ਟਕਰਾਅ ਦੇ ਕਾਰਨ ਮਲਬੇ ਤੋਂ ਇੱਕ ਚੰਦ ਪੈਦਾ ਹੋਣ ਦੀ ਥਾਂ ਦੋ ਚੰਦ ਪੈਦਾ ਹੋਏ।

ਦੂਜਾ ਚੰਦ ਧਰਤੀ ਦੇ ਗੁਰੂਤਾਕਰਸ਼ਣ ਦੇ ਕਾਰਨ ਧਰਤੀ ਅਤੇ ਵੱਡੇ ਚੰਦ ਦੇ ਵਿਚਕਾਰ ਫਸ ਗਿਆ। ਲੱਖਾਂ ਸਾਲ ਇਸ ਸਥਿਤੀ ਵਿੱਚ ਰਹਿਣ ਦੇ ਬਾਅਦ ਉਹ ਹੌਲੀ-ਹੌਲੀ ਚੰਦ ਵੱਲ ਅਕਰਸ਼ਿਤ ਹੋਇਆ ਅਤੇ ਲੱਗਭਗ 2.4 ਕਿਲੋਮੀਟਰ ਪ੍ਰਤੀ ਸੈਂਕੜੇ ਦੀ ਗਤੀ ਨਾਲ ਉਸਦੇ ਨਾਲ ਟਕਰਾਇਆ ਅਤੇ ਵਿਗਿਆਨੀਆਂ ਦੇ ਅਨੁਸਾਰ ਇਸ ਕਾਰਨ ਵੱਡੇ ਚੰਦ 'ਤੇ 3000 ਮੀਟਰ ਉੱਚੇ ਪਹਾੜ ਪੈਦਾ ਹੋ ਗਏ।

ਇਸ ਅਧਿਐਨ ਨਾਲ ਜੁੜੇ ਸਵਿਟਜ਼ਰਲੈਂਡ ਦੇ ਬਰਨ ਵਿਸ਼ਵ-ਵਿਦਿਆਲਿਆ ਦੇ ਇਕ ਡਾਕਟਰ ਮਾਰਟਿਨ ਜੁਤਜ਼ੀ ਦਾ ਕਹਿਣਾ ਹੈ, "ਇਹ ਟਕਰਾਅ ਬਹੁਤ ਹੀ ਧੀਮੀ ਗਤੀ ਨਾਲ ਹੋਇਆ ਸੀ, ਲਗਭਗ 2.4 ਕਿਲੋਮੀਟਰ ਪ੍ਰਤੀ ਸਕਿੰਟ ਦੀ ਗਤੀ ਨਾਲ-ਇਹ ਮਹੱਤਵਪੂਰਨ ਹੈ ਕਿਉਂਕਿ ਇਸਦਾ ਮਤਲਬ ਹੈ ਕਿ ਨਾ ਕੋਈ ਵੱਡਾ ਝਟਕਾ ਲੱਗਿਆ ਅਤੇ ਨਾ ਹੀ ਵੱਡੀ ਮਾਤਰਾ ਵਿੱਚ ਕੁਝ ਪਿਘਲਿਆ।"

ਕਈ ਸਾਲਾਂ ਤੋਂ ਵਿਗਿਆਨੀ ਵੱਡੇ ਚੰਦ 'ਤੇ ਖਾਈਆਂ ਅਤੇ ਪਹਾੜਾਂ ਦੇ ਹੋਣ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹੁਣ ਉਹਨਾਂ ਨੂੰ ਉਮੀਦ ਹੈ ਕਿ ਨਾਸਾ ਦੇ ਵਿਗਿਆਨੀ ਇਸ ਨਵੀਂ ਪਰਿਕਲਪਨਾ ਨੂੰ ਜਾਂ ਤਾਂ ਸਹੀ ਠਹਿਰਾਉਣਗੇ ਜਾਂ ਫਿਰ ਖਾਰਿਜ਼ ਕਰ ਦਿੱਤਾ ਜਾਵੇਗਾ।

ਆਵੇਗਾ ਬਲਕਿ ਕੈਂਸਰ ਦੇ ਇਲਾਜ ਵਿੱਚ ਵੀ ਇਸਦਾ ਉਪਯੋਗ ਹੋਵੇਗਾ।

ਇੱਕ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਵਿਗਿਆਨਕਾਂ ਨੇ ਕੋਸ਼ਿਕਾਵਾਂ 'ਤੇ ਸੋਨੇ ਦੇ ਪ੍ਰਭਾਵ ਦੀ ਪੜਤਾਲ ਕੀਤੀ ਅਤੇ ਇਸ ਨੂੰ ਗੈਰ ਨੁਕਸਾਨਦੇਹ ਪਾਇਆ ਗਿਆ। ਇਸ ਤੋਂ ਪਹਿਲਾਂ ਦੇ ਅਧਿਐਨਾਂ ਵਿੱਚ ਇਸ ਤਕਨੀਕ ਨੂੰ ਨੁਕਸਾਨਦੇਹ ਪਾਇਆ ਗਿਆ ਸੀ। ਖੋਜ ਦਲ ਦੇ ਆਗੂ ਡਾ. ਲੁਇਸ ਵੇਡਲਾਂਕ ਦਾ ਦਾਅਵਾ ਹੈ ਕਿ ਇਕ ਤਕਨੀਕ - ਨੈਨੋਸਕੇਲ ਸੈਕੰਡਰੀ ਆਇਨ ਮਾਂਸ ਸਪੇਕਟ੍ਰੋਮੇਟ੍ਰੀ ਦੀ ਮਦਦ ਨਾਲ ਉਪਕੋਸ਼ਿਕਾਵਾਂ ਦੀ ਸਤ੍ਹਾ 'ਤੇ ਸੋਨੇ ਦੇ ਇਲਾਜ ਨੂੰ ਕਾਰਗਰ ਪਾਇਆ ਗਿਆ।

• ਹੀਰੇ ਤੋਂ ਬਣਿਆ ਗ੍ਰਹਿ

ਵਿਗਿਆਨੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਹੀਰੇ ਦੇ ਇੱਕ ਗ੍ਰਹਿ ਦੀ ਖੋਜ ਕੀਤੀ ਹੈ। ਇਹ ਗ੍ਰਹਿ ਧਰਤੀ ਤੋਂ ਚਾਰ ਹਜ਼ਾਰ ਪ੍ਰਕਾਸ਼ ਸਾਲ (ਵਰ੍ਹੇ) ਦੂਰ ਸਥਿਤ ਹੈ।

ਨਵਾਂ ਗ੍ਰਹਿ ਸੋਰ ਮੰਗਲ ਵਿੱਚ ਸ਼ਾਮਿਲ ਕਰਨ ਵਾਲੀ ਅਕਾਸ਼ ਗੰਗਾ ਵਿੱਚ ਸਥਿਤ ਨਸਤਰ-ਮਿਲਕੀ ਵਿੱਚ ਮਿਲਿਆ ਹੈ। ਵਿਗਿਆਨੀ ਹੁਣ ਇਸ ਦੀਆਂ ਸਪਸ਼ਟ ਤਸਵੀਰਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਨਵੇਂ ਗ੍ਰਹਿ ਦੀ ਖੋਜ ਅੰਤਰਰਾਸ਼ਟਰੀ ਵਿਗਿਆਨੀਆਂ ਦੀ ਇੱਕ ਟੀਮ ਨੇ ਕੀਤੀ ਹੈ ਜਿਸ ਵਿੱਚ ਆਸਟ੍ਰੇਲੀਆ, ਜਰਮਨੀ, ਇਟਲੀ, ਅਮਰੀਕਾ ਅਤੇ ਬਰਟੇਨ ਦੇ ਵਿਗਿਆਨੀ ਵੀ ਸ਼ਾਮਿਲ ਹਨ।

ਹੀਰਾ : ਵਿਗਿਆਨੀਆਂ ਦੇ ਅਨੁਸਾਰ ਨਵਾਂ ਗ੍ਰਹਿ ਹੀਰੇ ਵਾਂਗ ਅਤੇ ਸੰਘਣੇ ਪਦਾਰਥ ਦਾ ਬਣਿਆ ਹੋ ਸਕਦਾ ਹੈ। ਸਮਝਿਆ ਜਾਂਦਾ ਹੈ ਕਿ ਜ਼ਿਆਦਾ ਦਬਾਅ ਦੇ ਕਾਰਨ ਗ੍ਰਹਿ ਦੇ ਕੇਂਦਰ ਵਿੱਚ ਸਥਿਤ ਕਾਰਬਨ ਹੀਰੇ ਵਿੱਚ ਬਦਲ ਗਿਆ ਹੋਵੇਗਾ। ਨਵਾਂ ਗ੍ਰਹਿ ਸੂਰਜ ਮੰਡਲ ਦੇ ਵਿਸ਼ਾਲ ਗ੍ਰਹਿ ਬ੍ਰਹਿਸਪਤੀ ਤੋਂ ਛੋਟਾ ਹੋ ਸਕਦਾ ਹੈ ਪਰ ਇਸ ਦਾ ਤਾਪਮਾਨ ਜ਼ਿਆਦਾ ਹੋ ਸਕਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਗ੍ਰਹਿ ਵਿਸ਼ਾਲ ਤਾਰੇ ਤੋਂ ਬਣਿਆ ਹੋਵੇਗਾ।

ਸਮਝਿਆ ਜਾ ਰਿਹਾ ਹੈ ਕਿ ਇਹ ਤਾਰਾ ਟੁੱਟ ਗਿਆ ਅਤੇ ਹੁਣ ਉਹ ਕੇਵਲ ਇਸ ਗ੍ਰਹਿ ਦੇ ਰੂਪ ਵਿੱਚ ਬਚਿਆ ਹੈ। ਖੋਜ ਕਰਨ ਵਾਲੇ ਦਲ ਦੀ ਅਗਵਾਈ ਕਰਨ ਵਾਲੇ, ਮੈਲਬੋਰਨ ਦੀ ਸਿਵਨਬਨਰ ਯੂਨੀਵਰਸਿਟੀ ਆਫ਼ ਟੈਕਨਾਲੋਜੀ ਦੇ ਇੱਕ



ਵਿਗਿਆਨੀ ਨੇ ਦੱਸਿਆ ਕਿ ਨਵੇਂ ਗ੍ਰਹਿ ਦਾ ਪਤਾ ਰੇਡੀਓ ਤਰੰਗਾਂ ਤੋਂ ਲੱਗਿਆ। ਉਹਨਾਂ ਨੇ ਦੱਸਿਆ ਕਿ ਵਿਗਿਆਨੀਆਂ ਨੂੰ ਪਹਿਲਾਂ ਇੱਕ ਚੱਕਰ ਕੱਢਦਾ ਤਾਰਾ ਮਿਲਿਆ ਅਤੇ ਬਾਅਦ ਵਿੱਚ ਉਹਨਾਂ ਨੇ ਦੇਖਿਆ ਕਿ ਇੱਕ ਛੋਟਾ ਗ੍ਰਹਿ ਇਸਦੀ ਪਰਿਕਰਮਾ ਕਰ ਰਿਹਾ ਹੈ ਜੋ ਬਾਅਦ ਵਿੱਚ ਹੀਰੇ ਦਾ ਗ੍ਰਹਿ ਨਿਕਲਿਆ।

• ਪੁਲਾੜ ਯਾਤਰੀਆਂ ਦੀ ਘਾਟ

ਕੁਝ ਹੀ ਸਮਾਂ ਪਹਿਲਾਂ ਜਾਰੀ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਅਮਰੀਕੀ ਪੁਲਾੜ ਏਜੰਸੀ ਨਾਸਾ ਨੂੰ ਪੁਲਾੜ ਯਾਤਰੀਆਂ ਦੀ ਘਾਟ ਸਤਾ ਰਹੀ ਹੈ।

ਅਮਰੀਕਾ ਦੀ ਰਾਸ਼ਟਰੀ ਖੋਜ ਪ੍ਰਸਿੱਧ ਵਿਗਿਆਨ ਨਾਲ ਜੁੜੀ ਸਰਕਾਰੀ ਨੀਤੀਆਂ 'ਤੇ ਸਲਾਹ ਦਿੰਦੀ ਹੈ, ਉਸਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਨਾਸਾ ਨੂੰ ਆਪਣੇ ਪੁਲਾੜ ਯਾਤਰੀਆਂ ਦੀ ਸੰਖਿਆ ਵਧਾਉਣੀ ਚਾਹੀਦੀ ਹੈ।

ਇਸ ਸੰਸਥਾ ਦਾ ਕਹਿਣਾ ਹੈ ਕਿ ਜ਼ਿਆਦਾ ਪੁਲਾੜ ਯਾਤਰੀਆਂ ਦੀ ਜ਼ਰੂਰਤ ਅੰਤਰ ਰਾਸ਼ਟਰੀ ਪੁਲਾੜ ਕੇਂਦਰ 'ਚ ਲੋਕਾਂ ਨੂੰ ਰੱਖਕੇ ਨਵੇਂ ਯੰਤਰ ਚਲਾਉਣ ਲਈ ਹੈ। ਵਰਤਮਾਨ ਵਿੱਚ ਨਾਸਾ ਦੇ ਕੋਲ ਆਪਣਾ ਕੋਈ ਨਿੱਜੀ ਪੁਲਾੜ ਯੰਤਰ ਨਹੀਂ ਹੈ ਅਤੇ ਅਮਰੀਕੀ ਪੁਲਾੜ ਯਾਤਰੀਆਂ ਨੂੰ ਰੂਸ ਦੇ ਪੁਲਾੜ ਯੰਤਰਾਂ ਦੁਆਰਾ ਯਾਤਰਾ ਕਰਨੀ ਪੈਂਦੀ ਹੈ।

ਡਿੱਗਦੇ ਅੰਕੜੇ : ਇਸ ਰਿਪੋਰਟ ਦੇ ਅਨੁਸਾਰ ਪਿਛਲੇ ਇੱਕ ਸਾਲ ਵਿੱਚ ਕਈ ਪੁਲਾੜ ਯਾਤਰੀਆਂ ਨੇ ਜਾਂ ਤਾਂ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਹਨ ਜਾਂ ਫਿਰ ਉਹ ਸੇਵਾਰਹਿਤ ਹੋ ਗਏ ਹਨ। ਇਸ ਰਿਪੋਰਟ ਦੇ ਹਿਸਾਬ ਨਾਲ ਨਾਸਾ ਦੇ ਕੋਲ ਇਸ ਸਮੇਂ 60 ਪੁਲਾੜ ਯਾਤਰੀ ਹਨ ਜਦਕਿ ਇੱਕ ਦਹਾਕੇ

ਮੰਗਲ ਗ੍ਰਹਿ 'ਤੇ ਜੀਵਨ

ਮੰਗਲ ਗ੍ਰਹਿ 'ਤੇ ਜੀਵਨ ਦੀ ਤਲਾਸ਼ ਵਿੱਚ ਜੁਟੇ ਹੋਏ ਵਿਗਿਆਨੀਆਂ ਨੂੰ ਵੱਡੀ ਕਾਮਯਾਬੀ ਮਿਲੀ ਹੈ। ਆਸਟ੍ਰੇਲੀਆ ਵਿੱਚ ਅਜਿਹੇ ਜੀਵ ਪਾਏ ਗਏ ਹਨ ਜੋ ਅਰਬਾਂ ਸਾਲ ਪਹਿਲਾ ਬਿਨਾਂ ਅਕਸੀਜਨ ਤੇ ਰਹਿੰਦੇ ਸਨ। ਇਸ ਨਾਲ ਮੰਗਲ ਗ੍ਰਹਿ 'ਤੇ ਜੀਵਨ ਦੀ ਤਲਾਸ਼ ਸੌਖੀ ਹੋ ਗਈ।

ਆਸਟ੍ਰੇਲੀਆ ਵਿੱਚ ਮਿਲੇ ਸੂਖਮ ਜੀਵਾਣੂਆਂ ਤੋਂ ਇਸ ਗੱਲ ਦਾ ਪਤਾ ਲੱਗਿਆ ਹੈ ਕਿ ਮੰਗਲ ਗ੍ਰਹਿ ਉੱਪਰ ਜੀਵਨ ਸੰਭਵ ਹੈ। ਆਸਟ੍ਰੇਲੀਆ ਵਿੱਚ ਪਾਏ ਜਾਣ ਵਾਲੇ ਇਨ੍ਹਾਂ ਜੀਵਾਣੂਆਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ 3.4 ਅਰਬ ਸਾਲ ਪਹਿਲਾਂ ਧਰਤੀ 'ਤੇ ਅਜਿਹੇ ਬੈਕਟੀਰੀਆ ਪਾਏ ਗਏ ਸਨ ਜਿਹਨਾਂ ਵਿੱਚ ਆਕਸੀਜਨ ਨਹੀਂ ਸੀ ਅਤੇ ਇਸ ਨਾਲ ਇਸ ਆਸ ਨੂੰ ਮਜ਼ਬੂਤੀ ਮਿਲਦੀ ਹੈ ਕਿ ਮੰਗਲ ਗ੍ਰਹਿ 'ਤੇ ਜੀਵਨ ਮੌਜੂਦ ਹੈ।

ਵੈਸਟਰਨ ਆਸਟ੍ਰੇਲੀਆ ਅਤੇ ਆਕਸਫੋਰਡ ਵਿਸ਼ਵ-ਵਿਦਿਆਲਿਆ ਦੇ ਖੋਜਕਾਰੀਆਂ ਦਾ ਕਹਿਣਾ ਹੈ ਕਿ ਪ੍ਰਾਚੀਨ ਤਲਛਟੀ ਚਟਾਨਾਂ ਵਿੱਚ ਸਥਿਤ ਸੂਖਮ ਕੀਟਾਣੂਆਂ ਦੇ ਜੀਵਾਣੂਆਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਹੁਣ ਤੱਕ ਪਾਏ ਗਏ ਸਭ ਤੋਂ ਪੁਰਾਣੇ ਜੀਵਾਣੂ ਹਨ। ਇਸ ਨੂੰ ਲੈ ਕੇ ਲੱਗਭਗ ਇਕ ਦਹਾਕੇ ਤੱਕ ਬਹਿਸ ਹੁੰਦੀ ਰਹੀ।

ਜੀਵਾਣੂਆਂ ਦੇ ਨਮੂਨੇ ਪੱਛਮੀ ਆਸਟ੍ਰੇਲੀਆ ਪਿਲਬਰਾ ਇਲਾਕੇ ਵਿੱਚ ਸਥਿਤ ਸਟ੍ਰੇਲੀ ਪੂਲ ਵਿੱਚ ਪਾਏ ਗਏ ਹਨ। ਇੱਥੇ ਸੂਖਮ ਕੀਟਾਣੂ ਮਰਨ ਤੋਂ ਬਾਅਦ ਕਣਾਂ ਦੇ ਵਿੱਚ ਸੁਰੱਖਿਅਤ ਹੋ ਗਏ ਸੀ। ਸਾਲ 2002 ਵਿੱਚ ਇਸ ਖੇਤਰ 'ਚ 35 ਕਿਲੋਮੀਟਰ ਦੂਰ ਕੰਮ ਕਰਨ ਵਾਲੇ ਵਿਗਿਆਨੀਆਂ ਦੇ ਇੱਕ ਦਲ ਨੂੰ ਬੈਕਟੀਰਿਆ ਜੀਵਾਣੂ ਮਿਲੇ ਪਰ ਇਸ ਦਾਵੇ ਨੂੰ ਕੁਝ ਵਿਗਿਆਨੀਆਂ ਨੇ ਇਹ ਕਹਿੰਦੇ ਹੋਏ ਖਾਰਿਜ ਕਰ ਦਿੱਤਾ ਸੀ ਕਿ ਇਹ ਬੈਕਟੀਰਿਆ ਦੇ ਜੀਵਾਣੂ ਨਹੀਂ ਬਲਕਿ ਪੱਥਰਾਂ ਦੇ ਖਣਿਜੀਕਰਨ ਦਾ ਨਤੀਜਾ ਹੈ।

ਵਿਗਿਆਨੀਆਂ ਨੂੰ ਮਿਲੀ ਵੱਡੀ ਕਾਮਯਾਬੀ

ਖੋਜਕਾਰੀਆਂ ਦਾ ਮੰਨਣਾ ਹੈ ਕਿ ਇਹ ਬੈਕਟੀਰਿਆ ਜਿਉਂਦੇ ਰਹਿਣ ਲਈ ਗੰਧਕ ਯੋਗਿਕਾਂ 'ਤੇ ਨਿਰਭਰ ਰਹਿੰਦੇ ਸੀ। ਆਸਟ੍ਰੇਲੀਆ ਦੇ ਵੈਸਟਰਨ ਵਿਸ਼ਵ-ਵਿੱਦਿਆਲਿਆ ਦੇ ਪ੍ਰੋਫੈਸਰ ਅਤੇ ਖੋਜਕਾਰੀਆਂ ਦੀ ਟੀਮ ਦਾ ਨਿਰੀਖਣ ਕਰਨ ਵਾਲੇ ਡੇਵਿਡ ਵਾਸੀ ਦਾ ਕਹਿਣਾ ਹੈ, "ਆਖਰਕਾਰ ਸਾਡੇ ਕੋਲ ਅਜਿਹੇ ਠੋਸ ਸਬੂਤ ਹਨ ਜੋ ਇਹ ਸਾਬਿਤ ਕਰਦੇ ਹਨ ਕਿ 3.4 ਅਰਬ ਸਾਲ ਪਹਿਲਾਂ ਜੀਵਨ ਮੌਜੂਦ ਸੀ। ਇਸ ਨਾਲ ਪਤਾ ਲੱਗਦਾ ਹੈ ਕਿ ਉਸ ਸਮੇਂ ਬੈਕਟੀਰਿਆ ਹੁੰਦੇ ਸੀ ਜੋ ਬਿਨਾਂ ਅਕਸੀਜਨ ਦੇ ਜਿਉਂਦੇ ਰਹਿੰਦੇ ਸੀ।"

ਪਾਣੀ ਹੋਣ ਦੇ ਸੰਕੇਤ

ਪਿਛਲੇ ਦਿਨਾਂ 'ਚ ਨਾਸਾ ਨੇ ਦਾਅਵਾ ਕੀਤਾ ਸੀ ਕਿ ਮੰਗਲ ਗ੍ਰਹਿ 'ਤੇ ਜ਼ਿਆਦਾ ਪਾਣੀ ਹੋਣ ਦੇ ਸੰਕੇਤ ਮਿਲੇ ਹਨ। ਇਸ ਸੰਕੇਤ ਤੋਂ ਬਾਅਦ ਮੰਗਲ ਗ੍ਰਹਿ 'ਤੇ ਜੀਵਨ ਹੋਣ ਦੀ ਸੰਭਾਵਨਾ ਹੋਰ ਵੀ ਵਧ ਗਈ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਮੰਗਲ ਗ੍ਰਹਿ ਦੀਆਂ ਪਹਾੜੀਆਂ ਤੋਂ ਲਈਆਂ ਗਈਆਂ ਤਸਵੀਰਾਂ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹਨ। ਮੰਗਲ ਗ੍ਰਹਿ ਦੀਆਂ ਇਨਾਂ ਤਸਵੀਰਾਂ ਵਿੱਚ ਥਾਂ-ਥਾਂ ਤੇ ਲੰਬੀਆਂ ਗੂੜ੍ਹੀਆਂ ਰੇਖਾਵਾਂ ਨਜ਼ਰ ਆ ਰਹੀਆਂ ਹਨ। ਜੋ ਅਸਲ ਵਿੱਚ ਵਗਦੀਆਂ ਧਾਰਾਵਾਂ ਦੀਆਂ ਹੋ ਸਕਦੀਆਂ ਹਨ ਇਹ ਧਾਰਾਵਾਂ ਕੁਝ ਮੀਟਰ ਤੱਕ ਚੌੜੀਆਂ ਹਨ ਅਤੇ ਪੱਥਰਾਂ ਦੇ ਵਿੱਚਦੀ ਲੰਘਦੀਆਂ ਹੋਈਆਂ ਮੈਦਾਨੀ ਸਤ੍ਹਾ 'ਤੇ ਵਗਦੀਆਂ ਦਿਖਾਈ ਦਿੰਦੀਆਂ ਹਨ।

ਜੇਕਰ ਮੰਗਲ ਗ੍ਰਹਿ 'ਤੇ ਪਾਣੀ ਮੌਜੂਦ ਹੈ ਤਾਂ ਸੰਭਵ ਹੈ ਕਿ ਗਰਮੀਆਂ ਵਿੱਚ ਇਸ ਵਿੱਚ ਜੀਵਾਣੂ ਵੀ ਹੁੰਦੇ ਹੋਣਗੇ ਜਦਕਿ ਇਹ ਧਾਰਾਵਾਂ ਸਿਰਫ਼ ਗਰਮੀਆਂ ਵਿੱਚ ਹੀ ਦੇਖੀਆਂ ਗਈਆਂ ਹਨ ਅਤੇ ਠੰਡੇ ਮੌਸਮ ਵਿੱਚ ਇਹ ਗਾਇਬ ਹੋ ਗਈਆਂ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸ਼ਾਇਦ ਇਹ ਧਰਾਵਾਂ ਮਿੱਟੀ ਅਤੇ ਗਾਰੇ ਦੀਆਂ ਬਣੀਆਂ ਹੋ ਸਕਦੀਆਂ ਹਨ।

ਪਹਿਲਾਂ ਇਹ ਸੰਖਿਆ 149 ਸੀ।

ਜਾਰੀ ਕੀਤੀ ਗਈ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਾਸਾ ਵਿੱਚ ਪੁਲਾੜ ਯਾਤਰੀਆਂ ਦੀ ਵਰਤਮਾਨ ਸੰਖਿਆ ਇਸ ਸਥਿਤੀ 'ਚ ਖ਼ਤਰੇ ਵਿੱਚ ਪੈ ਸਕਦੀ ਹੈ ਜਦ ਕੋਈ ਪੁਲਾੜ ਯਾਤਰੀ ਬੀਮਾਰ ਹੋ ਜਾਵੇ ਜਾਂ ਜ਼ਖ਼ਮੀ ਹੋ ਜਾਵੇ। ਇਸ ਰਿਪੋਰਟ ਦੇ ਅਨੁਸਾਰ, "ਪੁਲਾੜ ਯਾਤਰੀਆਂ ਦੇ ਵਰਤਮਾਨ ਦਲ ਦੀ ਨਿਸ਼ਚਿਤ ਸੰਖਿਆ ਭਵਿੱਖ ਵਿੱਚ ਨਵੇਂ ਯੰਤਰਾਂ ਦੀਆਂ ਸੰਭਾਵਨਾਵਾਂ ਨੂੰ ਖ਼ਤਮ ਕਰ ਦਿੰਦੀ ਹੈ।"

• ਪੁਲਾੜ ਵਿੱਚ ਗੰਦਗੀ ਖ਼ਤਰਨਾਕ

ਅਮਰੀਕਾ ਵਿੱਚ ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਆਸਮਾਨ ਵਿੱਚ 'ਗੰਦਗੀ' ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਹੈ। ਅਮਰੀਕਾ ਦੀ ਨੈਸ਼ਨਲ ਰਿਸਚਰਜ ਕੌਂਸ਼ਿਲ ਨੇ ਇਕ ਰਿਪੋਰਟ ਵਿੱਚ ਕਿਹਾ ਹੈ ਕਿ ਬੇਕਾਰ ਹੋਏ ਬੂਸਟਰ ਅਤੇ ਪੁਰਾਣੇ ਉਪਗ੍ਰਹਿ ਧਰਤੀ ਦੇ ਪੱਖ ਵਿੱਚ ਧਰਤੀ ਦੇ ਆਲੇ-ਦੁਆਲੇ ਚੱਕਰ ਲਗਾਉਂਦੇ ਹਨ।

ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੁਲਾੜ ਯੰਤਰ ਅਤੇ ਉਪਯੋਗੀ ਉਪਗ੍ਰਹਿ ਨਸ਼ਟ ਹੋ ਸਕਦੇ ਹਨ ਇਸ ਤੋਂ ਪਹਿਲਾਂ ਕਿ ਕੋਈ ਵੱਡੀ ਦੁਰਘਟਨਾ ਹੋਵੇ ਏਜੰਸੀ ਨਾਸਾ ਨੂੰ ਇਨ੍ਹਾਂ ਨੂੰ ਹਟਾਉਣ ਦਾ ਕੰਮ ਕਰਨਾ ਚਾਹੀਦਾ ਹੈ।

ਰਾਸ਼ਟਰੀ ਪਰਿਸ਼ਦ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪੁਲਾੜ ਵਿੱਚ ਜਮ੍ਹਾਂ ਹੋਏ 'ਕਚਰੇ' ਭਾਵ ਗੰਦਗੀ ਨੂੰ ਘੱਟ ਕਰਨ ਲਈ ਅੰਤਰਰਾਸ਼ਟਰੀ ਨਿਯਮ ਬਣਾਉਣੇ ਚਾਹੀਦੇ ਹਨ। ਇਸ 'ਚ ਇਹ ਵੀ ਕਿਹਾ ਗਿਆ ਹੈ ਕਿ ਚੁੰਬਕੀ ਨੇਟ ਦੇ ਇਸਤੇਮਾਲ 'ਤੇ ਹੋਰ ਸ਼ੋਧ ਹੋਣੀ ਚਾਹੀਦੀ ਹੈ ਤਾਂ ਕਿ ਇਸ ਸੰਕਟ ਦਾ ਹੱਲ ਕੀਤਾ ਜਾ ਸਕੇ।

ਕੁਝ ਸਮਾਂ ਪਹਿਲਾਂ ਦੋ ਝਟਕੇ ਲੱਗੇ : ਪੁਲਾੜ ਵਿੱਚ ਗੰਦਗੀ ਨੂੰ ਸੀਮਤ ਕਰਨ ਦੇ ਲਈ ਕੀਤੇ ਗਏ ਅਧਿਐਨ ਵਿਚ ਦੋ ਵਾਰ ਝਟਕੇ ਲੱਗੇ। ਸਾਲ 2007 ਵਿੱਚ ਚੀਨ 'ਚ ਉਪਗ੍ਰਹਿ ਨਿਰੋਧਕ ਹਥਿਆਰ ਦਾ ਟੈਸਟ ਕੀਤਾ ਸੀ ਇਸ ਨਾਲ ਮੌਸਮ ਦੀ ਜਾਣਕਾਰੀ ਇਕੱਠੀ ਕਰਨ ਵਾਲਾ ਇੱਕ ਪੁਰਾਣਾ ਉਪਗ੍ਰਹਿ ਨਸ਼ਟ ਹੋ ਗਿਆ ਅਤੇ ਉਹ ਇਕ ਸੈਂਟੀਮੀਟਰ ਤੋਂ ਵੱਡੇ ਡੇਢ ਲੱਖ ਹਿੱਸਿਆਂ ਵਿੱਚ ਖਿੰਡ ਗਿਆ।

ਦੋ ਸਾਲ ਬਾਅਦ ਧਰਤੀ ਦੇ ਘੇਰੇ ਵਿੱਚ ਦੋ ਉਪਗ੍ਰਹਿਆਂ ਦੀ ਟੱਕਰ ਹੋਈ। ਇਸ ਨਾਲ ਹੋਰ ਜ਼ਿਆਦਾ ਗੰਦਗੀ ਫੈਲ ਗਈ। ਨੈਸ਼ਨਲ ਰਿਸਰਚ ਕੌਂਸ਼ਿਲ ਦੀ ਖੋਜ ਨੂੰ ਨਿਰੰਤਰ ਕਰਨ ਵਾਲੇ ਡੋਨਲਡ ਕੈਸਲਰ ਨੇ ਕਿਹਾ, "ਕੁਝ ਹੀ ਸਾਲ ਪਹਿਲਾਂ ਹੋਈ ਇਹਨਾਂ ਦੋ ਦੁਰਘਟਾਵਾਂ (ਚੀਨ ਦੇ ਟੈਸਟ ਅਤੇ ਉਪਗ੍ਰਹਿਆਂ ਦੀ ਟੱਕਰ) ਨਾਲ ਧਰਤੀ ਦੇ ਆਸ ਪਾਸ ਦੇ ਹਿੱਸਿਆਂ ਵਿੱਚ ਗੰਦਗੀ ਦੋ ਗੁਣਾ ਜ਼ਿਆਦਾ ਹੋ ਗਈ ਅਤੇ ਗੰਦਗੀ ਦੂਰ ਕਰਨ ਦੇ ਸਾਡੇ ਪਿਛਲੇ 25 ਸਾਲਾਂ ਦੇ ਯਤਨਾਂ 'ਤੇ ਪਾਣੀ ਫਿਰ ਗਿਆ।"

ਅੰਤਰਰਾਸ਼ਟਰੀ ਸਪੇਸ ਸਟੇਸ਼ਨ ਨੂੰ ਵੀ ਇਸ ਗੰਦਗੀ ਦੇ ਢੇਰ ਤੋਂ ਬਚਕੇ ਨਿਕਲਣਾ ਪੈਂਦਾ ਹੈ ਕਿਉਂਕਿ ਇਹ ਧਰਤੀ ਦੇ ਆਲੇ ਦੁਆਲੇ 'ਚ 17, 500 ਮੀਲ ਪ੍ਰਤੀ ਘੰਟੇ ਦੀ ਗਤੀ ਨਾਲ ਚੱਲਦੇ ਹਨ।

• ਪੁਲਾੜ ਵਿੱਚ ਆਕਸੀਜਨ !

ਖਗੋਲ ਵਿਗਿਆਨੀਆਂ ਨੇ ਪੁਲਾੜ ਵਿੱਚ ਅਕਸੀਜਨ ਦੇ ਕਣਾਂ ਦੀ ਖੋਜ ਕੀਤੀ ਹੈ। ਇਸ ਖੋਜ ਦੇ ਲਈ ਲੰਬੇ ਸਮੇਂ ਤੋਂ ਪੁਲਾੜ ਵਿੱਚ ਖੋਜ ਕਰ ਰਹੇ ਖਗੋਲ ਵਿਗਿਆਨੀਆਂ ਨੇ ਆਪਣੀ ਖੋਜ ਵਿੱਚ ਦੇਖਿਆ ਕਿ ਇਥੇ ਅਕਸੀਜਨ ਦਾ ਇੱਕ ਇਕੱਲਾ ਕਣ ਮਿਲਿਆ ਹੈ। ਉਥੇ ਉਸਦੇ ਅਨੇਕਾਂ ਕਣਾਂ ਦੇ ਨਾਲ ਹੋਣ ਦੀ ਗੱਲ ਸਾਹਮਣੇ ਆਈ ਹੈ।

ਇਸ ਤੋਂ ਪਹਿਲਾਂ ਇਹੀ ਅਕਸੀਜਨ ਜਿਸ 'ਚ ਅਸੀਂ ਸਾਹ ਲੈਂਦੇ ਹਾਂ ਪੁਲਾੜ ਵਿੱਚ ਇਹ ਕਦੇ ਇੱਥੇ ਨਹੀਂ ਪਾਈ ਗਈ ਸੀ।

ਹਰਬਲ ਸਪੇਸ ਟੇਲਿਸਕੋਪ ਨੇ ਇਸ ਕਣ ਦੀ ਤਾਰਾਮੰਡਲ ਦੇ ਖੇਤਰ ਵਿੱਚ ਖੋਜ ਕੀਤੀ ਹੈ। ਇਹ ਛੇਤੀ ਹੀ ਇੱਕ ਵਿਗਿਆਨ ਦੇ ਮੈਗਜ਼ੀਨ ਵਿੱਚ ਛਪੇਗਾ। ਹਾਈਡ੍ਰੋਜਨ ਅਤੇ ਹੀਲਿਅਮ ਦੇ ਬਾਅਦ ਅਕਸੀਜਨ ਤੀਜਾ ਵੱਡਾ ਤੱਤ ਹੈ ਜੋ ਬ੍ਰਹਿਮੰਡ ਵਿੱਚ ਮੌਜੂਦ ਹੈ।

ਜਦ ਹਾਈਡ੍ਰੋਜਨ ਅਤੇ ਅਕਸੀਜਨ ਮਿਲ ਜਾਂਦੇ ਹਨ ਤਾਂ ਇਹ ਕੁਝ ਵਿਸ਼ੇਸ਼ ਪਰਸਥਿਤੀਆਂ ਵਿੱਚ ਪਾਣੀ ਦਾ ਰੂਪ ਲੈ ਲੈਂਦੀਆਂ ਹਨ ਅਤੇ ਇਸ ਵਜ੍ਹਾ ਨਾਲ ਹੀ ਧਰਤੀ 'ਤੇ ਜੀਵਨ ਸੰਭਵ ਹੈ। ਪਰ ਇਨ੍ਹਾਂ ਦੋਹਾਂ ਅਣੂਆਂ ਦਾ ਮਿਸ਼ਰਣ ਆਕਾਸ਼ ਵਿੱਚ ਹੁਣ ਤੱਕ ਨਹੀਂ ਪਾਇਆ ਗਿਆ।

ਇਸ ਤੋਂ ਪਹਿਲਾਂ ਵੀ ਸਵੀਡਿਸ ਔਡਿਨ ਟੇਲਿਸਕੋਪ ਦੇ ਜ਼ਰੀਏ ਸਾਲ 2007 ਵਿੱਚ ਵੀ ਇੱਕ ਲੇਖ ਛਪ ਚੁੱਕਿਆ ਸੀ ਜਿਸ ਵਿੱਚ ਤਾਰਾ ਮੰਡਲ ਦੇ ਆਲੇ-ਦੁਆਲੇ ਅਕਸੀਜਨ ਹੋਣ ਦਾ ਦਾਅਵਾ ਕੀਤਾ ਗਿਆ ਸੀ ਪਰ ਇਹ ਖੋਜ ਦੀ ਪੂਰੀ ਤਰ੍ਹਾਂ ਪੁਸ਼ਟੀ ਨਹੀਂ ਹੋ ਸਕੀ।

ਅਕਸੀਜਨ ਦੇ ਪੂਰਨ ਰੂਪ ਵਿੱਚ ਨਾ ਮਿਲਣ ਦੇ ਕਾਰਨ ਉਸਨੂੰ (ਅਕਸੀਜਨ) ਧੂੜ ਦੇ ਕਣਾਂ ਅਤੇ ਬਰਫ਼ ਦੇ ਪਾਣੀ ਵਿੱਚ ਲੁਕਿਆ ਹੋਇਆ ਦੱਸ ਰਹੇ ਹਨ।



ਜਦੋਂ ਕੁੜੀ ਨੂੰ ਝੀਲ ਵਿੱਚੋਂ ਬਾਹਰ ਕੱਢ ਕੇ ਲਿਆਂਦਾ ਗਿਆ

ਮੇਘ ਰਾਜ ਮਿੱਤਰ

ਵੀਹ ਕੁ ਵਰ੍ਹੇ ਪਹਿਲਾ ਦੀ ਗੱਲ ਹੈ ਕਿ ਬਠਿੰਡੇ ਤੋਂ ਸੇਠ ਗਿਆਨ ਚੰਦ ਜੀ ਆਪਣੀ ਬੇਟੀ ਸਸੀ ਨਾਲ ਮੇਰੇ ਘਰ ਆਏ। ਸਸੀ ਦੀਆਂ ਅੱਖਾਂ ਵਿਚ ਹੰਝੂ ਕੱਪੜੇ ਗਿੱਲੇ ਤੇ ਵਾਲ ਖਿੱਲਰੇ ਹੋਏ ਸਨ। ਮੇਰੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ "ਹੁਣੇ ਇਸਨੂੰ ਥਰਮਲ ਪਲਾਂਟ ਦੀ ਝੀਲ ਵਿਚੋਂ ਬਾਹਰ ਕੱਢ ਕੇ ਤੁਹਾਡੇ ਪਾਸ ਹੀ ਲੈ ਕੇ ਆਏ ਹਾਂ।" ਮੈਂ ਉਹਨਾਂ ਨੂੰ ਬਿਠਾ ਲਿਆ ਚਾਹ ਪਾਣੀ ਪਿਆ ਕੇ ਗੱਲ ਪੂਰੀ ਤਰ੍ਹਾਂ ਸਪੱਸ਼ਟ ਕਰਨ ਲਈ ਕਿਹਾ।

ਉਨ੍ਹਾਂ ਨੇ ਦੋ ਕੁ ਸਾਲ ਪਹਿਲਾਂ ਆਪਣੀ ਲਾਡਲੀ ਧੀ ਸਸੀ ਦਾ ਵਿਆਹ ਪੂਰੇ ਚਾਵਾਂ ਨਾਲ ਗੰਗਾ ਨਗਰ ਵਿਖੇ ਕੀਤਾ ਸੀ। ਸਹੁਰਾ ਪਰਿਵਾਰ ਅਤੇ ਪਤੀ ਬਹੁਤ ਹੀ ਚੰਗੇ ਸਨ। ਪਤਾ ਹੀ ਨਹੀਂ ਲੱਗਿਆ ਕਿ ਦੋ ਸਾਲ ਕਿਵੇਂ ਲੰਘ ਗਏ। ਦੋ ਕੁ ਹਫ਼ਤੇ ਪਹਿਲਾਂ ਸਸੀ ਦੇ ਸਹੁਰਿਆਂ ਦੇ ਘਰ ਸੁਨੇਹਾ ਆ ਗਿਆ ਕਿ ਜੈਪੁਰ ਵਿਆਹੀ ਉਸਦੀ ਨਨਦ ਆਸਾ ਦੇ ਦਿਉਰ ਦਾ ਵਿਆਹ ਧਰਿਆ ਹੋਇਆ ਹੈ। ਸਾਰਾ ਪਰਿਵਾਰ ਖ਼ੁਸ਼ੀ ਖ਼ੁਸ਼ੀ ਉਸ ਵਿਚ ਸ਼ਾਮਿਲ ਹੋਣ ਲਈ ਜੈਪੁਰ ਲਈ ਰਵਾਨਾ ਹੋ ਗਿਆ। ਵਿਆਹ ਵਧੀਆ ਢੰਗ ਨਾਲ ਸੰਪੂਰਨ ਹੋ ਗਿਆ। ਸਾਰੇ ਮਹਿਮਾਨਾਂ ਨੇ ਜੀਅ ਭਰ ਕੇ ਆਨੰਦ ਲੁਟਿਆ ਤੇ ਇਕ ਦੂਜੇ ਨੂੰ ਠੱਠਾ ਮਖੌਲ ਕੀਤਾ। ਗੰਗਾ ਨਗਰ ਵਾਲਾ ਸਮੁੱਚਾ ਪਰਿਵਾਰ ਗੰਗਾ ਨਗਰ ਨੂੰ ਮੁੜ ਆਇਆ। ਅਜੇ ਘਰ ਪਹੁੰਚੇ ਹੀ ਸਨ ਕਿ ਲੈਂਡ ਲਾਈਨ ਤੇ ਫੋਨ ਆ ਗਿਆ ਕਿ ਘਰ ਦੀ ਨੂੰਹ ਸਸੀ ਨੂੰ ਲੈ ਕੇ ਤੁਰੰਤ ਜੈਪੁਰ ਪੁੱਜੋ।

ਸਸੀ ਅਤੇ ਉਸਦਾ ਘਰ ਵਾਲਾ ਮੁੜਦੇ ਪੈਰੀਂ ਹੀ ਜੈਪੁਰ ਨੂੰ ਚੱਲ ਪਏ। ਪੁੱਜ ਕੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਵਿਆਹ ਵਾਲੇ ਦਿਲ ਘਰ ਵਿਚੋਂ ਗਹਿਣੇ ਚੋਰੀ ਹੋ ਗਏ। ਲਗਭਗ ਤੀਹ ਤੋਲੇ ਸੋਨਾ ਗਾਇਬ ਸੀ। ਘਰ ਵਾਲੇ ਪਹਿਲਾਂ ਹੀ ਹਜਰਾਇਤ ਕਢਵਾ ਚੁੱਕੇ ਸਨ। ਹਜਰਾਇਤ ਕਢਵਾਉਣ ਲਈ ਕਿਸੇ ਜੋਤਸ਼ੀ ਜੀ ਕੋਲ ਪੁੱਜੇ। ਜੋਤਸ਼ੀ ਜੀ ਨੇ ਪਰਿਵਾਰ ਦੀ ਇੱਕ ਬਾਰਾਂ ਸਾਲਾ ਲੜਕੀ ਨੂੰ ਮੰਗਵਾ ਕੇ ਬਿਠਾ ਲਿਆ। ਉਸਦੇ ਅੰਗੂਠੇ ਨੂੰ ਨੀਲੀ ਚਮਕਦਾਰ ਦਵਾਈ ਲਾ ਦਿੱਤੀ ਗਈ। ਇਹ ਦਵਾਈ ਆਮ ਤੌਰ ਤੇ ਪੇਂਡੂ ਡਾਕਟਰਾਂ ਕੋਲ ਉਪਲਬਧ ਹੁੰਦੀ ਹੈ ਜੋ ਜਲੇ ਹੋਏ ਜ਼ਖਮ ਤੇ ਲਾਉਂਦੇ ਹਨ। ਲੜਕੀ ਨੂੰ ਆਪਣੇ ਅੰਗੂਠੇ ਵੱਲ ਵੇਖਣ ਲਈ ਕਿਹਾ ਗਿਆ। ਲੜਕੀ ਜੋਤਸ਼ੀ ਜੀ ਦੇ ਪ੍ਰਭਾਵ ਵਿਚ ਆ ਗਈ। ਜੋਤਸ਼ੀ ਜੀ ਨੇ ਉਸਨੂੰ ਪੁੱਛਿਆ ਕਿ ਤੈਨੂੰ ਚੋਰੀ ਕਰਦੀ ਕੋਈ ਇਸਤਰੀ ਨਜ਼ਰ ਆ ਰਹੀ ਹੈ। ਉਸਨੇ ਕੱਪੜੇ ਕਿਹੜੇ ਰੰਗ ਦੇ ਪਾਏ ਹਨ, ਤਾਂ ਉਹ ਅੰਗੂਠੇ ਵੱਲ ਵੇਖਦੀ ਹੋਈ ਕਹਿਣ ਲੱਗੀ "ਮੈਨੂੰ ਹਰੇ ਸੂਟ ਵਾਲੀ ਕੋਈ ਇਸਤਰੀ ਚੋਰੀ ਕਰਦੀ ਨਜ਼ਰ ਆ ਰਹੀ ਹੈ।"

ਬੱਸ ਇਹ ਕਹਿਣ ਦੀ ਦੇਰ ਸੀ ਪਰਿਵਾਰ ਵਾਲੇ ਸੋਚਣ ਲੱਗੇ ਕਿ ਵਿਆਹ ਵਿਚ ਸ਼ਾਮਿਲ ਉਹ ਇਸਤਰੀਆਂ ਕਿਹੜੀਆਂ-ਕਿਹੜੀਆਂ ਸਨ ਜਿਨ੍ਹਾਂ ਨੇ ਹਰੇ ਰੰਗ ਦੇ ਕੱਪੜੇ ਪਾਏ ਸਨ? ਕੁੱਲ ਮਿਲਾ ਕੇ ਉਨ੍ਹਾਂ ਨੇ ਸਸੀ ਸਮੇਤ ਅਜਿਹੀਆਂ ਅੱਠ ਇਸਤਰੀਆਂ ਦੀ ਲਿਸਟ ਬਣਾ ਲਈ। ਇਨ੍ਹਾਂ ਅੱਠ ਇਸਤਰੀਆਂ ਨੂੰ ਜੋਤਸ਼ੀ ਜੀ ਪਾਸ ਲਿਜਾਇਆ ਗਿਆ। ਜੋਤਸ਼ੀ ਜੀ ਨੇ ਇਨ੍ਹਾਂ ਅੱਠ ਇਸਤਰੀਆਂ ਨੂੰ ਅਰਧ ਗੋਲ ਚੱਕਰ ਵਿਚ ਬਿਠਾ ਲਿਆ ਤੇ ਆਪਣੀ ਚੌਂਕੀ ਸਾਹਮਣੇ ਲਾ ਲਈ। ਸਾਰੀਆਂ ਇਸਤਰੀਆਂ ਨੂੰ ਸੰਬੋਧਿਤ ਹੁੰਦੇ ਹੋਏ ਜੋਤਸ਼ੀ ਜੀ ਕਹਿਣ ਲੱਗੇ, "ਮੈਂ ਤੁਹਾਨੂੰ ਥੋੜ੍ਹੀ ਜਿਹੀ ਰੂੰ ਹਰ ਇਕ ਨੂੰ ਫੜਾ ਰਿਹਾ ਹਾਂ। ਤੁਸੀਂ ਇਸ ਰੂੰ ਦੀ ਬੱਤੀ ਵੱਟਣੀ ਹੈ। ਜਿਸ ਇਸਤਰੀ ਦੇ ਹੱਥ ਵਿਚ ਬੱਤੀ ਅੱਗ ਫੜ ਲਵੇਗੀ। ਗਹਿਣੇ ਉਸ ਨੇ ਚੋਰੀ ਕੀਤੇ ਹੋਣਗੇ।" ਰੂੰ ਫੜਾ ਦਿੱਤੀ ਗਈ। ਬੱਤੀਆਂ ਵੱਟਣ ਦਾ ਕੰਮ ਸ਼ੁਰੂ ਹੋ ਗਿਆ। ਸੱਸੀ ਦੇ ਹੱਥ ਵਿਚਲੀ ਬੱਤੀ ਨੇ ਅੱਗ ਫੜ ਲਈ।

ਬੱਸ ਸਾਰਾ ਇਲਜਾਮ ਸਸੀ ਉਪਰ ਆ ਗਿਆ। ਸਸੀ ਦੇ ਗੰਗਾ ਨਗਰ ਵਾਲੇ ਸਹੁਰਿਆਂ ਨੇ ਆਪਣੀ ਧੀ ਜਮਾਈ ਨੂੰ ਸਮਝਾਉਣ ਲਈ ਹਰ ਹੀਲਾ ਵਰਤਿਆ ਕਿ ਸਸੀ ਅਜਿਹੀ ਨਹੀਂ ਹੈ ਤੇ ਨਾ ਹੀ ਉਸਦੇ ਮਾਪੇ ਅਜਿਹੇ ਹਨ। ਉਸ ਦਿਨ ਤੋਂ ਹੀ ਸੱਸੀ ਦੇ ਚਿਹਰੇ ਤੇ ਨਮੋਸੀ ਰਹਿਣ ਲੱਗ ਪਈ। ਹਰ ਵੇਲੇ ਇਹ ਸੋਚ ਹੀ ਉਸਦੇ ਦਿਮਾਗ਼ ਨੂੰ ਉਲਝਾਈ ਰਖਦੀ। ਸਸੀ ਦੇ ਮਾਪਿਆਂ ਨੂੰ ਸੂਚਿਤ ਕੀਤਾ ਗਿਆ। ਉਹ ਉਸਨੂੰ ਬਠਿੰਡੇ ਲੈ ਆਏ। ਉਸਦਾ ਬਾਪ ਸੋਨਾ ਖ਼ਰੀਦ ਵੀ ਲਿਆਇਆ ਕਿ ਆਪਣੀ ਧੀ ਨੂੰ ਸੁਖੀ ਰੱਖਣ ਲਈ ਉਹ ਕੁੱਝ ਵੀ ਕਰਨ ਨੂੰ ਤਿਆਰ ਸੀ ਪਰ ਸਸੀ ਨੇ ਅਜਿਹਾ ਕਰਨ ਤੋਂ ਮਨਾਂ ਕਰ ਦਿੱਤਾ। ਇੱਕ ਦੋ ਦਿਨਾਂ ਬਾਅਦ ਬਗ਼ੈਰ ਕਿਸੇ ਨੂੰ ਕੁਝ ਦੱਸੇ ਸਸੀ ਘਰੋਂ ਗਾਇਬ ਹੋ ਗਈ। ਘਰ ਵਾਲਿਆਂ ਨੂੰ ਉਸ ਸਮੇਂ ਹੀ ਪਤਾ ਲੱਗਿਆ ਜਦੋਂ ਕਿਸੇ ਦਿਆਲੂ ਵਿਅਕਤੀ ਨੇ ਥਰਮਲ ਦੀ ਝੀਲ ਵਿੱਚੋਂ ਬਾਹਰ ਕੱਢਕੇ ਉਸਨੂੰ ਡੁੱਬਣੋ ਬਚਾ ਲਿਆ। ਉਸਦੇ ਪਿਤਾ ਜੀ ਨੂੰ ਕਿਸੇ ਨੇ ਸਲਾਹ ਦਿੱਤੀ ਕਿ ਬਰਨਾਲੇ ਵਾਲੇ ਤਰਕਸ਼ੀਲਾਂ ਦੀ ਇਸ ਕੰਮ ਵਿਚ ਮੱਦਦ ਲਈ ਜਾਵੇ। ਪਰਿਵਾਰ ਮੇਰੇ ਕੋਲ ਆ ਗਿਆ। ਇਸ ਕਿਸਮ ਦਾ ਇਹ ਕੇਸ ਮੇਰੇ ਲਈ ਪਹਿਲਾਂ ਸੀ। ਮੈਂ ਪਰਿਵਾਰ ਵਾਲਿਆਂ ਨੂੰ ਦੂਸਰੇ ਦਿਨ ਮੇਰੇ ਕੋਲ ਆਉਣ ਲਈ ਕਿਹਾ। ਅਗਲੇ ਦਿਨ ਮੈਂ ਸਕੂਲ ਦੀ ਪ੍ਰਯੋਗਸ਼ਾਲਾ ਵਿਚ ਪਹੁੰਚ ਗਿਆ। ਮੈਂ ਇਹ ਤਾਂ ਜਾਣਦਾ ਸੀ ਕਿ ਰੂੰ ਨੂੰ ਅੱਗ ਲਾਉਣ ਲਈ ਚਿੱਟੇ ਫਾਸਫੋਰਸ ਦੀ ਵਰਤੋਂ ਕੀਤੀ ਗਈ ਹੋਵੇਗੀ। ਪਰ ਮੈਂ ਇਸ ਦੀ ਵਰਤੋਂ ਬਾਰੇ ਕੋਈ ਅਮਲੀ ਜਾਣਕਾਰੀ ਨਹੀਂ ਸੀ ਰੱਖਦਾ। ਜਦੋਂ ਮੈਂ ਚਿੱਟੇ ਫਾਸਫੋਰਸ ਦਾ ਟੁਕੜਾ ਰੱਖਿਆ ਤੇ ਇਸਨੂੰ ਵੱਟਣਾ ਸ਼ੁਰੂ ਕੀਤਾ ਤਾਂ ਫਾਸਫੋਰਸ ਹੱਥ ਦੀ ਰਗੜ ਨਾਲ ਪੈਦਾ ਹੋਈ ਗਰਮੀ ਕਰਕੇ ਪਿਘਲ ਗਿਆ ਜੋ ਹੱਥ ਨੂੰ ਚਿੰਬੜ ਗਿਆ। ਹੱਥ ਵੀ ਜਲਣਾ ਸ਼ੁਰੂ ਹੋ ਗਿਆ। ਮੈਂ ਹੱਥ ਤੋਂ ਅੱਗ ਬੁਝਾਉਣ ਲਈ ਕਈ ਚੀਜ਼ਾਂ ਨਾਲ ਰਗੜਿਆ ਫਾਸਫੋਰਸ ਹਰ ਚੀਜ਼ ਨੂੰ ਚਿੰਬੜ ਜਾਵੇ ਤੇ ਉਹ ਚੀਜ਼ ਜਲਣੀ ਸ਼ੁਰੂ ਹੋ ਜਾਵੇ।

ਦੋ ਚਾਰ ਮਿੰਟ ਅਸਫਲ ਰਹਿਣ ਤੋਂ ਬਾਅਦ ਮੈਂ ਇਹ ਜਾਣ ਗਿਆ ਕਿ ਬੱਤੀ ਵਿਚ ਫਾਸਫੋਰਸ ਸਰ੍ਹੋਂ ਦੇ ਦਾਣੇ ਜਿੰਨਾ ਹੀ ਪਾਉਣਾ ਹੈ ਤੇ ਯਤਨ ਕਰਨਾ ਹੈ ਇਹ ਰੂੰ ਵਿਚ ਹੀ ਲਿਪਟਿਆ ਰਹੇ।

ਪਰਿਵਾਰ ਨੂੰ ਮੈਂ ਸਾਰੀ ਗੱਲ ਸਮਝਾ ਦਿੱਤੀ ਤੇ ਕਰਕੇ ਵਿਖਾ ਵੀ ਦਿੱਤਾ ਤੇ ਉਨ੍ਹਾਂ ਤੋਂ ਇਹ ਟਰਿੱਕ ਕਰਵਾ ਕੇ ਵੇਖ ਲਿਆ। ਇਸ ਤੋਂ ਬਾਅਦ ਮੈਂ ਪਰਿਵਾਰ ਨੂੰ ਸਲਾਹ ਦਿੱਤੀ ਕਿ "ਹੁਣ ਤੁਸੀਂ ਗੰਗਾਨਗਰ ਵਾਲੇ ਪਰਿਵਾਰ ਨੂੰ ਨਾਲ ਲੈ ਕੇ ਜੈਪੁਰ ਉਸੇ ਜੋਤਸ਼ੀ ਦੇ ਘਰ ਪੁੱਜੋ ਤੇ ਰੂੰ ਫੜਾ ਕੇ ਬੱਤੀ ਵੱਟਣ ਲਈ ਕਹੋ। ਫਿਰ ਪੁਛਿਓ ਹੁਣ ਚੋਰੀ ਕਿਸ ਨੇ ਕੀਤੀ ਹੋਈ।" ਸਸੀ ਦੇ ਚਿਹਰੇ 'ਤੇ ਮੁਸਕਰਾਹਟ ਆ ਗਈ ਤੇ ਕਹਿਣ ਲੱਗੀ "ਹੁਣ ਦੇਊ ਮੈਂ ਜੋਤਸ਼ੀ ਨੂੰ ਧਨੇਸੜੀ" ਕੁਝ ਦਿਨਾਂ ਬਾਅਦ ਸੇਠ ਗਿਆਨ ਚੰਦ ਮੇਰੇ ਕੋਲ ਆਇਆ ਤੇ ਕਹਿਣ ਲੱਗਿਆ ਦੋਵੇਂ ਪਰਿਵਾਰਾਂ ਦੀ ਤਸੱਲੀ ਹੋ ਗਈ ਹੈ ਤੇ ਨਾਲੇ ਜੋਤਸ਼ੀ ਜੀ ਤੋਂ ਵੀ ਨੱਕ ਨਾਲ ਲਕੀਰਾਂ ਕੱਢਾ ਲਈਆਂ ਹਨ ਤੇ ਕੁੜੀ ਵੀ ਪੂਰੀ ਤਰ੍ਹਾਂ ਸੁਖੀ ਵੱਸਦੀ ਹੈ।

ਕਹਾਣੀ

ਕਬਰ 'ਚ ਦਫ਼ਨ ਹਜ਼ਾਰ ਵਰ੍ਹੇ

ਮੈਂ ਲੈਬ ਵਿੱਚ ਬੈਠਾ ਐਸ.ਪੀ. ਸ਼ੁਕਲਾ ਦੇ ਫ਼ੋਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹਾਂ। ਉਨ੍ਹਾਂ ਕੋਲ ਮੇਰੇ ਲਈ ਬਹੁਤ ਵੱਡੀ ਖ਼ਬਰ ਹੈ। ਬਲਾਤਕਾਰੀ ਦਾ ਡੀ.ਐਨ.ਏ. ਤੇਤੀ ਨੰਬਰ ਵਾਲੇ ਦੋਸ਼ੀ ਨਾਲ ਮੈਚ ਕਰ ਗਿਆ ਸੀ। ਉਸ ਦੀ ਰਿਪੋਰਟ ਪੁਲੀਸ ਵਿਭਾਗ ਦੇ ਸਪੁਰਦ ਕੀਤੀ ਨੂੰ ਪੰਜ ਘੰਟੇ ਬੀਤ ਗਏ ਨੇ। ਰਿਪੋਰਟ ਦੇਣ ਪਿਛੋਂ ਮੈਂ ਸਿੱਧਾ ਲੈਬ ਵਿੱਚ ਆ ਗਿਆ ਸੀ। ਇਥੇ ਆ ਕੇ ਮੈਂ ਇਸ ਰਿਪੋਰਟ ਬਾਰੇ ਐਸ.ਪੀ. ਸਾਹਿਬ ਨਾਲ ਫ਼ੋਨ 'ਤੇ ਗੱਲ ਸਾਂਝੀ ਕੀਤੀ। ਮੈਂ ਉਨ੍ਹਾਂ ਤੋਂ ਉਸ ਕੁਕਰਮੀ ਦਾ ਨਾਂ ਵੀ ਪੁੱਛਿਆ। ਉਨ੍ਹਾਂ ਨੇ 'ਕੁੱਝ ਮਿੰਟ ਠਹਿਰ ਕੇ ਦੱਸਦਾਂ' ਕਹਿ ਕੇ ਫ਼ੋਨ ਕੱਟ ਦਿੱਤਾ। ਮੈਂ ਪੁਲੀਸ ਨੂੰ ਰਿਪੋਰਟ ਦੇਣ ਵੇਲੇ ਤਾਂ ਉਤਸ਼ਾਹ ਵਿੱਚ ਸੀ। ਹੁਣ ਜਦ ਐਸ.ਪੀ. ਸਾਹਿਬ ਦੀ ਵਾਪਸੀ ਕਾਲ ਵੀ ਨਹੀਂ ਆਈ। ਮੈਂ ਉਦਾਸ ਹੋ ਗਿਆ।

ਮੈਂ ਇਸ ਉਦਾਸੀ 'ਚੋਂ ਨਿਕਲਣ ਲਈ ਆਪਣਾ ਧਿਆਨ ਆਰਸੀ ਜਾਂ ਆਪਣੀ ਖੋਜ ਵੱਲ ਡਾਇਵਰਟ ਕਰਨ ਲੱਗਾ ਹਾਂ ।

ਮੈਂ ਅੱਠ ਸਾਲ ਪਹਿਲਾਂ ਬ੍ਰਕਲੇ ਯੂਨੀਵਰਸਿਟੀ ਦਾ ਸਟੂਡੈਂਟ ਸੀ। ਆਖ਼ਰੀ ਸਮੈਸਟਰ ਵੇਲੇ ਉਥੇ ਇਕ ਸੈਮੀਨਾਰ ਹੋਇਆ। ਸੈਮੀਨਾਰ ਦਾ ਵਿਸ਼ਾ ਸੀ 'ਕੀ ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਹੋ ਸਕਦੀ ਹੈ?' ਇਸ ਸੈਮੀਨਾਰ ਵਿਚ ਦੁਨੀਆ ਭਰ ਦੇ ਵਿਗਿਆਨੀਆਂ ਨੇ ਹਿੱਸਾ ਲਿਆ ਸੀ। ਮੈਨੂੰ ਵੀ ਯੂਨੀਵਰਸਿਟੀ ਨੇ ਇਸ ਸੈਮੀਨਾਰ ਲਈ ਡੈਲੀਗੇਟ ਚੁਣਿਆ ਸੀ। ਸੈਮੀਨਾਰ ਵਿੱਚ ਇਹ ਤੱਤ ਉਭਰ ਕੇ ਸਾਹਮਣੇ ਆਇਆ ਸੀ ਕਿ ਆਦਮੀ ਦੀ ਉਮਰ ਲੰਮੀ ਕਰਨ ਦਾ ਫ਼ਾਰਮੂਲਾ ਲੈਬ ਵਿਚੋਂ ਹੀ ਨਿਕਲ ਸਕਦਾ ਹੈ।

ਇਸ ਬਾਰੇ ਮੇਨ ਆਈਡੀਆ ਬ੍ਰਾਇਓਗ੍ਰੋਨੋਲਾਜਿਸਟ ਡਾਕਟਰ ਸਟੀਫ਼ਨ ਦਾ ਹੀ ਉਭਰਿਆ ਸੀ। ਦੋ ਵਰ੍ਹੇ ਪਹਿਲਾਂ ਵੀ ਉਨ੍ਹਾਂ ਉਮਰ ਵਧਾਉਣ ਦੇ ਫ਼ਾਰਮੂਲੇ ਦਾ ਸੰਕੇਤ 'ਮਾਲੀਕਿਊਲਰ ਸਿ-ਸਟਮਜ਼' ਸਾਇੰਸ ਮੈਗਜ਼ੀਨ ਦੇ ਸੰਪਾਦਕ ਹੁੰਦਿਆਂ ਦਿੱਤਾ ਸੀ। ਸੈਮੀਨਾਰ ਦੇ ਆਖ਼ਰੀ ਦਿਨ ਮੈਂ ਇਹ ਖੋਜ ਕਰਨ ਦੀ ਆਗਿਆ ਡਾਕਟਰ ਸਾਹਿਬ ਤੋਂ ਮੰਗੀ ਸੀ। ਉਨ੍ਹਾਂ ਮੇਰੀ ਪਿੱਠ ਥਾਪੜ ਕੇ ਸਹਿਮਤੀ ਦੇ ਨਾਲ ਨਾਲ ਇਸ ਖੋਜ ਦੇ ਦਸਤਾਵੇਜ਼ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ ਸੀ।

ਉਂਝ ਤਾਂ ਮੈਂ ਅਮਰੀਕਾ ਵਿੱਚ ਰਹਿ ਕੇ ਹੀ ਇਹ ਖੋਜ ਕਰਨ ਦੀ ਇੱਛਾ ਰੱਖਦਾ ਸੀ, ਪਰ ਉਥੋਂ ਕੋਈ ਰਿਸਪੌਂਸ ਨਹੀਂ ਸੀ ਮਿਲਿਆ। ਸ਼ਾਇਦ ਅੱਜ ਕੱਲ੍ਹ ਅਮਰੀਕਾ ਸਰਕਾਰ ਨੇ ਵੀ ਅਜਿਹੀਆਂ ਖੋਜਾਂ ਤੋਂ ਹੱਥ ਖਿੱਚੇ ਹੋਏ ਹਨ। ਉਨ੍ਹਾਂ ਦਾ ਜ਼ੋਰ ਮੰਡੀਆਂ ਵਿੱਚ ਬਾਜ਼ਾਰ ਵਿਕਸਤ ਕਰਨ 'ਤੇ ਲੱਗਾ ਹੋਇਆ ਹੈ।

ਮੈਂ ਭਾਰਤ ਆ ਗਿਆ। ਮੇਰੀ ਮਾਂ ਸਿਹਤ ਵਿਭਾਗ ਦੀ ਡਾਇਰੈਕਟਰ ਹੁੰਦੀ ਸੀ। ਉਨ੍ਹਾਂ ਦਿਨਾਂ ਵਿੱਚ ਉਹ ਅਗਾਊਂ ਸੇਵਾਮੁਕਤੀ ਲੈ ਚੁੱਕੀ ਸੀ। ਡੈਡ ਨੇ ਉਨ੍ਹਾਂ ਲਈ ਮੇਰੇ ਦਾਦਾ ਜੀ ਸਰਦਾਰ ਜਸਵੰਤ ਸਿੰਘ ਚਾਵਲਾ ਜੀ ਦੀ ਯਾਦ ਵਿਚ 'ਚਾਵਲਾ ਨਰਸਿੰਗ ਇੰਸਟੀਚਿਊਟ' ਖੋਲ੍ਹ ਦਿੱਤਾ ਸੀ। ਮੇਰਾ ਇਰਾਦਾ ਉਨ੍ਹਾਂ ਦੇ ਕਾਲਜ ਵਿੱਚ ਲੈਬ ਬਣਾਉਣ ਦਾ ਸੀ। ਡੈਡ ਸੈਂਟਰ ਵਿੱਚ ਆਈ.ਏ.ਐਸ. ਅਧਿਕਾਰੀ ਨੇ। ਪਰ ਉਨ੍ਹਾਂ ਨੇ ਇਥੇ ਦਿੱਲੀ ਦੇ ਨੈਸ਼ਨਲ ਇੰਸਟੀ-ਚਿਊਟ ਆਫ਼ ਕ੍ਰਿਮੀਨੋਲੌਜੀ ਐਂਡ ਫ਼ੋਰੈਂਸਿਕ ਸਾਇੰਸ ਵਿੱਚ ਮੈਨੂੰ ਜੌਬ ਦੁਆ ਦਿੱਤੀ। ਇਸ ਜੌਬ ਦੇ ਨਾਲ ਨਾਲ ਮੈਂ ਆਪਣੀ ਪ੍ਰਾਈਵੇਟ ਲੈਬ ਵਿੱਚ ਜਵਾਨੀ ਵਾਲੇ ਹਾਰਮੋਨਜ਼ ਵਿੱਚ ਵਾਧਾ ਕਰਨ ਦੇ ਫ਼ਾਰਮੂਲੇ 'ਤੇ ਰਿਸਰਚ ਸ਼ੁਰੂ ਕਰ ਦਿੱਤੀ।

ਦਿੱਲੀ ਵਰਗੇ ਸ਼ਹਿਰ ਵਿੱਚ ਲੈਬ ਬਣਾਉਣਾ ਕਿਹੜਾ ਸੌਖਾ ਕੰਮ ਏ। ਡੈਡ ਨੇ ਮੈਨੂੰ ਦਿੱਲੀ ਦਾ ਲਗਭਗ ਹਰ ਏਰੀਆ ਦਿਖਾਇਆ। ਪੌਸ਼ ਏਰੀਏ 'ਚ ਵੀ ਲੈ ਕੇ ਗਏ। ਲੈਬ ਵਾਸਤੇ ਤਾਂ ਸ਼ਾਂਤ ਵਾਤਾਵਰਨ ਚਾਹੀਦਾ ਹੁੰਦੈ। ਫੇਰ ਯਮੁਨਾ ਪਾਰ ਤੋਂ ਖਾਸਾ ਦੂਰ ਆਹ ਜਗ੍ਹਾ ਪਸੰਦ ਆਈ ਸੀ। ਵਾਹਨਾਂ ਦੇ ਪ੍ਰੈਸ਼ਰ ਹਾਰਨਾਂ ਅਤੇ ਲੋਕਾਂ ਦੀ ਕਾਵਾਂ ਰੌਲੀ ਤੋਂ ਦੂਰ। ਸ਼ਹਿਰ ਦੇ ਭੀੜ ਭੜੱਕੇ ਤੋਂ ਤਾਂ ਕੋਹਾਂ ਦੂਰ। ਮੁੱਖ ਸੜਕ ਤੋਂ ਹਟ ਕੇ ਲਿੰਕ ਰੋਡ 'ਤੇ ਜਾਂਦਿਆਂ ਇੱਕ ਨਿੱਕੀ ਜਿਹੀ ਪਹਾੜੀ ਦੇ ਪੈਰਾਂ ਵਿੱਚ ਇਹ ਨਿਵੇਕਲੀ ਜਿਹੀ ਥਾਂ ਹੈ।

ਇਹਦੇ ਸੱਜੇ ਪਾਸੇ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਨਹਿਰ ਹੈ। ਇਥੋਂ ਦੀ ਸੜਕ ਅਵਾਜ਼ ਦੀ ਤਰੰਗ ਵਾਂਗ ਕਿਤੇ ਉਚੀ ਤੇ ਕਿਤੇ ਨੀਵੀਂ ਹੈ। ਇਸ ਘੱਟ ਚੌੜੀ ਸੜਕ ਦੇ ਆਲੇ ਦੁਆਲੇ ਟਾਂਵੀਆਂ ਟਾਂਵੀਆਂ ਕੋਠੀਆਂ ਹਨ। ਉਹ ਵੀ ਦੂਰ ਦੂਰ। ਚਾਰੇ ਪਾਸੇ ਲੱਗੇ ਦਰੱਖਤਾਂ ਵਿੱਚ ਲੁਕੀਆਂ ਹੋਈਆਂ। ਧਰਤੀ 'ਤੇ ਹਰਿਆਵਲ ਹੀ ਹਰਿਆਵਲ। ਬਿਲਕੁਲ ਸ਼ਾਂਤ ਏਰੀਆ। ਕਿਸੇ ਪੰਛੀ ਦੀ ਚਹਿਚਹਾਟ ਇਥੇ ਪਸਰੀ ਸ਼ਾਂਤੀ 'ਚ ਥਰਥਰਾਹਟ ਜ਼ਰੂਰ ਪੈਦਾ ਕਰਦੀ ਹੈ।

ਮੈਂ ਡੈਡ ਨੂੰ ਇਸ ਕੋਠੀ ਲਈ ਹਾਂ ਕਰ ਦਿੱਤੀ। ਉਨ੍ਹਾਂ ਕਿਰਾਏ 'ਤੇ ਲੈ ਦਿਤੀ। ਮੈਂ ਸੁਰੱਖਿਆ ਵਾਲੇ ਪੱਖ ਤੋਂ ਇਹਨੂੰ ਸਕਿਊਰਿਟੀ ਅਲਾਰਮ ਨਾਲ ਜੋੜ ਦਿੱਤਾ। ਇਸ ਦੇ ਵੱਡੇ ਹਾਲ ਵਿੱਚ ਲੈਬ ਸਥਾਪਤ ਕਰ ਲਈ ਤੇ ਬਾਕੀ ਰੂਮ ਰਿਹਾਇਸ਼ ਲਈ ਰੱਖ ਲਏ।

ਇਸ ਲੈਬ ਦੇ ਸਭ ਤੋਂ ਨੇੜੇ ਜਸਟਿਸ ਇਰਫ਼ਾਨ ਅਲੀ ਦੀ ਕੋਠੀ ਹੈ। ਜਿਸ ਦੀਆਂ ਖਿੜਕੀਆਂ 'ਚੋਂ ਹਲਕਾ ਹਲਕਾ ਪ੍ਰਕਾਸ਼ ਬਾਹਰ ਆਉਂਦਾ ਦਿਖਾਈ ਦਿੰਦਾ ਰਹਿੰਦਾ ਹੈ। ਇਥੇ ਕੋਈ ਇੱਕ ਦੂਜੇ ਨੂੰ ਜਾਣਦਾ ਨਹੀਂ। ਇਸ ਲੈਬ ਵਿੱਚ ਮੇਰਾ ਨਿੱਜੀ ਸਟਾਫ਼ ਹੁੰਦਾ ਹੈ। ਮੇਰੀ ਸਹਾਇਕ ਵਜੋਂ ਡਾਕਟਰ ਰਾਧਿਕਾ ਹੁੰਦੀ ਹੈ ਜਾਂ

ਅਜਮੇਰ ਸਿੱਧੂ
Ph : 94630-63990
Email: ajmersidhu2007
@yahoo.co.in

ਫਿਰ ਮੇਰਾ ਨੌਕਰ ਯੋਗੇਸ਼। ਡਾਕਟਰ ਰਾਧਿਕਾ ਕੰਮ ਪ੍ਰਤੀ ਭਾਵਨਾ ਰੱਖਣ ਵਾਲੀ ਕੁੜੀ ਏ। ਇਹ ਸਿਰਫ਼ ਡਿਊਟੀ 'ਤੇ ਆਉਂਦੀ ਏ ਤੇ ਸ਼ਾਮ ਨੂੰ ਵਰਕ ਰਿਪੋਰਟ ਦੇ ਕੇ ਚਲੀ ਜਾਂਦੀ। ਇਸ ਸਮੇਂ ਸਟਾਫ਼ ਦੇ ਘਰੋਂ ਘਰੀਂ ਪਰਤਣ ਮਗਰੋਂ ਵੀ ਯੋਗੇਸ਼ ਲੈਬ ਵਿੱਚ ਹੀ ਰਹਿੰਦਾ।

ਮੇਰੇ ਵਰਗਾ ਵਿਗਿਆਨੀ ਰੱਬ ਦੀ ਹੋਂਦ ਤੋਂ ਮੁਨਕਰ ਹੈ ਪਰ ਯੋਗੇਸ਼ ਰਾਮ ਭਗਤ ਹੈ। ਇਨ੍ਹੇ ਸਰਵੈਂਟ ਰੂਮ ਨੂੰ ਮੰਦਰ 'ਚ ਬਦਲਿਆ ਹੋਇਆ ਹੈ। ਭਗਵਾਨ ਦੀ ਮੂਰਤੀ ਦੀ ਪੂਜਾ ਕੀਤੇ ਬਗੈਰ ਕਿਸੇ ਕੰਮ ਨੂੰ ਹੱਥ ਨਹੀਂ ਲਾਉਂਦਾ। ਬੱਤੀ ਸਾਲਾਂ ਦਾ ਹੋ ਗਿਆ ਹੈ। ਮੇਰੇ ਵਾਂਗ ਕੱਲਮ ਕੱਲਾ। ਗ਼ਰੀਬੀ ਨੇ ਇਹਦਾ ਵਿਆਹ ਨਹੀਂ ਹੋਣ ਦਿਤਾ। ਉਂਝ ਇਹ ਚਿੱਟੇ ਕੁੜਤੇ ਪਜਾਮੇ ਵਿੱਚ ਸ਼ਾਂਤ ਚਿੱਤ ਦਿਖਾਈ ਦੇਵੇਗਾ। ਮੱਥੇ ਦੇ ਤਿਲਕ ਤੋਂ ਇਹ ਕੋਈ ਤਪੱਸਵੀ ਲਗਦਾ ਹੈ। ਇਖਲਾਕ ਦਾ ਵੀ ਵਧੀਆ ਲਗਦਾ। ਇਹਨੇ ਕਦੇ ਰਾਧਿਕਾ ਨੂੰ ਮਾੜੀ ਨਜ਼ਰ ਨਹੀਂ ਵੇਖਿਆ। ਸਗੋਂ ਕਹੇਗਾ-ਇਹ ਤਾਂ ਸਾਡੀ ਕੁੜੀ ਆ। ਇਹਨੇ ਕਦੇ ਬਿਗਾਨੀ ਆਰਸੀ ਨੂੰ ਵੀ ਨਹੀਂ ਸੀ ਸਮਝਿਆ। ਉਹਨੂੰ ਤਾਂ ਦੇਖ ਕੇ ਖਿਝ ਜਾਂਦਾ ਹੁੰਦਾ ਸੀ। ਡਾਕਟਰ ਰਾਧਿਕਾ ਤੋਂ ਪਹਿਲਾਂ ਡਾਕਟਰ ਜਾਵੇਦ ਮੇਰਾ ਸਹਾਇਕ ਹੁੰਦਾ ਸੀ। ਯੋਗੇਸ਼ ਉਹਨੂੰ ਦੇਖ ਕੇ ਸੜ-ਬੁੱਝ ਜਾਦਾ । ਮੈਂ ਇਹਨੂੰ ਡਾਂਟਦਾ ਵੀ ਪਰ ਇਹ ਉਹਦਾ ਕਹਿਣਾ ਨਾ ਮੰਨਦਾ । ਅੱਜ-ਕੱਲ੍ਹ ਨੌਕਰ ਲੱਭਣੇ ਵੀ ਔਖੇ ਨੇ । ਇਸੇ ਕਾਰਨ ਮੈ ਸ਼ਖ਼ਤੀ ਨਾ ਕਰਦਾ। ਹਾਰ ਕੇ ਜਾਵੇਦ ਨੇ ਨੌਕਰੀ ਤੋਂ ਛੁੱਟੀ ਕਰ ਲਈ। ....ਖੈਰ ਮੈਨੂੰ ਡਾਕਟਰ ਰਾਧਿਕਾ ਉਹਦੇ ਨਾਲੋਂ ਵੀ ਸਿਨ-ਸੀਅਰ ਕੁੜੀ ਮਿਲ ਗਈ। ਯੋਗੇਸ਼ ਇਹਦੇ ਨਾਲ ਪਰਚਿਆ ਰਹਿੰਦਾ ਆ।

ਚਾਣਚੱਕ, ਮੈਨੂੰ ਛੇ ਸਾਲ ਪੁਰਾਣੀ ਗੱਲ ਯਾਦ ਆ ਗਈ। ਮੈਂ ਉਸ ਦਿਨ ਫ਼ੋਰੈਂਸਿਕ ਸੈਂਟਰ ਦੀ ਜੌਬ ਤੋਂ ਖਿਝ ਗਿਆ ਸੀ। ਦਿਹਾੜੀ ਵਿੱਚ ਮਸਾਂ ਚਾਰ ਸੈਂਪਲਾਂ ਦੀ ਰਿਪੋਰਟ ਤਿਆਰ ਹੁੰਦੀ ਹੈ। ਉਥੇ ਸੱਤ-ਸੱਤ, ਅੱਠ ਅੱਠ ਸੈਂਪਲ ਮੂਹਰੇ ਕਰ ਦਿੰਦੇ ਨੇ। ਬੰਦਾ ਪਾਗਲ ਨਾ ਹੋਊ ਤਾਂ ਹੋਰ ਕੀ ਹੋਊ? ਸਵੇਰ ਤੋਂ ਸ਼ਾਮ ਤੱਕ ਫ਼ੋਰੈਂਸਿਕ ਸੈਂ-ਟਰ ਫਸੇ ਰਹੋ। ਫਿਰ ਆਪਣੀ ਲੈਬ ਵਿੱਚ ਆ ਕੇ ਡਟਣਾ ਪੈਂਦਾ। ਵਿਗਿਆਨੀਆਂ ਦੀ ਵੀ ਕੋਈ ਜ਼ਿੰਦਗੀ ਹੁੰਦੀ ਆ?

ਉਸ ਦਿਨ ਫੋਰੈਂਸਿਕ ਸੈਂਟਰ ਤੋਂ ਤਾਂ ਜਲਦੀ ਤੁਰ ਪਿਆ ਸੀ, ਪਰ ਮੈਂ ਦੇਰ ਤਕ ਯਮੁਨਾ ਪੁਲ 'ਤੇ ਲੱਗੇ ਟ੍ਰੈਫ਼ਿਕ ਜਾਮ ਵਿੱਚ ਫਸਿਆ ਰਿਹਾ। ਇਹੋ ਸੋਚਦਾ ਕਿ... ਮੈਂ, ਬੰਦੇ ਦੀ ਉਮਰ ਕੋਈ ਹਜ਼ਾਰ ਵਰ੍ਹੇ ਕਰਨ ਲੱਗਾ ਹੋਇਆਂ ਹਾਂ, ਪਰ ਸਾਡੀਆਂ ਸਰਕਾਰਾਂ ਕੋਲੋਂ ਸੱਠ ਪੈਂਹਠ ਵਰ੍ਹਿਆਂ ਵਿੱਚ ਟ੍ਰੈਫ਼ਿਕ ਦੀ ਸਮੱਸਿਆ ਹੀ ਹੱਲ ਨਹੀਂ ਹੋਈ। ਕੀ ਨੇ ਭਾਰਤ ਦੀਆਂ ਅਸਲ ਸਮੱਸਿਆਵਾਂ ਤੇ ਕੀ ਹੈ ਮੇਰੀ ਖੋਜ? ਉਨ੍ਹਾਂ ਪਲਾਂ 'ਚ ਮੈਂ ਮਾਯੂਸ ਜਿਹਾ ਹੋ ਗਿਆ ਸੀ। ਭੀੜ 'ਚੋਂ ਨਿਕਲ ਕੇ ਕਾਰ ਸੁੰਨੀ ਸੜਕ 'ਤੇ ਪਈ ਤਾਂ ਸੁੱਖ ਦਾ ਸਾਹ ਲਿਆ। ਅਸਮਾਨ 'ਤੇ ਇੱਕ ਦਮ ਹਨੇਰਾ ਛਾ ਗਿਆ। ਦੇਖਦੇ-ਦੇਖਦੇ ਜ਼ੋਰ ਨਾਲ ਹਨੇਰੀ ਵੀ ਆ ਗਈ। ਅਚਾਨਕ ਕਾਰ ਦੀ ਛੱਤ 'ਤੇ ਮੋਟੀਆਂ ਮੋਟੀਆਂ ਬੂੰਦਾਂ ਡਿੱਗਣ ਲੱਗੀਆਂ। ਜ਼ੋਰ ਦਾ ਮੀਂਹ ਉਤਰ ਆਇਆ। ਇਉਂ ਲੱਗ ਰਿਹਾ ਸੀ ਜਿਵੇਂ ਸਾਰੇ ਬੱਦਲ ਧਰਤੀ ਦੇ ਇਸ ਕੋਨੇ 'ਤੇ ਇਕੱਠੇ ਹੋ ਕੇ ਵਰ੍ਹ ਰਹੇ ਹੋਣ। ਸੜਕ 'ਤੇ ਪਾਣੀ ਭਰ ਜਾਣ ਨਾਲ ਕਾਰ ਦਾ ਚਲਣਾ ਔਖਾ ਹੋ ਗਿਆ ਸੀ। ਮੈਂ ਬੜੀ ਮੁਸ਼ਕਲ ਨਾਲ ਲੈਬ ਤੱਕ ਪਹੁੰਚਿਆ।

ਮੈਂ ਕੱਪੜੇ ਬਦਲੇ। ਨੌਕਰ ਨੂੰ ਚਾਹ ਬਣਾਉਣ ਨੂੰ ਕਿਹਾ। ਬਾਹਰ ਮੀਂਹ ਤੇ ਹਨੇਰੀ ਅਪਣਾ ਵਿਕਰਾਲ ਰੂਪ ਦਿਖਾਉਣ ਲੱਗੇ ਹੋਏ ਸਨ। ਮੈਂ ਖਿੜਕੀ ਵਿੱਚੋਂ ਪਾਣੀ ਦੀਆਂ ਧਰਾਲਾਂ ਪੈਂਦੀਆਂ ਦੇਖਣ ਲੱਗ ਪਿਆ। ਬਾਹਰ ਤਾਂ ਇਵੇਂ ਲੱਗ ਰਿਹਾ ਸੀ, ਜਿਵੇਂ ਤੂਫ਼ਾਨ ਆ ਗਿਆ ਹੋਵੇ। ਮੈਂ ਸੱਜੇ ਪਾਸੇ ਜਸਟਿਸ ਇਰਫਾਨ ਅਲੀ ਦੀ ਕੋਠੀ ਵੱਲ ਨਿਗ੍ਹਾ ਮਾਰੀ। ਹਨੇਰੇ ਕਾਰਨ ਕੋਠੀ ਝਾਉਲੀ ਝਾਉਲੀ ਨਜ਼ਰ ਆ ਰਹੀ ਸੀ। ਵਿੱਚ ਵਿੱਚ ਲਿਸ਼ਕ ਰਹੀ ਬਿਜਲੀ ਕਾਰਨ ਬੰਦ ਗੇਟ ਦਾ ਜਿੰਦਾ ਚਮਕ ਪੈਂਦਾ।

ਖੋਜ ਕਾਰਜ ਤੋਂ ਜਦੋਂ ਵੀ ਵਿਹਲ ਮਿਲਦੀ, ਮੈਂ ਤਰੋਤਾਜ਼ਾ ਹੋਣ ਲਈ ਜਸਟਿਸ ਸਾਹਿਬ ਦੀ ਕੋਠੀ ਵੱਲ ਜ਼ਰੂਰ ਦੇਖਦਾ। ਕੋਠੀ ਦੇ ਪਾਰਕ ਵਿਚਲੇ ਘਾਹ, ਗੁਲਾਬ ਅਤੇ ਕਲੀਆਂ ਨੂੰ ਦੇਖ ਕੇ ਮਨ ਅੱਸ਼ ਅੱਸ਼ ਕਰ ਉਠਦਾ। ਨਾਲ ਹੀ ਉਹਦਾ ਕਲੀਆਂ ਜਿਹਾ ਰੂਪ ਮੇਰੇ ਸਾਹਮਣੇ ਸਾਕਾਰ ਹੋ ਜਾਂਦਾ। ਉਹ ਟਹਿਲਦੀ ਹੋਈ ਪਾਰਕ ਵਿੱਚ ਆਣ ਬਹਿੰਦੀ।

ਮੀਂਹ ਦੀ ਛਮਛਮ 'ਚੋਂ ਅਚਾਨਕ ਦਰਵਾਜ਼ਾ ਖੜਕਣ ਦੀ ਆਵਾਜ਼ ਸੁਣਾਈ ਦਿੱਤੀ। ਦਰਵਾਜ਼ੇ ਦੇ ਮੋਟੇ ਹੈਂਡਲ ਨਾਲ ਫਿੰਗਰ ਪ੍ਰਿੰਟ ਸੈਂਸਰ ਲੱਗਾ ਹੋਇਆ। ਕੋਈ ਵਿਅਕਤੀ ਬਿਨਾਂ ਆਗਿਆ ਅੰਦਰ ਨਹੀਂ ਆ ਸਕਦਾ। ਕੰਪਿਊਟਰ ਵਿੱਚ ਉਨ੍ਹਾਂ ਲੋਕਾਂ ਨੂੰ ਪਛਾਨਣ ਦਾ ਖਾਸ ਪ੍ਰੋਗਰਾਮ ਹੈ, ਜਿਹੜੇ ਪ੍ਰਯੋਗਸ਼ਾਲਾ ਵਿੱਚ ਅਕਸਰ ਆਉਂਦੇ ਰਹਿੰਦੇ ਹਨ। ਕੰਪਿਊਟਰ ਉਨ੍ਹਾਂ ਦੇ ਨਾਮ ਦੀ ਆਵਾਜ਼ ਦਿੰਦਾ ਤੇ ਸਕਰੀਨ 'ਤੇ ਤਸਵੀਰ ਵੀ ਆ ਜਾਂਦੀ। ਇਹ ਆਵਾਜ਼ ਬੇਨਾਮੀ ਸੀ। ਫਿਰ ਸਕਰੀਨ 'ਤੇ ਫ਼ੋਟੋ ਕਿਸ ਦੀ ਆਉਣੀ ਸੀ? ਨਾ ਚਾਹੁੰਦੇ ਹੋਏ ਵੀ ਮੈਂ ਦਰਵਾਜ਼ਾ ਖੋਲ੍ਹ ਦਿੱਤਾ ਸੀ। ਹੈਂਅ .... ਇਰਫ਼ਾਨ ਅਲੀ ਦੇ ਬਾਗ ਦਾ ਫੁੱਲ?

''ਸਰ, ਮੈਂ ਅੰਦਰ ਆ ਸਕਦੀ ਆਂ?'' ਉਸ ਨੇ ਲੰਮੇ ਵਾਲਾਂ ਨੂੰ ਥੋੜ੍ਹਾ ਝਟਕਦਿਆਂ ਦਰਵਾਜ਼ਾ ਪੂਰਾ ਖੋਲ੍ਹ ਲਿਆ ਸੀ।

''ਹਾਂ... ਹਾਂ। ਕਿਉਂ ਨਹੀਂ।''

ਮੈਂ ਉਸ ਦੇ ਵਾਲਾਂ ਤੋਂ ਝੜ ਰਹੀਆਂ ਚਾਂਦੀ ਦੀਆਂ ਗੋਲੀਆਂ ਨੂੰ ਫ਼ਰਸ਼ 'ਤੇ ਬੇਆਵਾਜ਼ ਡਿੱਗ ਡਿੱਗ ਟੁੱਟਦਿਆਂ ਦੇਖਣ ਲੱਗਾ। ਇਕ ਅਨੋਖੀ ਜਿਹੀ ਸੁਗੰਧ ਨਾਲ ਕਮਰਾ ਭਰ ਗਿਆ ਸੀ। ਜਿਉਂ ਉਹ ਪਰੀਆਂ ਦੇ ਝੁੰਡ ਵਿਚੋਂ ਵਿਛੜ ਕੇ ਆਈ ਹੋਵੇ।

''ਸਰ, ਮੈਂ ਆਰਸੀ ਸ਼ਾਹ। ਤੁਸੀਂ ਆਰਸੀ ਕਹਿ ਸਕਦੇ ਹੋ। ਤੁਹਾਡੇ ਗੁਆਂਢ ਤੋਂ ਆਂ। ਡੈਡ ਤੇ ਨੌਕਰ ਘਰ ਨਈਂ। ਕਾਰ ਵਿੱਚੋਂ ਚਾਬੀ ਲੱਭੀ ਨਈਂ। ਸ਼ਾਇਦ ਕਿਤੇ....। ਕੀ ਡੈਡ ਦੇ ਆਉਣ ਤਕ ਇਥੇ ਰੁਕ ਸਕਦੀ ਆਂ?'' ਉਹ ਇਹ ਸੱਭ ਕੁੱਝ ਇਕੋ ਸਾਹੇ ਬੋਲ ਗਈ ਸੀ।

ਮੈਂ ਉਹਨੂੰ ਜੀ ਆਇਆਂ ਕਿਹਾ। ਸਧਾਰਨ ਜਿਹੀ ਸਜਾਵਟ ਵਾਲਾ ਇਹ ਮੇਰਾ ਰੂਮ ਮੇਰੇ ਵਾਂਗ ਹੀ ਉਗੜਾ-ਦੁਗੜਾ ਹੈ। ਮੇਰੇ ਵਾਂਗ ਹੀ ਅੱਖੜ ਜਿਹਾ ਤੇ ਟੁੱਟ ਭੱਜ ਵਾਲਾ। ਉਸ ਸਾਹਵੇਂ ਹੋਰ ਵੀ ਊਣਾ-ਊਣਾ ਲੱਗਣ ਲੱਗ ਪਿਆ ਸੀ। ਥੋੜ੍ਹੀ ਦੇਰ ਬਾਅਦ ਨੌਕਰ ਦੋ ਕੱਪ ਚਾਹ, ਖਾਣ ਪੀਣ ਦਾ ਸਾਮਾਨ ਅਤੇ ਤੌਲੀਆ ਲੈ ਕੇ ਆ ਗਿਆ। ਪਹਿਲਾਂ ਆਰਸੀ ਨੇ ਤੌਲੀਏ ਨਾਲ ਸਿਰ ਦੇ ਵਾਲ ਸੁਕਾਏ। ਮੂੰਹ ਪੂੰਝਿਆ। ਟਾਪ ਤੇ ਜੀਨ ਵੀ ਨਚੋੜੇ। ਫੇਰ ਬਿਟਰ ਬਿਟਰ ਤੱਕ ਰਹੇ ਯੋਗੇਸ਼ ਦੇ ਹੱਥ ਤੌਲੀਆ ਫੜਾ ਕੇ ਹੱਸ ਪਈ।

''ਸਰ, ਤੁਸੀਂ ਇਥੇ ਇਕੱਲੇ ਰਹਿੰਦੇ ਓ?'' ਚਾਹ ਦਾ ਘੁੱਟ ਭਰਦੇ ਹੋਏ ਉਸ ਨੇ ਗੱਲਬਾਤ ਸ਼ੁਰੂ ਕਰਨ ਦੇ ਉਦੇਸ਼ ਨਾਲ ਪੁੱਛਿਆ।

''ਕੱਲਾ ਈ ਆਂ।''

''ਪਿਛੋਂ ਅਸੀਂ ਜੰਮੂ-ਕਸ਼ਮੀਰ ਤੋਂ ਆਂ। ਡੈਡ ਹਾਈਕੋਰਟ 'ਚ ਜੱਜ ਨੇ। ਮੈਂ ਨਵੀਂ ਦਿੱਲੀ ਯੂਨੀਵਰਸਿਟੀ 'ਚ ਕੈਮਿਸਟਰੀ ਦੀ ਲੈਕਚਰਾਰ ਹਾਂ। ਤੁਸੀਂ?'' ਉਸ ਨੇ ਅਪਣੇ ਬਾਰੇ ਜਾਣ-ਪਛਾਣ ਕਰਵਾਈ ਸੀ।

ਮੈਂ ਉਹਨੂੰ ਅਪਣੇ ਬਾਰੇ ਵੀ ਦੱਸ ਦਿੱਤਾ। ਮੈਨੂੰ ਉਸ ਨਾਲ ਗੱਲਾਂ ਕਰ ਕੇ ਆਨੰਦ ਆਉਣ ਲੱਗਾ।

''ਤੁਸੀਂ ਕਿਹੜੀ ਖੋਜ ਕਰ ਰਹੇ ਹੋ?'' ਉਸ ਨੇ ਸਿਰ ਦੇ ਵਾਲਾਂ ਨੂੰ ਛੰਡਿਆ ਸੀ।

ਮੈਂ ਉਸ ਦੇ ਸਵਾਲ ਦਾ ਕੋਈ ਸਪੱਸ਼ਟ ਜਵਾਬ ਨਈਂ ਸੀ ਦਿੱਤਾ। ਨੌਕਰ ਟਰੇਅ ਵਿੱਚ ਖ਼ਾਲੀ ਕੱਪ ਚੁੱਕ ਕੇ ਲੈ ਗਿਆ ਸੀ। ਹੋਰ ਨਿੱਕੀਆਂ ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ। ਤਕਰੀਬਨ ਡੇਢ ਕੁ ਘੰਟੇ ਬਾਅਦ ਮੀਂਹ ਵੀ ਰੁਕ ਗਿਆ ਸੀ। ਬਾਹਰ ਨਿਕਲ ਕੇ ਦੇਖਿਆ ਤਾਂ ਅਸਮਾਨ ਸਾਫ਼ ਹੋ ਗਿਆ ਸੀ। ਉਨ੍ਹਾਂ ਦੀ ਕੋਠੀ ਵਿੱਚ ਵੀ ਰੋਸ਼ਨੀ ਜਗਮਗਾਉਣ ਲੱਗੀ ਸੀ।

ਉਹ ਕਮਰੇ ਵਿੱਚੋਂ ਨਿੱਕੇ ਨਿੱਕੇ ਕਦਮ ਪੁੱਟਦੀ ਬਾਹਰ ਨਿਕਲੀ ਤੇ ਕਾਰ ਵਿੱਚ ਜਾ ਬੈਠੀ। ਸਟੇਅਰਿੰਗ ਘੁੰਮਾਉਂਦੀ ਹੋਈ ਨੇ ਵਿੰਡ ਸਕਰੀਨ ਤੋਂ ਬਾਹਰ ਦੇਖਿਆ। ਸਾਫ਼ ਆਕਾਸ਼ ਵਿੱਚ ਚੰਦਰਮਾ ਵਿਖਾਈ ਦੇਣ ਲੱਗਾ ਸੀ। ਮੈਂ ਪਹਿਲਾਂ ਉਹਦੇ ਵੱਲ ਵੇਖ ਕੇ ਮੁਸਕਰਾਇਆ ਤੇ ਫਿਰ ਚੰਦਰਮਾ ਵੱਲ। ਉਹਨੇ ਕਈ ਵਾਰ ਅੱਖਾਂ ਝਪਕੀਆਂ। ਕਾਰ ਸਟਾਰਟ ਕੀਤੀ ਤਾਂ ਰੌਸ਼ਨੀ ਫੈਲ ਗਈ। ਉਹ ਬਹੁਤ ਹੀ ਹੌਲੀ ਆਵਾਜ਼ ਵਿੱਚ 'ਸੀ ਯੂ...' ਬੋਲੀ। ਕਾਰ ਲੈ ਕੇ ਅਪਣੀ ਕੋਠੀ ਅੰਦਰ ਚਲੀ ਗਈ ਸੀ।

ਆਰਸੀ ਨੂੰ ਜਿਸ ਕੁਰਸੀ 'ਤੇ ਬਿਠਾਇਆ ਗਿਆ ਸੀ, ਉਸ ਉਤੇ ਬੈਠਣ ਵਾਲੇ ਦੇ ਲੈਬ ਦੇ ਕੈਮਰੇ ਅਪਣੇ ਆਪ ਫ਼ੋਟੋ ਖਿੱਚ ਲੈਂਦੇ ਨੇ। ਕੁਰਸੀ ਦੀਆਂ ਬਾਂਹਾਂ ਨਾਲ ਹੱਥਾਂ ਦਾ ਸਪਰਸ਼ ਹੁੰਦਿਆਂ ਹੀ ਫਿੰਗਰ ਪ੍ਰਿੰਟ ਆ ਜਾਂਦੇ ਨੇ। ਦੀਵਾਰ ਵਾਲੀ ਮਸ਼ੀਨ ਉਸ ਦੇ ਜੇਬ ਵਿਚਲੇ ਸੈੱਲ ਫੋਨ ਦਾ ਨੰਬਰ ਅਤੇ ਡਰਾਈਵਿੰਗ ਲਾਇਸੈਂਸ ਵਰਗੇ ਡਾਕੂਮੈਂਟਸ ਤੋਂ ਐਡਰੈੱਸ ਸੇਵ ਕਰ ਲੈਂਦੀ ਹੈ। ਸਭ ਤੋਂ ਪਹਿਲਾਂ ਮੈਂ ਉਹਦਾ ਨਾਂ ਤੇ ਫੋਟੋ ਫਿੰਗਰ ਪ੍ਰਿੰਟ ਸੈਂਸਰ ਵਿੱਚ ਐਡ ਕੀਤੇ। ਫੇਰ ਤਾਂ ਜਿਵੇਂ ਉਹ ਮੇਰੇ ਸਾਹਾਂ ਵਿੱਚ ਹੀ ਐਡ ਹੋ ਗਈ ਹੋਵੇ।

ਐਨੀ ਸੁੰਦਰ ਤੇ ਜ਼ਹੀਨ ਕੁੜੀ....। ਬੱਸ ਮੈਂ ਦੇਖਦਾ ਰਹਿ ਗਿਆ। ਮੈਂ ਜੌਬ ਅਤੇ ਕੰਮ ਤੋਂ ਅੱਕਿਆ ਪਿਆ ਸਾਂ। ਮੈਨੂੰ ਲੱਗਾ ਕਿ ਇਹ ਕੁੜੀ ਸੁੱਖ ਦੇ ਸਕਦੀ ਆ। ਹੁਣ ਹੋਟਲਾਂ ਵਿੱਚ ਭੱਜਣ ਦੀ ਲੋੜ ਨਈਂ ਰਹਿਣੀ। ਇਸੇ ਲਈ ਦਿਨ ਰਾਤ ਉਹਦਾ ਫੁੱਲਾਂ ਜਿਹਾ ਰੂਪ ਮੇਰੇ ਸਾਹਮਣੇ ਆਉਣ ਲੱਗਾ। ਕੁਰਸੀ 'ਤੇ ਬੈਠੀ ਜਦੋਂ ਚਾਹ ਪੀ ਰਹੀ ਸੀ ਤਾਂ ਸੁਰਾਹੀਦਾਰ ਗਰਦਨ 'ਚੋਂ ਚਾਹ ਦਾ ਘੁੱਟ ਲੰਘਦਾ ਵੀ ਦਿਸਦਾ ਸੀ। ਗੋਰੇ ਚਿੱਟੇ ਨਿਛੋਹ ਬਦਨ ਉਤੇ ਨੀਲੀਆਂ-ਨੀਲੀਆਂ ਨਾੜਾਂ ਇਵੇਂ ਲੱਗੀਆਂ ਜਿਵੇਂ ਕੁਦਰਤ ਰਾਣੀ ਨੇ ਉਹਨੂੰ ਸ਼ਿੰਗਾਰਨ ਲਈ ਬੂਟੀਆਂ ਪਾਈਆਂ ਹੋਣ। ਉਹਦੀਆਂ ਅੱਖਾਂ ਦਾ ਬਲੌਰੀਪਨ ਪਾਗਲ ਜਿਹਾ ਕਰ ਗਿਆ ਸੀ।

ਮੈਂ ਆਰਸੀ ਨੂੰ ਹਜ਼ਾਰ ਵਰ੍ਹੇ ਤੱਕ ਅਮਰ ਕਰ ਦੇਣ ਦਾ ਫ਼ੈਸਲਾ ਕਰ ਲਿਆ ਸੀ। ਹੁਣ ਤਕ ਤਿੰਨ ਸੌ ਸੱਤਰ ਬੰਦਿਆਂ ਦੇ ਜੈਨੇਟਿਕ ਡਾਟੇ ਨੂੰ ਪਰਖ ਚੁੱਕਾ ਸੀ। ਮੈਂ ਅਪਣੀ ਖੋਜ ਦੀ ਮੇਨ ਸਟਰੀਮ ਆਰਸੀ ਨੂੰ ਬਣਾਉਣ ਦਾ ਮਨ ਬਣਾ ਲਿਆ ਸੀ। ਉਹਦੇ ਸਹਿਮਤ ਹੋ ਜਾਣ ਦੀ ਉਮੀਦ ਕਰਨ ਲੱਗਾ।

ਹਫ਼ਤੇ ਕੁ ਬਾਅਦ ਆਰਸੀ ਦਾ ਅਗਲੇ ਦਿਨ ਲੈਬ ਆਉਣ ਲਈ ਫ਼ੋਨ ਆ ਗਿਆ।

ਸਵੇਰੇ-ਸਵੇਰੇ ਸੂਰਜ ਦੀਆਂ ਕਿਰਨਾਂ ਮੇਰੇ 'ਤੇ ਪਈਆਂ। ਮੈਂ ਅੰਗੜਾਈ ਲੈ ਕੇ ਅੱਖਾਂ ਖੋਲ੍ਹੀਆਂ। ਆਕਾਸ਼ ਦਾ ਰੰਗ ਆਰਸੀ ਦੀਆਂ ਅੱਖਾਂ ਵਰਗਾ ਲੱਗਾ ਸੀ। ਮੈਨੂੰ ਆਰਸੀ ਦੇ ਆਉਣ ਦਾ ਚੇਤਾ ਆ ਗਿਆ ਸੀ। ਮੈਂ ਫਟਾਫਟ ਤਿਆਰ ਹੋਇਆ ਸੀ। ਕੁੱਝ ਸਮੇਂ ਬਾਅਦ ਉਹਨੇ ਗੇਟ ਦੇ ਹੈਂਡਲ ਨੂੰ ਟੱਚ ਕੀਤਾ ਸੀ। ਕੰਪਿਊਟਰ ਨੇ ਉਸੇ ਵਕਤ ਉਹਦੇ ਨਾਂ ਦੀ ਆਵਾਜ਼ ਦੇ ਦਿੱਤੀ ਸੀ। ਸਕਰੀਨ 'ਤੇ ਉਹਦੀ ਤਸਵੀਰ ਦੇਖ ਕੇ ਮਨ ਬਾਗੋ ਬਾਗ ਹੋ ਗਿਆ। ਸਾਰਾ ਦਿਨ ਫੋਰੈਂਸਿਕ ਸੈਂਟਰ ਦੇ ਕੰਮ ਨੇ ਕਮਲੇ ਕਰੀ ਰੱਖਿਆ ਸੀ। ਰਹਿੰਦਾ ਕੰਮ ਲੈਬ ਚੁੱਕ ਲਿਆਇਆ ਸਾਂ। ਅੱਧੀ ਰਾਤ ਤੱਕ ਉਸੇ ਕੰਮ ਵਿਚ ਉਲਝਿਆ ਰਿਹਾ ਸਾਂ। ਬੱਸ ਉਹਨੂੰ ਦੇਖ ਕੇ ਸਾਰੀ ਥਕਾਵਟ ਲਹਿ ਗਈ।

ਮੈਂ ਝੱਟ ਦਰਵਾਜ਼ਾ ਖੋਲ੍ਹਿਆ। .... ਤੇ ਉਹ ਠੁਮਕ ਠੁਮਕ ਤੁਰਦੀ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਆਣ ਬੈਠੀ। ਮੈਂ ਉਸ 'ਤੇ ਨਜ਼ਰ ਸੁੱਟੀ। ਅੱਜ ਉਹ ਹੋਰ ਵੀ ਸੋਹਣੀ ਲੱਗ ਰਹੀ ਸੀ। ਨੌਕਰ ਨਾਸ਼ਤਾ ਪਰੋਸਣ ਲੱਗਾ। ਉਦੋਂ ਤੱਕ ਡਾਕਟਰ ਰਾਧਿਕਾ ਵੀ ਆ ਗਈ ਸੀ। ਉਹ ਵੀ ਰਸੋਈ ਵਿੱਚ ਨੌਕਰ ਨਾਲ ਹੱਥ ਵਟਾਉਣ ਲੱਗੀ। ਮੇਰੇ ਸਾਹਮਣੇ ਅਖ਼ਬਾਰ ਫੈਲਿਆ ਹੋਇਆ ਸੀ। ਮੈਂ ਨਾਸ਼ਤੇ ਦੇ ਨਾਲ ਨਾਲ ਖ਼ਬਰਾਂ ਵੀ ਪੜ੍ਹਨ ਲੱਗਾ। ਉਹਦੇ ਵੱਲ ਵੀ ਵੇਖ ਲੈਂਦਾ। ਉਹ ਅੱਖਾਂ ਝਪਕਦੀ ਤਾਂ ਲਗਦਾ ਜਿਵੇਂ ਪਲਕਾਂ ਤੋਂ ਸਿਤਾਰੇ ਝੜ ਰਹੇ ਹੋਣ। ਮੈਂ ਉਹਨੂੰ ਅਪਣੀ ਖੋਜ ਬਾਰੇ ਦੱਸਣ ਦਾ ਮਨ ਬਣਾ ਚੁੱਕਾ ਸਾਂ। ਨਾਸ਼ਤਾ ਕਰਨ ਤੋਂ ਬਾਅਦ ਮੈਂ ਉਹਨੂੰ ਲੈਬ ਅੰਦਰ ਲੈ ਗਿਆ।

ਲੈਬ ਵਿੱਚ ਅਨੇਕ ਤਰ੍ਹਾਂ ਦੇ ਯੰਤਰ ਪਏ ਹਨ, ਜਿਨ੍ਹਾਂ ਦੀ ਉਹਨੂੰ ਸ਼ਾਇਦ ਬਹੁਤੀ ਜਾਣਕਾਰੀ ਨਈਂ ਸੀ। ਪੂਰਬੀ ਦੀਵਾਰ ਦੇ ਨਾਲ ਵੱਡਾ ਮੇਜ਼ ਲੱਗਾ ਹੋਇਆ। ਇਸ ਉਤੇ ਅਤੇ ਕੰਧ 'ਤੇ ਅਣਗਿਣਤ ਪੁਆਇੰਟ ਲੱਗੇ ਹੋਏ ਹਨ। ਆਮ ਦਫ਼ਤਰਾਂ ਵਿੱਚ ਵਰਤਣ ਵਾਲਾ ਮੇਜ ਵੀ ਪਿਆ ਹੈ। ਇਸ ਉਤੇ ਖਾਸ ਪ੍ਰੋਗਰਾਮਿੰਗ ਵਾਲਾ ਕੰਪਿਊਟਰ ਅਤੇ ਤਿੰਨ ਚਾਰ ਛੋਟੇ ਵੱਡੇ ਬਕਸੇ ਪਏ ਹੋਏ ਹਨ। ਕਈ ਤਾਰਾਂ ਕੰਪਿਊਟਰ ਅਤੇ ਬਕਸਿਆਂ ਨੂੰ ਜੋੜ ਰਹੀਆਂ ਹਨ। ਮੇਜ ਦੇ ਸਾਹਮਣੇ ਪਈ ਕੁਰਸੀ 'ਤੇ ਬੈਠ ਕੇ ਉਹ ਲੈਬ ਦਾ ਜਾਇਜ਼ਾ ਲੈਣ ਲੱਗੀ।

ਦੀਵਾਰਾਂ 'ਤੇ ਲੱਗੇ ਵਿਗਿਆਨੀਆਂ ਦੇ ਪੋਟਰੇਟ ਵੇਖਦਿਆਂ ਟੇਬਲ 'ਤੇ ਪਏ ਸ਼ੀਸ਼ੇ ਦੇ ਹੇਠ ਪਈ ਅੰਗਰੇਜ਼ੀ ਸਤਰ ਵਿੱਚ ਉਸ ਨੇ ਬੜੀ ਦਿਲਚਸਪੀ ਵਿਖਾਈ।

'ਸਮੂਥ ਵੇਵਜ਼ ਨੈਵਰ ਪਰੋਡਿਊਸ ਸਕਿਲਡ ਸੇਲਰਜ਼।''

ਟੇਬਲ 'ਤੇ ਪਈ ਇਲੈਕਟ੍ਰੋਨਿਕ ਮਾਈਕਰੋਸਕੋਪ ਵਿੱਚੋਂ ਵੇਖਣ ਲਈ ਆਰਸੀ ਝੁਕੀ ਤਾਂ ਯੋਗੇਸ਼ ਦਾ ਧਿਆਨ ਉਹਦੇ ਵੱਲ ਹੋ ਗਿਆ ਸੀ। ਮੈਂ ਉਹਨੂੰ ਘੂਰਿਆ ਤਾਂ ਉਹ ਪਰ੍ਹੇ ਜਾ ਸੈਂਟਰੀਫਿਊਗਲ ਮਸ਼ੀਨ ਕੋਲ ਪਏ ਰੀਏਜੈਂਟਾਂ ਨੂੰ ਸ਼ੀਸ਼ੇ ਦੀ ਸੈਲਫ਼ ਉਤੇ ਟਿਕਾਣ ਲੱਗ ਪਿਆ। ਫਿਰ ਮੈਂ ਆਰਸੀ ਨੂੰ ਲੋਂਜੀਵਿਟੀ ਬਾਰੇ ਦੱਸਣ ਲੱਗ ਪਿਆ ਸਾਂ। ਪਹਿਲਾਂ ਤਾਂ ਉਹ ਹੱਸੀ ਜਾਵੇ। ਉਹਨੂੰ ਯਕੀਨ ਨਈਂ ਸੀ ਆ ਰਿਹਾ।

''ਹਾਂ, ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਹੋ ਸਕਦੀ ਆ।''

ਡਾਕਟਰ ਰਾਧਿਕਾ ਦੇ ਮੂੰਹੋਂ ਸੁਣ ਕੇ ਸ਼ਾਇਦ ਉਹਨੇ ਯਕੀਨ ਕਰ ਲਿਆ ਸੀ। ਉਸ ਸਮੇਂ ਰਾਧਿਕਾ ਟੈਸਟ ਟਿਊਬ 'ਚ ਪ੍ਰੋਟੀਨਾਂ ਨੂੰ ਨਿਖੇੜ ਰਹੀ ਸੀ। ਮੈਂ ਫੋਰੈਂਸਿਕ ਸੈਂਟਰ ਦੇ ਸੈਂਪਲ ਨੂੰ ਪਿਛਲੀ ਰਾਤ ਗਲਾਸ ਬੇਸ ਵਾਲੀ ਜੈਲ ਪਲੇਟ 'ਤੇ ਵਿਛਾ ਗਿਆ ਸੀ। ਵਿਛੇ ਹੋਏ ਸਟਾਰਸ ਦਾ ਕੋਈ ਰੀਐਕਸ਼ਨ ਨਈਂ ਸੀ ਹੋਇਆ। ਹੁਣ ਰਾਧਿਕਾ ਇਸ ਸੈਂਪਲ ਨੂੰ ਹਾਈ ਸਪੀਡ ਵਾਲੀ ਸੈਂਟਰੀਫਿਊਗਲ ਮਸ਼ੀਨ 'ਚ ਪਾਉਣ ਲਈ ਤਿਆਰ ਕਰ ਰਹੀ ਸੀ। ਸ਼ਾਇਦ ਆਰਸੀ ਨੂੰ ਉਹ ਕੋਈ ਗਹਿਰ ਗੰਭੀਰ ਵਿਗਿਆਨਣ ਲੱਗੀ ਹੋਏਗੀ। ਫੇਰ ਆਰਸੀ ਮੈਨੂੰ ਕਹਿਣ ਲੱਗੀ।

''ਡਾਕਟਰ ਸੁਵੀਰ ਸਿੰਘ ਜੀ, ਇਹ ਬੁਢਾਪਾ ਕੀ ਸ਼ੈਅ ਆ?'' ਬੁਢਾਪੇ ਸਬੰਧੀ ਸਵਾਲ ਪੁਛ ਜਿਵੇਂ ਮੇਰੀ ਜਵਾਨੀ ਦਾ ਅੰਦਾਜ਼ਾ ਲਗਾਉਣ ਲੱਗੀ ਹੋਵੇ। ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਸ਼ਰਾਰਤੀ ਜਿਹਾ ਹਾਸਾ ਹੱਸਦੀ ਲੱਗੀ।

''ਮਿਟੋਕ੍ਰਿਆਲ ਫ੍ਰੀ ਰੈਡੀਕਲ ਥਿਊਰੀ ਆਫ਼ ਏਜਿੰਗ ਅਨੁਸਾਰ ਬੁਢਾਪਾ ਹੌਲੀ ਹੌਲੀ ਆਉਣ ਵਾਲੀ ਮੌਤ ਹੈ।''

''.... ਐਂ ਦੱਸੋ, ਤੁਸੀਂ ਬੁਢਾਪਾ ਖ਼ਤਮ ਕਿਵੇਂ ਕਰੋਗੇ?'' ਉਸ ਨੇ ਅਗਲਾ ਸਵਾਲ ਪੁੱਛ ਲਿਆ ਸੀ।

''ਮਨੁੱਖੀ ਸਰੀਰ ਵਿੱਚ ਮਾਈਕਰੋ ਆਰਗੇਨਿਜ਼ਮ ਦਾ ਜੈਨੇਟਿਕ ਮੈਟੀਰੀਅਲ ਜੋੜ ਦਿੱਤਾ ਜਾਵੇਗਾ। ਜਿਸ ਨਾਲ ਉਹ ਬੁਢਾਪੇ ਨਾਲ ਮਰਨ ਵਾਲੇ ਸੈੱਲਾਂ ਦੀ ਜ਼ਿੰਦਗੀ ਲੰਮੀ ਕਰ ਦੇਵੇਗਾ।'' ਜਿਸ ਗੱਲ ਦਾ ਵਿਗਿਆਨੀ ਹਮੇਸ਼ਾ ਉਹਲਾ ਰੱਖਦਾ ਹੈ, ਮੈਂ ਉਹਨੂੰ ਉਹਦਾ ਹਿੰਟ ਦਿੱਤਾ ਸੀ।

ਮੇਰੀ ਗੱਲ ਸ਼ਾਇਦ ਉਹਦੇ ਪੱਲੇ ਨਈਂ ਸੀ ਪਈ। ਫਿਰ ਮੈਂ ਗੱਲ

ਹੋਧਰੇ ਪਾਉਂਦਿਆਂ ਕਿਹਾ, ''ਮੇਰੀ ਜ਼ਿੰਦਗੀ ਵਿੱਚ ਆਏ ਲੋਕਾਂ ਵਿੱਚੋਂ ਸਭ ਤੋਂ ਖ਼ੂਬਸੂਰਤ ਤੁਸੀਂ ਹੋ। ਮੈਂ ਚਾਹੁੰਦਾ ਆਰਸੀ ਮਨੁੱਖਾਂ ਵਿੱਚੋਂ ਪਹਿਲੀ ਹੋਵੇ, ਜਿਹੜੀ ਹਜ਼ਾਰ ਵਰ੍ਹੇ ਤਕ ਤਰੋਤਾਜ਼ਾ ਤੇ ਜਵਾਨ ਰਹੇ।''

ਇਹ ਸੁਣ ਕੇ ਉਹਦੀਆਂ ਅੱਖਾਂ ਵਿੱਚ ਚਮਕ ਆ ਗਈ ਸੀ। ਉਹ ਸੈਂਟਰੀਫਿਊਗਲ ਮਸ਼ੀਨ 'ਤੇ ਉਂਗਲਾਂ ਮਾਰਨ ਲੱਗ ਪਈ। ਉਹ ਦੋ ਢਾਈ ਘੰਟੇ ਲੈਬ ਬੈਠੀ ਰਹੀ। ਪਰ ਉਹਨੇ ਕੋਈ ਹੁੰਗਾਰਾ ਨਈਂ ਸੀ ਭਰਿਆ।

ਮੈਂ ਵੀ ਮੁੜ ਉਹਦੇ ਨਾਲ ਖੋਜ ਵਾਲੀ ਗੱਲ ਨਹੀਂ ਸੀ ਕੀਤੀ। ਫਿਰ ਉਹ ਦੂਏ ਤੀਏ ਦਿਨ ਮੈਨੂੰ ਮਿਲਣ ਲੱਗ ਪਈ। ਕਦੇ ਉਹ ਮੇਰੇ ਕੋਲ ਆ ਜਾਂਦੀ। ਕਦੇ ਅਪਣੀ ਕੋਠੀ ਬੁਲਾ ਲੈਂਦੀ। ਚੰਦ ਮੁਲਾਕਾਤਾਂ ਤੋਂ ਬਾਅਦ ਉਹ ਮੇਰੀ ਹੋ ਗਈ ਸੀ। ਉਹਦਾ ਮੇਰਾ ਕੋਈ ਜੋੜ ਮੇਲ ਨਈਂ ਸੀ। ਕਦੀ ਕਦੀ ਮੈਂ ਸੋਚਦਾ ਕਿ ਉਹ ਕਿਸੇ ਏਜੰਸੀ ਦੀ ਮੈਂਬਰ ਨਾ ਹੋਵੇ। ਇੱਕ ਦਿਨ ਯੋਗੇਸ਼ ਨੇ ਮੈਨੂੰ ਆਖਿਆ ਸੀ।

''ਸਰ, ਇਸ ਕੁੜੀ 'ਤੇ ਯਕੀਨ ਨਾ ਕਰਿਉ। ਮੁਸਲਮਾਨ ਦੇਸ਼ ਦੀ ਸੁਰੱਖਿਆ ਦੀ ਸਾਰੀ ਸੂਚਨਾ ਪਾਕਿਸਤਾਨ ਨੂੰ ਦਿੰਦੇ ਆ। ਦੇਸ਼ ਵਿੱਚ ਅੱਤਵਾਦ ਫੈਲਾਉਣਾ ਚਾਹੁੰਦੇ ਆ।''

ਮੈਂ ਤਾਂ ਯੋਗੇਸ਼ ਦੀ ਗੱਲ ਸੁਣ ਕੇ ਡਰ ਗਿਆ ਸੀ। ਇਸ ਪਿੱਛੋਂ ਮੈਂ ਆਰਸੀ ਦੀ ਛਾਣਬੀਣ ਕੀਤੀ। ਜੱਜ ਸਾਹਿਬ ਅਪਣੀ ਡਿਊਟੀ ਵਿੱਚ ਮਸ਼ਰੂਫ਼ ਰਹਿੰਦੇ ਸਨ। ਘਰ ਹੋਰ ਕੋਈ ਮੈਂਬਰ ਨਹੀਂ ਸੀ। ਇਹ ਪੜ੍ਹਾਉਣ ਜਾਂਦੀ। ਉਵਰਲੋਡ ਵਰਕ ਇਹਨੂੰ ਥਕਾ ਦਿੰਦਾ। ਹਿਸਾਬ, ਸਾਇੰਸ ਵਿਸ਼ਿਆਂ ਦੇ ਅਧਿਆਪਕ ਹਮੇਸ਼ਾ ਕੰਮ ਨਾਲ ਝੱਲੇ ਹੋਏ ਰਹਿੰਦੇ ਹਨ। ਇਹਦਾ ਕੋਈ ਦੋਸਤਾਂ ਜਾਂ ਸਹੇਲੀਆਂ ਦਾ ਸਰਕਲ ਨਹੀਂ ਸੀ। ਅਪਣੇ ਰੁਝੇਵਿਆਂ ਭਰੇ ਜੀਵਨ ਤੋਂ ਤੰਗ ਆ ਕੇ ਮੇਰੇ ਵੱਲ ਆਉਣ ਲੱਗ ਪਈ ਸੀ। ਅੱਜ ਕੱਲ੍ਹ ਜਿੰਨਾ ਜੌਬ ਦਾ ਸਟਰੈਸ ਆ, 'ਕੱਲਾ ਬੰਦਾ ਬਚ ਨਹੀਂ ਸਕਦਾ। ਯੋਗੇਸ਼ ਵਾਲੀ ਕੋਈ ਗੱਲ ਸੱਚੀ ਨਾ ਨਿਕਲੀ।

ਇਕ ਤਰ੍ਹਾਂ ਮੇਰੀ ਜ਼ਿੰਦਗੀ 'ਚ ਮੇਰੀ ਖੋਜ ਦੇ ਨਾਲ ਨਾਲ ਆਰਸੀ ਵੀ ਜੁੜ ਗਈ ਸੀ। ਸਾਡੇ ਵਿਆਹ 'ਤੇ ਸਹਿਮਤੀ ਨਹੀਂ ਸੀ ਹੋਈ। ਉਂਝ 'ਤੇ ਜਸਟਿਸ ਸਾਹਿਬ ਨਿੱਘੇ ਬੰਦੇ ਹਨ। ਸਾਡੀਆਂ ਨਿੱਕੀਆਂ ਨਿੱਕੀਆਂ ਖ਼ੁਸ਼ੀਆਂ ਵੱਡੀਆਂ ਕਰ ਕੇ ਮਨਾਉਂਦੇ ਪਰ ਵਿਆਹ ਬਾਰੇ ਉਨ੍ਹਾਂ ਦਾ ਤਰਕ ਸੀ ਕਿ ਅਪਣੇ ਧਰਮ ਵਿੱਚ ਹੀ ਕਰਵਾਉਣਾ ਚਾਹੀਦਾ ਹੈ। ਜਦੋਂ ਉਹ ਲੈਬ ਆਏ ਹੋਏ ਏਹੋ ਜਿਹੀਆਂ ਗੱਲਾਂ ਕਰਨ ਲੱਗੇ, ਯੋਗੇਸ਼ ਵੀ ਉਹਨਾਂ ਦੀ ਹਾਂ ਵਿਚ ਹਾਂ ਮਿਲਾਉਣ ਲੱਗਾ। ਉਂਝ ਉਹ ਆਰਸੀ ਦੇ ਕੋਲ ਢੁੱਕ-ਢੁੱਕ ਕੇ ਬਹਿੰਦਾ ਤੇ ਜੱਜ ਸਾਹਿਬ ਤੋਂ ਪਾਸਾ ਵੱਟ ਲੈਂਦਾ ਸੀ । ਉਹ ਦਿਨ ਵਿਆਹ ਵਾਲੇ ਮਾਮਲੇ 'ਤੇ ਜੱਜ ਸਾਹਿਬ ਨਾਲ ਸਟੈਂਡ ਕਰ ਗਿਆ ਸੀ। ਵਿਆਹ ਮੇਰਾ ਵੀ ਸੈਕੰਡਰੀ ਏਜੰਡਾ ਸੀ।

ਉਹ ਡਿਊਟੀ ਤੋਂ ਸੁਰਖ਼ਰੂ ਹੋ ਕੇ ਮੇਰੇ ਕੋਲ ਆ ਜਾਂਦੀ। ਫਿਰ ਉਹਦੀ ਮਰਜ਼ੀ ਚੱਲਦੀ। ਉਨ੍ਹੇ ਕਿਧਰ ਨੂੰ ਲੈ ਕੇ ਜਾਣਾ ਏ। ਕਿਹੜੀ ਪਾਰਟੀ ਅਟੈਂਡ ਕਰਵਾਉਣੀ ਹੈ, ਕਿੱਥੇ ਲੰਚ ਕਰਨਾ ਏ ਤੇ ਕਿਥੇ ਡਿਨਰ। ਇਹ ਉਹ 'ਤੇ ਡਿਪੈਂਡ ਹੁੰਦਾ ਸੀ। ਮੈਂ ਆਪਣੇ ਜੀਵਨ ਵਿੱਚ ਪਹਿਲ ਹਮੇਸ਼ਾ ਖੋਜ ਕਾਰਜ ਨੂੰ ਦਿਤੀ ਤੇ ਆਰਸੀ ਨੇ ਸਿਰਫ਼ ਮੁਹੱਬਤ ਨੂੰ। ਉਹ ਮੈਨੂੰ ਦਿੱਲੀ ਦੀ ਹਰ ਪਿਕਨਿਕ ਸਪੋਟ 'ਤੇ ਲੈ ਕੇ ਗਈ। ਮੈਂ ਜ਼ਿੰਦਗੀ ਵਿੱਚ ਕਦੇ ਨੱਚਕੇ ਨਹੀਂ ਸੀ ਦੇਖਿਆ। ਪਾਰਟੀਆਂ ਵਿੱਚ ਭੰਗੜਾ ਪਾਉਣਾ ਵੀ ਉਹਨੇ ਹੀ ਸਿਖਾਇਆ। ਆਪ ਤਾਂ ਉਹ ਕਮਾਲ ਦਾ ਡਾਂਸ ਕਰਦੀ ਸੀ।

ਪਿਛਲੇ ਪੰਜ ਛੇ ਸਾਲ ਤੋਂ ਮੇਰੀ ਤੇ ਆਰਸੀ ਦੀ ਸਾਂਝ ਸੋਹਣੀ ਨਿਭਦੀ ਆ ਰਹੀ ਸੀ। ਜਦੋਂ ਆਰਸੀ ਤੇਤੀ ਸਾਲ ਦੀ ਹੋਈ ਸੀ। ਉਹਨੂੰ ਵੱਡੀ ਹੋ ਰਹੀ ਉਮਰ ਦਾ ਝੋਰਾ ਵੱਢ ਵੱਢ ਖਾਣ ਲੱਗਾ।

''ਮੇਰੀ ਉਮਰ ਢੱਲਣ ਲੱਗ ਪਈ, ਡਾਕਟਰ ਸਾਹਿਬ। ਮੇਰੇ ਨਾਲ ਦੀਆਂ ਸਭ ਵਿਆਹ ਹੋ ਗਈਆਂ। ਡੈਡ ਤੇਰੇ ਲਈ ਨਈਂ ਮੰਨਦੇ ਤੇ ਮੈਂ ਕਿਸੇ ਹੋਰ ਲਈ ਨਈਂ ਮੰਨਦੀ।... ਮੇਰੀ ਬਿਊਟੀ ਖ਼ਤਮ ਹੋਣ ਕਿਨਾਰੇ ਆ। ਆਹ ਦੇਖੋ ਚਿਹਰਾ ਮੁਰਝਾਉਣ ਲੱਗ ਪਿਆ। ਆਹ ਠੋਡੀ ਹੇਠ ਰਿੰਕਲ ਪੈਣ ਲੱਗ ਪਏ ਨੇ। ਮੈਨੂੰ ਅਪਣੀ ਧੌਣ ਘੜੇ ਵਰਗੀ ਲੱਗਣ ਲੱਗ ਪਈ ਆ।'' ਉਹ ਮੇਰੇ ਮੋਢੇ 'ਤੇ ਸਿਰ ਰੱਖ ਕੇ ਡੁਸਕਣ ਲੱਗ ਪੈਂਦੀ।

ਉਹਨਾਂ ਦਿਨਾਂ ਵਿੱਚ ਵਧਦੀ ਉਮਰ ਬਾਰੇ ਉਹ ਫ਼ਿਰਕਮੰਦ ਬਹੁਤ ਸੀ। ਉਹਨੂੰ ਚਿਹਰੇ 'ਤੇ ਪੈਂਦੀਆਂ ਝੁਰੜੀਆਂ ਤੰਗ ਕਰਦੀਆਂ। ਸਲਿਮ ਟਰਿਮ ਕੁੜੀ ਔਰਤ ਜਿਹੀ ਲੱਗਣ ਲੱਗ ਪਈ ਸੀ। ਮੈਂ ਵੀ ਉਹਦਾ ਸਰੀਰ ਦੇਖ ਕੇ ਫ਼ਿਕਰਮੰਦ ਹੋਣ ਲੱਗਾ ਸੀ। ਫਿਰ ਉਹਨੇ ਆਪ ਲੋਂਜੀਵਿਟੀ ਵਾਲੀ ਗੱਲ ਛੇੜ ਲਈ।

''ਸੁਵੀਰ ਜੀ, ਤੁਸੀਂ ਮੈਨੂੰ ਕਿਹਾ ਸੀ... ਆਰਸੀ ਮਨੁੱਖਾਂ ਵਿੱਚੋਂ ਪਹਿਲੀ ਹੋਵੇਗੀ ਜਿਹੜੀ ਹਜ਼ਾਰ ਵਰ੍ਹੇ ਤਕ ਤਰੋ-ਤਾਜ਼ਾ ਤੇ ਜਵਾਨ ਰਹੇਗੀ। ਹਜ਼ਾਰ ਵਰ੍ਹੇ ਨੂੰ ਮਾਰੋ ਗੋਲੀ। ਕੀ ਤੁਸੀਂ ਮੈਨੂੰ ਵੀਹ ਸਾਲ ਹੋਰ ਟਹਿਕਦੀ ਰੱਖ ਸਕਦੇ ਹੋ?''

ਮੈਂ ਵੀ ਨਈਂ ਸੀ ਚਾਹੁੰਦਾ ਕਿ ਇਹ ਫੁੱਲ ਮੁਰਝਾ ਜਾਏ। ਮੈਂ ਇਹਨੂੰ ਹਮੇਸ਼ਾ ਗੁਲਾਬ ਦੇ ਫੁੱਲ ਵਾਂਗ ਖਿੜੀ ਦੇਖਣਾ ਚਾਹੁੰਦਾ ਸੀ। ਫਿਰ ਮੈਂ ਉਹਨੂੰ ਲੈਬ ਸੱਦਣ ਲੱਗ ਪਿਆ। ਸਭ ਤੋਂ ਪਹਿਲਾਂ ਮੈਂ ਉਹਦੇ ਜੀਨਜ਼ ਦੇ ਸੈਂਪਲ ਸਟੋਰ ਕੀਤੇ। ਫੋਸਿਲ ਲੈਬ ਵਿੱਚ ਟੈਸਟਾਂ ਰਾਹੀਂ ਉਸ ਦੇ ਛੋਟੇ ਛੋਟੇ ਉਹ ਜੀਨਜ਼ ਲੱਭ ਲਏ, ਜਿਹੜੇ ਜਵਾਨੀ ਉਤੇ ਅਸਰ ਪਾਉਂਦੇ ਨੇ। ਪਿਛਲੇ ਛੇ ਮਹੀਨਿਆਂ ਵਿੱਚ ਮੈਂ ਇਹ ਵੱਡੀ ਪ੍ਰਾਪਤੀ ਕੀਤੀ ਸੀ। ਪਿਛਲੇ ਛੇ ਸਾਲਾਂ ਵਿੱਚ ਹੋਰ ਲੋਕਾਂ 'ਤੇ ਵੀ ਤਜ਼ਰਬੇ ਕੀਤੇ ਸਨ, ਪਰ ਸਫ਼ਲਤਾ ਨਹੀਂ ਸੀ ਮਿਲੀ।

ਮੈਂ ਆਰਸੀ ਦੇ ਜੀਨਜ਼ ਦਾ ਸੈਂਪਲ ਲੈ ਕੇ ਐਰੀਜੋਨਾਂ ਦੀ ਪ੍ਰਾਜੈਕਟ ਰਿਸਰਚ ਲੈਬਾਰਟਰੀ ਨੂੰ ਵੀ ਭੇਜ ਚੁੱਕਾ ਸਾਂ। ਦੁਨੀਆਂ ਦੇ ਸਾਰੇ ਸੈਂਪਲਾਂ ਦੀ ਪ੍ਰੋਸੈਸਿੰਗ ਐਰੀਜੋਨਾਂ ਵਿੱਚ ਹੀ ਹੁੰਦੀ ਹੈ। ਉਹ ਸੈਂਪਲ ਵੀ ਮੁਕੰਮਲ ਪਾਇਆ ਗਿਆ ਸੀ। ਦੂਜੀ ਪ੍ਰਾਪਤੀ ਇਹ ਹੋਈ ਸੀ ਉਥੇ ਹੀ ਜੈਨੇਟਿਕ ਡਾਟੇ ਦੀ ਪਰਖ ਵੀ ਕਰਵਾਈ ਸੀ। ਫ਼ਾਈਨਲ ਸਟੇਜ ਤੋਂ ਪਹਿਲਾਂ ਆਰਸੀ ਦੇ ਸਰੀਰ ਦੇ ਸੱਤ ਹਿੱਸਿਆਂ ਦੇ ਸੈੱਲਾਂ ਦੀ ਮੁਰੰਮਤ ਕਰਨੀ ਪੈਣੀ ਸੀ। ਜੀਨਜ਼ ਦੀ ਮੁਰੰਮਤ ਤਾਂ ਸੈਂਪਲ ਲੈਣ ਵੇਲੇ ਕਰ ਦਿੱਤੀ ਸੀ।

ਮੈਂ ਆਪਣੀ ਖੋਜ ਦੇ ਬਿਲਕੁਲ ਨੇੜੇ ਪੁੱਜ ਗਿਆ ਸੀ।

ਉਨ੍ਹਾਂ ਦਿਨਾਂ ਵਿੱਚ ਹੀ ਇਹ ਅਨਹੋਣੀ ਵਾਪਰ ਗਈ। ਸਵੇਰੇ ਉੱਠ ਕੇ ਪਤਾ ਲੱਗਾ ਕਿ ਰਾਤ ਹਾਰਟ ਅਟੈਕ ਨੇ ਮੇਰੀ ਆਰਸੀ ਦੀ ਜਾਨ ਲੈ ਲਈ। ਉਹ ਸਾਡੇ ਦੋਵੇਂ ਘਰ ਸੁੰਨੇ ਕਰ ਗਈ ਸੀ। ਜਿਸ ਵਿਗਿਆਨੀ ਨੇ ਆਪਣੀ ਮਹਿਬੂਬ ਨੂੰ ਗੁਲਾਬ ਦੇ ਫੁੱਲ ਵਰਗੀ ਰੱਖਣਾ ਸੀ। ਉਹ ਉਹਨੂੰ ਬਿਨ੍ਹਾ ਦੱਸੇ ਅਪਣੇ ਡੈਡ ਦੇ ਹੱਥਾਂ ਵਿੱਚ ਲੁੜਕ ਗਈ ਸੀ। ਕਦੇ ਮੈਂ ਅਪਣੀ 11-12 ਮਹੀਨੇ ਦੀ ਖੋਜ ਦੀ ਅਜਾਈਂ ਗਈ ਮਿਹਨਤ ਬਾਰੇ ਸੋਚਣ ਲੱਗਦਾ, ਕਦੇ ਅਪਣੀ ਆਰਸੀ ਦੇ ਵਿਛੋੜੇ ਬਾਰੇ।

ਮੈਨੂੰ ਪਤੈ ਕਿ ਮੈਂ ਆਰਸੀ ਨੂੰ ਸਪੁਰਦ-ਏ-ਖ਼ਾਕ ਹੁੰਦਿਆਂ ਕਿਵੇਂ ਜਰਿਆ। ਮੈਂ ਉਹਦੇ ਨਾਲ ਹੀ ਕਟੈੜਾ ਪੁੱਟਦੇ ਸਮੇਂ ਦਫ਼ਨ ਹੋ ਜਾਣਾ ਚਾਹੁੰਦਾ ਸੀ। ਇਹ ਤਾਂ ਮੈਨੂੰ ਡਾਕਟਰ ਰਾਧਿਕਾ ਵਾਪਸ ਲੈ ਆਈ। ਉਸ ਰਾਤ ਮੇਰੀਆਂ ਅੱਖਾਂ ਵਿੱਚ ਨੀਂਦ ਕਿਤੇ ਨਈਂ ਸੀ। ਸਵੇਰੇ ਨਾ ਨਹਾਉਣ ਨੂੰ ਚਿੱਤ ਕੀਤਾ ਤੇ ਨਾ ਹੀ ਖਾਣ ਪੀਣ ਨੂੰ। ਮੈਂ ਨੌਕਰ ਨੂੰ ਕਬਰਸਤਾਨ ਵਿੱਚ ਹੀ ਖਾਣੇ ਤੋਂ ਮਨ੍ਹਾ ਕਰ ਦਿੱਤਾ ਸੀ। ਉਹ ਉਥੋਂ ਹੀ ਆਪਣੇ ਕਿਸੇ ਦੋਸਤ ਕੋਲ ਚਲਾ ਗਿਆ ਸੀ। ਰਾਤ ਸਮੇਂ ਮੈਂ ਇਕੱਲਾ ਹੀ ਸੀ। ਕਦੇ ਕਦੇ ਫ਼ਿੰਗਰ ਪ੍ਰਿੰਟ ਸੈਂਸਰ ਵਾਲੇ ਕੰਪਿਊਟਰ 'ਤੇ ਉਹਦੀ ਤਸਵੀਰ ਆਉਣ ਦਾ ਭੁਲੇਖਾ ਪੈ ਜਾਂਦਾ। ਮੈਂ ਦਰਵਾਜ਼ਾ ਖੋਲ੍ਹਣ ਉੱਠਦਾ ਪਰ ਅੱਗੇ..। ਮੇਰਾ ਰੋਣ ਨਿਕਲ ਜਾਂਦਾ ਤੇ ਨਿਸੱਤੇ ਸਰੀਰ ਨੂੰ ਬੈੱਡ 'ਤੇ ਸੁੱਟ ਫਿਰ ਹਉਂਕੇ ਭਰਨ ਲਗਦਾ। ਸੈੱਲ ਫੋਨ ਵਿੱਚ ਦਿਲਚਸਪੀ ਨਾ ਰਹੀ। ਪਤਾ ਨਈਂ ਉਹਦੀ ਬੈਟਰੀ ਦੀ ਚਾਰਜਿੰਗ ਕਦੋਂ ਦੀ ਮੁੱਕ ਗਈ ਸੀ।

ਜਿਉਂ ਹੀ ਦਿਨ ਚੜ੍ਹਿਆ, ਮੈਂ ਲੈਬ ਵਿੱਚ ਉਹਦੀ ਸੂਰਤ ਦੇਖਣ

ਲਈ ਆ ਵੜਿਆ। ਕੰਪਿਊਟਰ ਆਨ ਕੀਤਾ। ਸਭ ਤੋਂ ਪਹਿਲਾਂ ਵਾਲਪੇਪਰ ਵਿੱਚ ਪਈਆਂ ਤਸਵੀਰਾਂ 'ਤੇ ਕਲਿੱਕ ਕੀਤਾ। ਉਸੇ ਵੇਲੇ ਨਾਲ ਦੇ ਟੇਬਲ 'ਤੇ ਪਰੀਜ਼ਰਵ ਕੀਤੇ ਜੀਨਜ਼ ਅਤੇ ਸੈਂਪਲਜ਼ 'ਤੇ ਨਿਗਾਹ ਗਈ। ਮੈਨੂੰ ਉਹ ਝਾਉਲੇ ਝਾਉਲੇ ਦਿਸ ਰਹੇ ਸਨ, ਪਰ ਹੱਸਦੀ ਹੋਈ ਆਰਸੀ ਸਾਫ਼ ਦਿਖਾਈ ਦੇ ਰਹੀ ਸੀ। ਮੈਂ ਟੇਬਲ ਤੋਂ ਧਿਆਨ ਹਟਾ ਉਹਦੀ ਲੋਜੀਵਿਟੀ ਵਾਲੀਆਂ ਰਿਪੋਰਟਾਂ ਵਿੱਚ ਖੁਭ ਗਿਆ। ਈ-ਪੇਜ ਫਰੋਲਿਆ ਤਾਂ ਰਾਇਲ ਸੁਸਾਇਟੀ ਲੰਡਨ ਨੂੰ ਆਰਸੀ ਦੀ ਜੋ ਰਿਪੋਰਟ ਭੇਜੀ, ਪੜ੍ਹਨ ਲਈ ਕਮਾਂਡ ਦੇ ਦਿੱਤੀ। ਉਸੇ ਸਮੇਂ ਸੱਜੇ ਪਾਸੇ ਵਾਲਾ ਕੰਪਿਊਟਰ ਟੂੰ-ਟੂੰ ਕਰਨ ਲੱਗ ਪਿਆ ਸੀ। ਮੈਂ ਰਿਪੋਰਟ ਨੂੰ ਵਿਚਕਾਰ ਛੱਡ ਕੇ ਐਮਰਜੈਂਸੀ ਮੈਸਜ ਪੜ੍ਹਿ-ਆ। ਉਸ ਤੋਂ ਬਾਅਦ ਮੈਤੋਂ ਕਿੰਨਾ ਚਿਰ ਕੁਰਸੀ 'ਚੋਂ ਉਠਿਆ ਨਹੀਂ ਸੀ ਗਿਆ। ਮੇਰੀ ਰੀੜ੍ਹ ਦੀ ਹੱਡੀ ਵਿੱਚ ਡਰ ਦੀ ਲਹਿਰ ਦੌੜ ਗਈ ਸੀ। ਕੁੱਝ ਝਟਕਿਆਂ ਤੋਂ ਬਾਅਦ ਮੈਂ ਸਧਾਰਨ ਹਾਲਤ ਵਿੱਚ ਪੁੱਜਾ।

''ਕਾਸ਼! ਐਸ.ਪੀ. ਮਿਸਟਰ ਸ਼ੁਕਲਾ ਦੀ ਮੈਸਜ ਵਾਲੀ ਖ਼ਬਰ ਝੂਠੀ ਹੋਵੇ।''

ਇਹ ਖ਼ਬਰ ਸੁੰਨ ਕਰਨ ਵਾਲੀ ਸੀ। ਜੋ ਆਰਸੀ ਨਾਲ ਹੋਈ, ਇਸ ਦੀ ਤਾਂ ਕੋਈ ਕਲਪਨਾ ਵੀ ਨਈਂ ਸੀ ਕਰ ਸਕਦਾ। ਕਹਿਰ ਦੀ ਗਰਮੀ ਵਿੱਚ ਵੀ ਮੇਰੇ ਦੰਦ ਵੱਜਣ ਲੱਗ ਪਏ ਸਨ। ਹੱਥ ਕੰਬ ਰਹੇ ਸਨ। ਮੈਨੂੰ ਕੁੱਝ ਸੁਝ ਨਈਂ ਸੀ ਰਿਹਾ ਕਿ ਮੈਂ ਕੀ ਕਰਾਂ? ਇਸੇ ਪ੍ਰੇਸ਼ਾਨੀ ਵਿੱਚ ਮੈਂ ਲੈਬ ਵਿੱਚੋਂ ਨਿਕਲਿਆ ਤੇ ਆਪਣੇ ਕਮਰੇ ਵਿੱਚ ਗੇੜੇ ਕੱਢਣ ਲੱਗ ਪਿਆ।

ਥੋੜ੍ਹੀ ਦੇਰ ਬਾਅਦ ਡਾਕਟਰ ਰਾਧਿਕਾ ਲੈਬ ਪੁੱਜੀ ਤਾਂ ਉਹਦੇ ਚਿਹਰੇ 'ਤੇ ਪ੍ਰੇਸ਼ਾਨੀ ਸਾਫ਼ ਝਲਕਦੀ ਸੀ। ਉਹਨੇ ਆਉਂਦਿਆਂ ਈ ਸਾਰੀ ਘਟਨਾ ਬਿਆਨ ਕਰ ਦਿੱਤੀ। ਇਸ ਪਿੱਛੋਂ ਕਮਰੇ ਵਿੱਚ ਕਾਫ਼ੀ ਸਮਾਂ ਚੁੱਪ ਪਸਰੀ ਰਹੀ। ਡਾਕਟਰ ਰਾਧਿਕਾ ਨੇ ਹੀ ਮੈਨੂੰ ਦਿਲਾਸਾ ਦਿੱਤਾ ਸੀ। ਉਹੀ ਮੈਨੂੰ ਕਾਰ ਵਿੱਚ ਬਿਠਾ ਕੇ ਕਬਰਸਤਾਨ ਵੱਲ ਲੈ ਤੁਰੀ ਸੀ।

ਲੈਬ ਵਿੱਚ ਜਿਸ ਮੈਸਜ 'ਤੇ ਮੈਂ ਯਕੀਨ ਨਈਂ ਸੀ ਕਰ ਰਿਹਾ। ਉਹ ਸੱਚ ਹੋਇਆ ਪਿਆ ਸੀ। ਕਬਰ ਦੀ ਮਿੱਟੀ ਪੁੱਟੀ ਹੋਈ ਸੀ। ਆਰਸੀ ਦੀ ਲਾਸ਼ ਸਪੈਣਾਂ ਦੇ ਕਬਜ਼ੇ ਵਿੱਚ ਸੀ। ਉਹ ਤਾਂ ਮੂੰਹ ਵੀ ਨਹੀਂ ਸੀ ਦੇਖਣ ਦੇ ਰਹੀਆਂ। ਅਫ਼ਸਰ ਤੇ ਜਸਟਿਸ ਸਾਹਿਬ ਦੇ ਰਿਸ਼ਤੇਦਾਰ ਗੁੱਸੇ ਵਿੱਚ ਘੁੰਮ ਰਹੇ ਸਨ। ਮੈਨੂੰ ਉਨ੍ਹਾਂ ਦੇ ਮਨਾਂ ਅੰਦਰ ਅੱਗ ਦੇ ਭਾਂਬੜ ਬਲਦੇ ਨਜ਼ਰ ਆਏ। ਤਣਾਅ ਐਨਾ ਸੀ ਕਿ ਇਸ ਸਮੇਂ ਕੁੱਝ ਵੀ ਵਾਪਰ ਸਕਦਾ ਸੀ। ਹਾਲਾਤ ਨਾਲ ਨਜਿੱਠਣ ਲਈ ਐਸ.ਪੀ. ਸਾਹਿਬ ਦੀ ਅਗਵਾਈ ਹੇਠ ਪੁਲੀਸ ਤਿਆਰ ਬਰ ਤਿਆਰ ਖੜ੍ਹੀ ਸੀ। ਲਾਸ਼ ਨੂੰ ਐਂਬੂਲੈਂਸ ਵਿੱਚ ਹਸਪਤਾਲ ਲੈ ਤੁਰੇ ਸਨ।

ਐਸ.ਪੀ. ਸਾਹਿਬ ਵਲੋਂ ਫੋਰੈਂਸਿਕ ਸੈਂਟਰ ਲਈ ਸੈਂਪਲ ਲੈਣ ਲਈ ਮੈਨੂੰ ਮੈਸਜ ਕੀਤਾ ਗਿਆ ਸੀ। ਡਾਕਟਰ ਰਾਧਿਕਾ ਨੇ ਅਪਰੇਟਸ ਬਾਕਸ, ਗਲੱਵਜ਼ ਅਤੇ ਪਰੀਜ਼ਰਵੇਟਿਵਜ਼ ਆਦਿ ਸਾਮਾਨ ਕਾਰ ਵਿੱਚ ਰੱਖ ਲਿਆ ਸੀ। ਮੈ ਤਾਂ ਇਸ ਗੱਲੋਂ ਸੁੰਨ ਸੀ ਕਿ ਇੱਕ ਲਾਸ਼ ਨਾਲ ਬਲਾਤਕਾਰ। ਉਹ ਕਮੀਨਾ ਭੱਜ ਕਿਵੇਂ ਗਿਆ। ਪੁਲੀਸ ਦਾ ਕਹਿਣਾ ਸੀ-ਇਕ ਗਰੀਬੜਾ ਸ਼ਰਾਬੀ ਅੱਧੀ ਰਾਤ ਤੋਂ ਬਾਅਦ ਕਬਰਸਤਾਨ ਸੌਣ ਲਈ ਪੁੱਜਾ ਸੀ। ਉਹ ਸ਼ਰਾਬੀ ਨੂੰ ਦੇਖ ਕੇ ਭੱਜ ਗਿਆ ਸੀ।

ਐਸ.ਪੀ. ਸਾਹਿਬ ਤਾਂ ਚਾਹੁੰਦੇ ਸੀ ਕਿ ਮੈਂ ਛੇਤੀ ਤੋਂ ਛੇਤੀ ਸੈਂਪਲ ਲੈ ਲਵਾਂ ਤਾਂ ਕਿ ਪੋਸਟ ਮਾਰਟਮ ਹੋ ਜਾਵੇ ਤੇ ਲਾਸ਼ ਨੂੰ ਦੁਬਾਰਾ ਸਪੁਰਦ-ਏ-ਖਾਕ ਕਰ ਦਿੱਤਾ ਜਾਵੇ। ਐਸ.ਪੀ. ਸਾਹਿਬ ਨੇ ਆਰਸੀ ਦੇ ਸਰੀਰ ਤੋਂ ਕੱਪੜਾ ਸਰਕਾਇਆ ਸੀ। ਹੈਂਅ! ਆਰਸੀ? ਉਹ ਤਾਂ ਪਛਾਣੀ ਵੀ ਨਹੀਂ ਸੀ ਗਈ। ਥਾਂ ਥਾਂ 'ਤੇ ਦੰਦੀਆਂ ਨਾਲ ਵੱਢ ਮਾਰੇ ਹੋਏ ਸਨ।

''ਰਾਖਸ਼ਸ਼....।'' ਮੇਰੇ ਕਲੇਜੇ ਰੁੱਗ ਭਰਿਆ ਗਿਆ ਸੀ। ਡਾਕਟਰ ਰਾਧਿਕਾ ਮੇਰੀ ਹਾਲਤ ਸਮਝ ਗਈ ਸੀ। ਉਸ ਨੇ ਸੈਂਪਲ ਲੈਣੇ ਸ਼ੁਰੂ ਕੀਤੇ। ਪਹਿਲਾਂ ਉਹਨੇ ਆਰਸੀ ਦੇ ਕੱਪੜਿਆਂ ਤੋਂ ਵਾਲਾਂ ਦਾ ਸੈਂਪਲ ਲਿਆ। ਫਿਰ ਜੰਮੇ ਹੋਏ ਖ਼ੂਨ ਦਾ। ਇਸ ਤੋਂ ਬਾਅਦ ਆਰਸੀ ਦੇ ਮੂੰਹ ਵਿੱਚੋਂ ਆਰਟਰੀ ਫੋਰਸੈਪ ਨਾਲ ਸਵੈਬ ਅਟੈਚ ਕਰ ਕੇ ਲਾਰ ਦਾ ਸੈਂਪਲ ਲਿਆ। ਜਦੋਂ ਉਹ ਰੂੰ ਦੇ ਫੰਬੇ ਨਾਲ ਵੇਜਾਈਨਲ ਸਵੈਬ ਦਾ ਸੈਂਪਲ ਲੈਣ ਲੱਗੀ। ਮੇਰੀਆਂ ਅੱਖਾਂ ਮੀਟੀਆਂ ਗਈਆਂ। ਡਾਕਟਰ ਰਾਧਿਕਾ ਮੈਨੂੰ ਹਸਪਤਾਲ ਤੋਂ ਕਬਰਸਤਾਨ ਲੈ ਕੇ ਗਈ। ਆਰਸੀ ਨੂੰ ਦਫ਼ਨਾਉਣ ਤੋਂ ਬਾਅਦ ਮੇਰੇ ਕਮਰੇ ਤਕ ਛੱਡਣ ਵੀ ਆਈ ਸੀ।

ਮੈਨੂੰ ਇਸ ਘਟਨਾ ਨੇ ਬੇਚੈਨ ਕਰ ਦਿੱਤਾ ਸੀ। ਫੋਰੈਂਸਿਕ ਸੈਂਟਰ ਵਾਲੇ ਡਿਊਟੀ ਕਰਨ ਲਈ ਦਬਾਅ ਪਾ ਰਹੇ ਸਨ। ਉਹ ਇਸ ਘਟਨਾ ਦੀ ਤੁਰੰਤ ਰਿਪੋਰਟ ਮੰਗ ਰਹੇ ਸਨ। ਮੇਰਾ ਕਿਸੇ ਕੰਮ ਵਿੱਚ ਦਿਲ ਨਹੀਂ ਸੀ ਲਗਦਾ। ਆਖ਼ਰ ਮੇਰੀਆਂ ਵੀ ਭਾਵਨਾਵਾਂ ਨੇ। ਵਿਗਿਆਨੀ ਦੇ ਸੀਨੇ 'ਚ ਵੀ ਦਿਲ ਹੁੰਦਾ। ਮੈਂ ਦੋਸ਼ੀ ਨੂੰ ਹਰ ਹੀਲੇ ਫੜਨ ਦੇ ਹੱਕ ਵਿੱਚ ਸੀ।

''ਸਰ, ਮੈਂ ਕੁੱਝ ਦਿਨ ਸੈਂਟਰ ਨਈਂ ਆ ਸਕਦਾ। ਮੈਨੂੰ ਮੈਡੀਕਲ ਲੀਵ 'ਤੇ ਸਮਝਿਆ ਜਾਵੇ। ਉਂਝ ਮੈਂ ਆਰਸੀ ਵਾਲੇ ਮਾਮਲੇ ਨੂੰ ਅਪਣੀ ਲੈਬ ਵਿੱਚ ਨਜਿੱਠ ਲਵਾਂਗਾ। ਨਤੀਜਾ ਆਉਣ 'ਤੇ ਰਿਪੋਰਟ ਤੁਰੰਤ ਤੁਹਾਡੇ ਆਫ਼ਿਸ ਪੇਸ਼ ਕਰ ਦਿਆਂਗਾ।'' ਮੈਂ ਫੋਰੈਂਸਿਕ ਸੈਂਟਰ ਦੀ ਹਾਇਰ ਅਥ-ਾਰਟੀ ਨੂੰ ਸਾਫ਼ ਕਹਿ ਦਿੱਤਾ ਸੀ।

ਸੈਂਟਰ ਵਾਲਿਆਂ ਨੇ ਐਨੀ ਕੁ ਮੇਰੀ ਮੰਨ ਲਈ ਸੀ। ਡਾਕਟਰ ਰਾਧਿਕਾ ਵੀ ਇਹ ਕੇਸ ਜਲਦੀ ਹੱਲ ਕਰਨਾ ਚਾਹੁੰਦੀ ਸੀ। ਸਭ ਤੋਂ ਪਹਿਲਾਂ ਉਸ ਨੇ ਹੀ ਲੈਬ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਉਸ ਨੇ ਵੇਜਾਈਨਲ ਸਵੈਬ ਦਾ ਕੰਮ ਅਰੰਭ ਕੀਤਾ ਸੀ। ਸੈਂਪਲ ਤਿਆਰ ਕਰ ਕੇ ਮੇਰੇ ਮੂਹਰੇ ਰੱਖ ਦਿੱਤਾ ਸੀ। ਮੈਂ ਕੈਮੀਕਲ ਨਾਲ ਆਰਸੀ ਦੇ ਡੀ.ਐਨ.ਏ. ਧੋ ਦਿੱਤੇ। ਪਿੱਛੇ ਰੂੰ ਦੇ ਫ਼ੰਬੇ ਉਤੇ ਸਿਰਫ਼ ਦੋਸ਼ੀ ਦੇ ਸਪਰਮ ਬਚੇ ਸਨ। ਹੋਰ ਕੈਮੀਕਲ ਵਰਤ ਕੇ ਸਪਰਮ ਨੂੰ ਨਿਖੇੜ ਲਿਆ ਸੀ ਅਤੇ ਉਸ ਦਾ ਡੀ.ਐਨ.ਏ. ਪ੍ਰਿੰਟ ਵੀ ਲੈ ਲਿਆ ਸੀ। ਡਾਕਟਰ ਰਾਧਿਕਾ ਨੇ ਮਾਈਕਰੋਸਕੋਪ ਦੇ ਆਈ. ਪੀਸ ਵੱਲ ਇਸ਼ਾਰਾ ਕਰ ਕੇ ਵਿਊ ਦੇਖਣ ਨੂੰ ਕਿਹਾ। ਫ਼ੋਕਸ ਕਰਨ 'ਤੇ ਲਗਭਗ ਡੈੱਡ ਸਪਰਮ ਨਜ਼ਰ ਆ ਰਹੇ ਸਨ।

ਜਿਸ ਦਿਨ ਦੀ ਇਹ ਘਟਨਾ ਵਾਪਰੀ, ਪੁਲੀਸ ਮਾਮਲੇ ਦੀ ਜਾਂਚ ਪੂਰੀ ਸਾਵਧਾਨੀ ਨਾਲ ਕਰ ਰਹੀ ਸੀ। ਐਡੇ ਵੱਡੇ ਬੰਦੇ ਦੀ ਬੇਟੀ ਨਾਲ ਕੁਕਰਮ ਹੋਇਆ ਹੋਵੇ, ਦੋਸ਼ੀ ਤਾਂ ਫੜ ਕੇ ਹੀ ਇਨ੍ਹਾਂ ਦਾ ਗੁਜ਼ਾਰਾ ਹੋਣੈ। ਪੁਲੀਸ ਅਧਿਕਾਰੀ ਦੂਏ ਤੀਏ ਦਿਨ ਜਸਟਿਸ ਸਾਹਿਬ ਦੇ ਘਰ ਆਉਂਦੇ। ਕੀਤੀ ਕਾਰਵਾਈ ਦੀ ਰਿਪੋਰਟ ਦਿੰਦੇ। ਦਰਅਸਲ ਉਨ੍ਹਾਂ ਕੋਲ ਬਲਾਤਕਾਰੀ ਦੀ ਸੂਹ ਨਹੀਂ ਸੀ ਨਿਕਲ ਰਹੀ। ਐਸ.ਪੀ. ਸਾਹਿਬ ਮੁਤਾਬਕ ਇਸ ਜਾਂਚ ਵਿੱਚ ਕੋਈ ਇਕ ਸੌ ਵੀਹ ਅਪਰਾਧੀਆਂ ਤੋਂ ਪੁਛਗਿਛ ਕੀਤੀ ਜਾ ਚੁੱਕੀ ਹੈ। ਪੁਲੀਸ ਨੇ ਤਾਂ ਅੰਤਮ ਰਸਮ ਵਿੱਚ ਹਿੱਸਾ ਲੈਣ ਵਾਲੇ ਵੀ ਨਈਂ ਬਖ਼ਸ਼ੇ। ਉਨ੍ਹਾਂ ਦੇ ਕਹਿਣ 'ਤੇ ਸਾਰੇ ਮਰਦਾਂ ਨੂੰ ਡੀ.ਐਨ.ਏ. ਟੈਸਟ ਵਿੱਚ ਸ਼ਾਮਿਲ ਕੀਤਾ ਗਿਆ। ਪੁਲੀਸ ਦੀ ਐਨੀ ਤਫ਼ਤੀਸ਼ ਦੇ ਬਾਵਜੂਦ ਉਨ੍ਹਾਂ ਦੇ ਹੱਥ ਪੱਲੇ ਕੁੱਝ ਨਾ ਪਿਆ।

ਇਸ ਪਿੱਛੋਂ ਸਭ ਦੀ ਆਸ ਫੋਰੈਂਸਿਕ ਸੈਂਟਰ 'ਤੇ ਬੱਝ ਗਈ। ਮੈਂ ਆਪ ਸਫਲਤਾ ਨਾ ਮਿਲਣ ਤੋਂ ਪ੍ਰੇਸ਼ਾਨ ਸੀ। ਅੱਜ ਤਕ ਮੇਰਾ ਕੋਈ ਵੀ ਟੈਸਟ ਫੇਲ੍ਹ ਨਹੀਂ ਸੀ ਹੋਇਆ। ਮੈਂ ਖੁਦ ਤਿੰਨ ਵਾਰ ਡੀ.ਐਨ.ਏ. ਜਾਂਚ ਕੀਤੀ। ਆਰਸੀ ਦੇ ਕੱਪੜਿਆਂ ਤੋਂ ਲਏ ਵਾਲਾਂ ਦੇ ਸੈਂਪਲ ਵੀ ਟੈਸਟ ਕੀਤੇ। ਉਹਦੇ ਸਰੀਰ 'ਤੇ ਲੱਗੇ ਖ਼ੂਨ ਦੇ ਡੀ.ਐਨ.ਏ. ਦਾ ਨਿਰੀਖਣ ਵੀ ਕੀਤਾ। ਵੇਜਾਈਨਲ ਸਵੈਬ ਟੈਸਟ ਵੀ ਕੀਤਾ। ਕਿਸੇ ਵੀ ਅਪਰਾਧੀ ਦੇ ਡੀ.ਐਨ.ਏ. ਦੇ ਬੈਂਡ ਆਰਸੀ ਦੇ ਸੈਂਪਲ ਦੇ ਡੀ.ਐਨ.ਏ. ਦੇ ਬੈਂਡਾਂ ਨਾਲ ਨਹੀਂ ਸੀ ਮਿਲੇ।

ਇਹ ਮੇਰੇ ਨਾਲ ਪਹਿਲੀ ਵਾਰ ਹੋ ਰਿਹਾ ਸੀ ਕਿ ਤਿੰਨ ਵਾਰ ਟੈਸਟ ਕਰਨ ਦੇ ਬਾਵਜੂਦ ਅਪਰਾਧੀ ਦੀ ਪਛਾਣ ਨਹੀਂ ਸੀ ਹੋ ਸਕੀ। ਮੇਰੇ ਕੋਲ ਸੱਠ ਕੁ ਸ਼ੱਕੀ ਬੰਦਿਆਂ ਦੇ ਡੀ.ਐਨ.ਏ. ਸਨ। ਉਨ੍ਹਾਂ ਦੀ ਸੱਭ ਦੀ ਪਰਖ

ਕਰ ਕੇ ਦੇਖ ਲਈ ਸੀ। ਸ਼ਾਇਦ ਪੁਲੀਸ ਤਾਂ ਚੁੱਪ ਕਰ ਜਾਏ। ਮੈਂ ਹਾਰ ਮੰਨਣ ਵਾਲਾ ਨਹੀਂ ਸੀ। ਆਖਰ ਮੇਰੀ ਆਰਸੀ ਦਾ ਮਾਮਲਾ ਸੀ। ਮੇਰੀ ਖੋਜ ਦਾ...। ਜੇ ਇੱਦਾਂ ਹੀ ਹੁੰਦਾ ਰਿਹਾ ਤਾਂ ਆਦਮੀ ਦੀ ਉਮਰ ਹਜ਼ਾਰ ਵਰ੍ਹੇ ਕਰਨ ਦੀ ਖੋਜ ਦਾ ਕੀ ਬਣੇਗਾ?... ਹਾਂ, ਹਾਂ ਮੇਰੇ ਜੀਵਨ ਦਾ ਮਕਸਦ ਖੋਜ ਹੈ। ਫਿਰ ਮੈਂ ਥੁੱਕ ਨਾਲ ਬਣੇ ਪ੍ਰੋਫ਼ਾਈਲ ਦੀ ਜਾਂਚ ਕਰਨੀ ਸ਼ੁਰੂ ਕੀਤੀ।

''ਲਾਰ ਵਿੱਚ ਵੀ....ਸ....ਪ....ਰ....ਮ?'' ਦੇਖ ਕੇ ਡਾਕਟਰ ਰਾਧਿਕਾ ਜਿਉਂ ਸੁੰਨ ਹੋ ਗਈ ਸੀ।

ਇਹ ਪ੍ਰੋਫ਼ਾਈਲ ਸਹਾਇਕ ਦੇ ਹੱਥ ਵਿੱਚ ਸੀ। ਮੈਂ ਉਸ ਸੈਂਪਲ ਨੂੰ ਇੰਜਾਇਮ ਦੇ ਘੋਲ ਵਿੱਚ ਮਾਈਨਸ ਸੱਤਰ ਡਿਗਰੀ ਸੈਲਸੀਅਸ 'ਤੇ ਫ਼ਰੀਜ ਕੀਤਾ। ਇਸ ਡੀ.ਐਨ.ਏ. ਦੇ ਹਜ਼ਾਰਾਂ ਹੀ ਛੋਟੇ ਛੋਟੇ ਟੁਕੜੇ ਹੋ ਗਏ ਸਨ। ਇਨ੍ਹਾਂ ਟੁਕੜਿਆਂ ਨੂੰ ਪਰਖ ਨਲੀ ਵਿੱਚ ਪਾ ਕੇ ਗਰਮ ਕਰ ਲਿਆ। ਇਸ ਨਾਲ ਸੈੱਲ ਟੁੱਟ ਗਏ ਤੇ ਡੀ.ਐਨ.ਏ. ਅਲੱਗ ਹੋ ਗਏ। ਬ੍ਰੋਮਾਈਡ ਉਤੇ ਪੱਟੀਆਂ ਉਭਰ ਆਈਆਂ। ਮੈਂ ਇਨ੍ਹਾਂ ਦਾ ਅਪਰਾਧੀਆਂ ਦੇ ਡੀ.ਐਨ.ਏ. ਨਾਲ ਮੇਲ ਕੀਤਾ।

''ਕਮੀਨਾ ਫੜਿਆ ਗਿਆ....'' ਮੈਂ ਡਾਕਟਰ ਰਾਧਿਕਾ ਨਾਲ ਖੁਸ਼ੀ ਸਾਂਝੀ ਕੀਤੀ। ਤੇਤੀ ਨੰਬਰ ਵਾਲਾ ਡੀ.ਐਨ.ਏ. ਦਾ ਸੈਂਪਲ ਆਰਸੀ ਦੇ ਥੁੱਕ ਨਾਲ ਮਿਲਿਆ ਸੀ। ਮੈਂ ਇਸ ਦੀ ਰਿਪੋਰਟ ਤਿਆਰ ਕਰ ਕੇ ਫੋ-ਰੈਂਸਿਕ ਸੈਂਟਰ ਪੁੱਜਦੀ ਕੀਤੀ। ਉਥੋਂ ਕਾਰਵਾਈ ਕਰਵਾ ਕੇ ਪੁਲੀਸ ਡਿ-ਪਾਰਟਮੈਂਟ ਕੋਲ ਪਹੁੰਚਾਈ। ਹੁਣ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। ਉਦਾਂ ਤਾਂ ਸੱਠ ਬੰਦਿਆਂ ਵਿੱਚੋਂ ਹੀ ਹੋਏਗਾ। ਮੈਂ ਐਸ.ਪੀ. ਸ਼ੁਕਲਾ ਨੂੰ ਦੁਬਾਰਾ ਆਪ ਹੀ ਫ਼ੋਨ ਲਾ ਲਿਆ। ਉਨ੍ਹਾਂ ਦੀ ਆਵਾਜ਼ ਵਿੱਚ ਸਖ਼ਤੀ ਹੈ।

''ਡਾਕਟਰ ਸੁਵੀਰ ਸਿੰਘ, ਵੇਟ ਕਰੋ। ਮੈਂ ਖੁਦ ਆ ਕੇ ਗੱਲ ਕਰਦਾਂ।''

ਮੈਂ ਐਸ.ਪੀ. ਸਾਹਿਬ ਦਾ ਫ਼ੋਨ ਸੁਣ ਕੇ ਡਰ ਗਿਆ। ਮੇਰਾ ਮਨ ਪੁੱਠੀਆਂ ਸੋਚਾਂ ਸੋਚਣ ਲੱਗ ਪਿਆ। ਕਦੇ ਤਾਂ ਮੈਨੂੰ ਲਗਦਾ ਕਿਤੇ ਮੈਂ ਹੀ ਨਾ ਅਰਧ ਨੀਂਦ ਵਿੱਚ ਚਲੇ ਗਿਆ ਹੋਵਾਂ। ਨਹੀਂ, ਐਨਾ ਕਮੀਨਾ ਮੈਂ ਨਹੀਂ ਹੋ ਸਕਦਾ। ਜਸਟਿਸ ਸਾਹਿਬ ..... ਉਹਨਾਂ ਬਾਰੇ ਤੇ ਸੋਚਿਆ ਵੀ ਨਹੀਂ ਜਾ ਸਕਦਾ । ਫਿਰ ਮੈਂ ਯੋਗੇਸ਼ ਬਾਰੇ ਸੋਚਣ ਲੱਗ ਪਿਆ। ਇੱਕ ਵਾਰ ਡਾਕਟਰ ਰਾਧਿਕਾ ਤੇ ਯੋਗੇਸ਼ ਵਿਚਕਾਰ ਮੁਸਲਮਾਨਾਂ ਬਾਰੇ ਬਹਿਸ ਹੋ ਰਹੀ ਸੀ।

''ਭਾਰਤੀ ਮੁਸਲਮਾਨ ਸਾਡੇ ਹਿੰਦੂਆਂ ਵਾਂਗ ਹੀ ਅੱਛੇ ਸ਼ਹਿਰੀ ਹਨ। ਇਸ ਦੇਸ਼ 'ਤੇ ਇਥੋਂ ਦੇ ਬਸ਼ਿੰਦਿਆਂ ਦਾ ਬਰਾਬਰ ਦਾ ਹੱਕ ਏ।'' ਡਾਕਟਰ ਰਾਧਿਕਾ ਨੇ ਕਿਹਾ ਸੀ।

''ਇਹ ਪਾਕਿਸਤਾਨ ਦੇ ਹਮਾਇਤੀ ਨੇ ਤੇ ਦੇਸ਼ ਦੇ ਦੁਸ਼ਮਣ। ਇਨ੍ਹਾਂ ਨੂੰ ਤਾਂ 'ਮੌਤ' ਮਗਰੋਂ ਵੀ ਮਾਫ਼ ਨਈਂ ਕਰਨਾ ਚਾਹੀਦਾ।'' ਯੋਗੇਸ਼ ਦੇ ਬੋਲਾਂ ਵਿੱਚ ਤਲਖ਼ੀ ਸੀ।

ਇਨ੍ਹਾਂ ਉਲ-ਜਲੂਲ ਸੋਚਾਂ 'ਚ ਗਲਤਾਨ ਮੈਂ ਕਿੰਨੀ ਦੇਰ ਤੋਂ ਕੁਰਸੀ 'ਤੇ ਨਿਢਾਲ ਪਿਆ ਹਾਂ । ਫ਼ਿੰਗਰ ਪ੍ਰਿੰਟ ਸੈਂਸਰ ਨੇ ਐਸ.ਪੀ. ਸ਼ੁਕਲਾ ਦੇ ਨਾਂਮ ਦੀ ਆਵਾਜ਼ ਦਿੱਤੀ। ਮੈਂ ਦਰਵਾਜ਼ਾ ਖੋਲ੍ਹਿਆ ਤੇ ਪੁਲੀਸ ਅੰਦਰ ਆ ਵੜੀ।

''ਡਾਕਟਰ ਸੁਵੀਰ ਸਿੰਘ ਜੀ, ਮੁਬਾਰਕਵਾਦ! ਤੁਹਾਡੇ ਵਰਗੇ ਵਿਗਿਆਨੀਆਂ ਦੇ ਹੁੰਦਿਆਂ, ਦੋਸ਼ੀ ਬੱਚ ਨਈਂ ਸਕਦੇ। .... ਅਖੇ ਚੋਰ ਜਲੰਧਰ ਟੱਕਰਾਂ ਦਿੱਲੀ।'' ਐਸ.ਪੀ. ਸ਼ੁਕਲਾ ਦੀ ਰੋਹਬਦਾਰ ਆਵਾਜ਼ ਪੂਰੀ ਲੈਬ 'ਚ ਗੂੰਜੀ।

ਚਾਣਚੱਕ ਰਸੋਈ 'ਚੋਂ ਬਾਹਰ ਵੱਲ ਤੇਜ਼ ਕਦਮਾਂ ਦੀ ਆਵਾਜ਼ ਆਈ। ਪੁਲੀਸ ਦੇ ਜਵਾਨਾਂ ਨੇ ਫੁਰਤੀ ਨਾਲ ਭੱਜੇ ਜਾਂਦੇ ਯੋਗੇਸ਼ ਨੂੰ ਕਾਬੂ ਕਰ ਲਿਆ।

(ਅਜਮੇਰ ਸਿੱਧੂ c/o ਜੰਡੇ ਹੇਅਰ ਡਰੈਸਰਜ਼, ਚੰਡੀਗੜ੍ਹ ਰੋਡ, ਨਵਾਂ ਸ਼ਹਿਰ)

ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

ਪੰਜ ਪਾਠਕ ਬਣਾਉਣ ਵਾਲੇ ਨੂੰ

70 ਰੁਪਏ ਮੁੱਲ ਦੀਆਂ ਕਿਤਾਬਾਂ ਇਨਾਮ ਵਜੋਂ ਭੇਜੀਆਂ ਜਾਣਗੀਆਂ।

ਦਸ ਪਾਠਕ ਬਣਾਉਣ ਵਾਲੇ ਨੂੰ

160 ਰੁਪਏ ਮੁੱਲ ਦੀਆਂ ਕਿਤਾਬਾਂ ਇਨਾਮ ਵਜੋਂ ਭੇਜੀਆਂ ਜਾਣਗੀਆਂ।

ਵੀਹ ਪਾਠਕ ਬਣਾਉਣ ਵਾਲੇ ਨੂੰ

340 ਰੁਪਏ ਮੁੱਲ ਦੀਆਂ ਕਿਤਾਬਾਂ ਇਨਾਮ ਵਜੋਂ ਭੇਜੀਆਂ ਜਾਣਗੀਆਂ।

ਪੰਜਾਹ ਪਾਠਕ ਬਣਾਉਣ ਵਾਲੇ ਨੂੰ

1000 ਰੁਪਏ ਮੁੱਲ ਦੀਆਂ ਕਿਤਾਬਾਂ ਅਤੇ ਇੱਕ ਪ੍ਰਸ਼ੰਸਾ ਪੱਤਰ ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

ਚਮਤਕਾਰੀ ਬਾਬੇ ਧੋਖਾ ਦਿੰਦੇ ਹਨ

ਪ੍ਰੋਫੈਸਰ ਨਰੇਂਦਰ ਨਾਇਕ

ਲੋਕਾਂ ਨੂੰ ਹੈਰਾਨੀ ਵਿੱਚ ਪਾਉਣ ਵਾਲੇ ਬਾਬੇ ਕੋਈ ਚਮਤਕਾਰ ਨਹੀਂ ਕਰਦੇ ਹਨ। ਉਹ ਜਿਹੜਾ ਕਰਦੇ ਹਨ ਉਹ ਵਿਗਿਆਨ ਦਾ ਨਿਯਮ ਹੈ, ਜਾਦੂ ਨਹੀਂ ਹੈ। ਪੇਸ਼ ਹਨ ਇਸ ਵਿਸ਼ੇ ਉਤੇ ਪ੍ਰੋ: ਨਰੇਂਦਰ ਨਾਇਕ ਜੀ ਦੇ ਨਾਲ ਸ਼ੈਲੇਂਦਰ ਸਿੰਘ ਦੀ ਮੁਲਾਕਾਤ ਦੇ ਕੁੱਝ ਖਾਸ ਅੰਸ਼।

ਪ੍ਰੋਫੈਸਰ ਨਰੇਂਦਰ ਨਾਇਕ

ਕਰਨਾਟਕ ਦੇ ਮੰਗਲੋਰ ਜ਼ਿਲ੍ਹੇ ਦੇ ਰਹਿਣ ਵਾਲੇ ਪ੍ਰੋਫੈਸਰ ਨਰੇਂਦਰ ਨਾਇਕ, ਮਣੀਪਾਲ ਮੈਡੀਕਲ ਕਾਲਜ ਵਿੱਚ ਲੈਕਚਰਾਰ ਸਨ। ਸਮਾਜ ਵਿੱਚ ਫੈਲੇ ਅੰਧਵਿਸ਼ਵਾਸ ਅਤੇ ਕੁਰੀਤੀਆਂ ਨੂੰ ਉਨ੍ਹਾਂ ਨੇ ਬਹੁਤ ਨੇੜੇ ਤੋਂ ਦੇਖਿਆ ਹੈ ਕਿ ਕੁੱਝ ਲੋਕ ਬੀਮਾਰੀ ਦਾ ਇਲਾਜ ਕਰਵਾਉਣ ਦੀ ਬਜਾਏ ਉਝ (ਸਿਆਣੇ) ਬਾਬੇ ਅਤੇ ਚਮਤਕਾਰ ਨਾਲ ਠੀਕ ਕਰਨ ਵਾਲਿਆਂ ਦੇ ਪਾਸ ਜਾਂਦੇ ਹਨ। ਇਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਇਬਰਾਹੀਮ ਕੋਵੂਰ ਨਾਲ ਹੋਈ ਜੋ ਲੰਕਾ ਦੇ ਰਹਿਣ ਵਾਲੇ ਸਨ ਅਤੇ ਅਜਿਹੇ ਹੀ ਚਮਤਕਾਰਾਂ ਦੇ ਸੱਚ ਨੂੰ ਉਜਾਗਰ ਕਰਨ ਵਿੱਚ ਲੱਗੇ ਸਨ। ਡਾਕਟਰ ਨਰੇਂਦਰ ਨਾਇਕ ਜੀ ਦੀ ਮੁਲਾਕਾਤ ਪ੍ਰੇਮਾਨੰਦ ਜੀ ਨਾਲ ਵੀ ਹੋਈ। ਉਹ ਵੀ ਅਜਿਹੇ ਹੀ ਚਮਤਕਾਰਾਂ ਦੇ ਸੱਚ ਨੂੰ ਉਜਾਗਰ ਕਰ ਰਹੇ ਸਨ।

ਇਸ ਦੇ ਬਾਦ ਨਰੇਂਦਰ ਨਾਇਕ ਜੀ ਨੂੰ ਵੀ ਲੱਗਾ ਕਿ ਲੋਕਾਂ ਨੂੰ ਅੰਧਵਿਸ਼ਵਾਸ ਅਤੇ ਕੁਰੀਤੀਆਂ ਤੋਂ ਦੂਰ ਰੱਖਣਾ ਹੈ ਜਿਸ ਦੇ ਲਈ ਉਨ੍ਹਾਂ ਨੂੰ ਸਿੱਖਿਅਤ ਅਤੇ ਜਾਗਰੂਕ ਕਰਨਾ ਹੋਵੇਗਾ। ਨੌਕਰੀ ਛੱਡ ਕੇ ਨਰੇਂਦਰ ਵੀ ਇਸੇ ਰਸਤੇ ਉੱਤੇ ਚੱਲ ਪਏ ਅਤੇ ਅੱਜ ਉਹ ਸ਼ਹਿਰ ਜਾ ਕੇ ਬੱਚਿਆਂ, ਬੁੱਢਿਆਂ ਅਤੇ ਵੱਡਿਆਂ ਨੂੰ ਅਜਿਹੇ ਚਮਤਕਾਰ ਕਰਕੇ ਦਿਖਾਉਂਦੇ ਹਨ, ਫੇਰ ਉਨ੍ਹਾਂ ਚਮਤਕਾਰਾਂ ਦੇ ਪਿੱਛੇ ਕੰਮ ਕਰ ਰਹੇ ਵਿਗਿਆਨ ਦੀਆਂ ਗੱਲਾਂ ਨੂੰ ਉਜਾਗਰ ਕਰਦੇ ਹਨ।

ਅਨੁਵਾਦਕ : ਪਵਨ ਕੁਮਾਰ ਰੱਤੋਂ

ਡਾਕਟਰ ਨਰੇਂਦਰ ਨਾਇਕ ਦੱਖਣ ਕੰਨੜ ਰੈਸ਼ਨਲਿਸਟ ਐਸੋਸੀਏਸ਼ਨ ਦੇ ਮੁਖੀ ਅਤੇ ਫੈਡਰੇਸ਼ਨ ਆਫ਼ ਇੰਡੀਅਨ ਰੈਸ਼ਨਲਿਸਟ ਆਰਗਨਾਈਜੇਸ਼ਨ ਦੇ ਸੰਯੁਕਤ ਸੰਯੋਜਕ (ਜੋੜਨ ਵਾਲਾ, ਸਭਾ ਆਦਿ ਬੁਲਾਉਣ ਵਾਲਾ) ਹਨ।

ਲਖਨਊ ਵਿੱਚ ਨਰੇਂਦਰ ਨਾਇਕ ਵਾਲੇਂਟਰੀ ਇੰਸਟੀਟਯੂਟ ਆਫ਼ ਕਮਿਊਨਿਟੀ ਅਪਲਾਈਡ ਸਾਇੰਸ ਦੀ ਵਰਕਸ਼ਾਪ ਵਿੱਚ ਟਰੇਨਿੰਗ ਦੇਣ ਦੇ ਲਈ ਆਏ ਸਨ। ਉਥੇ ਉਨ੍ਹਾਂ ਨੇ ਵੱਡਿਆਂ ਅਤੇ ਬੱਚਿਆਂ ਨੂੰ ਅਜਿਹੇ ਹੀ ਚਮਤਕਾਰਾਂ ਦੇ ਵਿਸ਼ੇ ਵਿੱਚ ਵਿਸਥਾਰ ਨਾਲ ਦੱਸਿਆ। ਇਥੇ ਹੀ ਇਸ ਪ੍ਰਤੀਨਿਧੀ ਨੇ ਡਾਕਟਰ ਨਰੇਂਦਰ ਨਾਇਕ ਨਾਲ ਗੱਲਬਾਤ ਕੀਤੀ। ਪੇਸ਼ ਹਨ ਉਸ ਦੇ ਪ੍ਰਮੁੱਖ ਅੰਸ਼:

* ਆਮ ਤੌਰ ਤੇ ਚਮਤਕਾਰ ਕਰਨ ਵਾਲੇ ਬਾਬੇ ਕਿਸ ਤਰ੍ਹਾਂ ਦੇ ਚਮਤਕਾਰ ਵਿਖਾ ਕੇ ਲੋਕਾਂ ਨੂੰ ਵਰਗਲਾਉਂਦੇ ਹਨ?

ਚਮਤਕਾਰੀ ਬਾਬੇ ਹਵਾ ਵਿੱਚ ਹੱਥ ਲਹਿਰਾ ਕੇ ਭਭੂਤ, ਰੁਦਰਾਕਸ਼, ਅੰਗੂਠੀ, ਨੋਟ, ਲੌਂਗ, ਇਲਾਇਚੀ, ਸਿੱਕੇ ਕੱਢ ਦੇਂਦੇ ਹਨ। ਇਸੇ ਤਰ੍ਹਾਂ ਨਾਲ ਉਹ ਗਰਮ ਤੇਲ ਵਿੱਚ ਹੱਥ ਪਾ ਕੇ ਅਤੇ ਜਲਦੇ ਹੋਏ ਅੰਗਾਰਿਆਂ ਉਤੇ ਚੱਲਕੇ ਚਮਤਕਾਰ ਦਿਖਾਉਂਦੇ ਹਨ। ਕੁੱਝ ਸਮਾਂ ਪਹਿਲਾਂ ਬਿਨਾ ਕਿਸੀ ਔਜਾਰ ਦੇ ਆਪਰੇਸ਼ਨ ਕਰਨ ਦਾ ਚਮਤਕਾਰ ਵੀ ਦਿਖਾਇਆ ਗਿਆ। ਮੂਰਤੀਆਂ ਦੇ ਦੁੱਧ ਪੀਣ ਦੇ ਪਿੱਛੇ ਅਜਿਹੇ ਹੀ ਚਮਤਕਾਰ ਹੁੰਦੇ ਹਨ।

* ਅਜਿਹੇ ਚਮਤਕਾਰਾਂ ਦੇ ਪਿੱਛੇ ਕੀ ਹੁੰਦਾ ਹੈ?

ਚਮਤਕਾਰ ਦਿਖਾਉਣ ਵਾਲੇ ਅਜਿਹੀਆਂ ਚੀਜ਼ਾਂ ਨੂੰ ਹੀ ਦਿਖਾਉਂਦੇ ਹਨ ਜਿਨ੍ਹਾਂ ਨੂੰ ਉਂਗਲੀਆਂ ਦੇ ਵਿੱਚ ਆਸਾਨੀ ਨਾਲ ਫਸਾਇਆ ਜਾ ਸਕਦਾ ਹੈ। ਇਸ ਦੇ ਬਾਅਦ ਉਹ ਹੱਥ ਦੀ ਸਫਾਈ ਦਾ ਹੁਨਰ ਦਿਖਾ ਕੇ ਲੋਕਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰਦੇ ਹਨ। ਸੋਚਣ ਵਾਲੀ ਗੱਲ ਹੈ ਕਿ ਜਿਹੜੇ ਬਾਬੇ ਲੌਂਗ ਅਤੇ ਭਭੂਤ ਪੈਦਾ ਕਰ ਦੇਂਦੇ ਹਨ ਉਹ ਆਪਣੇ ਚਮਤਕਾਰ ਨਾਲ ਕੱਦੂ, ਕੱਟਹਲ ਅਤੇ ਅੰਬ ਵਰਗੇ ਫ਼ਲ ਕਿਉਂ ਨਹੀਂ ਪੈਦਾ ਕਰ ਸਕਦੇ। ਹੱਥ ਦੀ ਸਫ਼ਾਈ ਦੇ ਨਾਲ ਨਾਲ ਉਹ ਗੱਲਾਂ ਵਿੱਚ ਲੋਕਾਂ ਨੂੰ ਉਲਝਾ ਲੈਂਦੇ ਹਨ ਜਿਸ ਨਾਲ ਸਭ ਦਾ ਧਿਆਨ ਗੱਲਾਂ ਵਿੱਚ ਉਲਝਿਆ ਰਹੇ। ਇਸ ਦੌਰਾਨ ਅਚਾਨਕ ਹਵਾ ਵਿੱਚ ਹੱਥ ਲਹਿਰਾ ਕੇ ਉਹ ਚਮਤਕਾਰ ਕਰ ਦੇਂਦੇ ਹਨ।

* ਅਜਿਹੇ ਚਮਤਕਾਰਾਂ ਦੇ ਪਿੱਛੇ ਵਿਗਿਆਨ ਹੁੰਦਾ ਹੈ ਇਸ ਨੂੰ ਤੁਸੀਂ ਕਿਵੇਂ ਸਿੱਧ ਕਰਦੇ ਹੋ?

ਢੌਂਗੀ ਬਾਬੇ ਜਿਸ ਨੂੰ ਚਮਤਕਾਰ ਕਹਿੰਦੇ ਹਨ ਵਿਗਿਆਨ ਉਸ ਨੂੰ ਵੱਖਰੀ ਨਜ਼ਰ ਨਾਲ ਦੇਖਦਾ ਹੈ। ਆਇਨਸਟਾਈਨ ਦੇ 'ਲਾ ਆਫ਼ ਕੰਜ਼ਰਵੇਸ਼ਨ' ਵਿੱਚ ਇਹ ਗੱਲ ਬਹੁਤ ਪਹਿਲਾਂ ਸਾਬਤ ਹੋ ਚੁੱਕੀ ਹੈ ਕਿ ਕੋਈ ਨਵਾਂ ਪਦਾਰਥ ਤਦ ਤੱਕ ਪ੍ਰਗਟ ਨਹੀਂ ਹੋ ਸਕਦਾ ਜਦ ਤੱਕ ਉਹ ਵਾਯੂਮੰਡਲ ਵਿੱਚ ਨਾ ਹੋਵੇ ਜਾਂ ਦੋ ਪਦਾਰਥਾਂ ਦੀ ਪ੍ਰਤੀਕ੍ਰਿਆ ਨਾਲ ਨਾ ਬਣਿਆ ਹੋਵੇ।

ਭਭੂਤ ਪੈਦਾ ਕਰਨ ਦੇ ਲਈ ਚੌਲਾਂ ਦੀ ਪਿੱਛ ਵਿੱਚ ਭਭੂਤ ਨੂੰ ਲਪੇਟ ਕੇ ਛੋਟੀ ਗੋਲੀ ਬਣਾ ਲੈਂਦੇ ਹਨ। ਇਸ ਗੋਲੀ ਨੂੰ ਆਸਾਨੀ ਨਾਲ ਛੋਟੀ ਉਂਗਲੀ ਵਿੱਚ ਫਸਾਇਆ ਜਾ ਸਕਦਾ ਹੈ। ਗੱਲ ਕਰਦੇ ਕਰਦੇ ਉਂਗਲੀ ਨਾਲ ਮਲ ਕੇ ਜਦ ਇਸ ਗੋਲੀ ਨੂੰ ਤੋੜ ਦਿਓਗੇ

ਤਾਂ ਭਭੂਤ ਉਥੇ ਆ ਜਾਏਗੀ। ਇਸੇ ਤਰ੍ਹਾਂ ਨਾਰੀਅਲ ਦੇ ਅੰਦਰ ਦਾ ਪਾਣੀ ਲਾਲ ਕੀਤਾ ਜਾ ਸਕਦਾ ਹੈ। ਪਾਣੀ ਛਿੜਕ ਕੇ ਨਾਰੀਅਲ ਤੋਂ ਧੂਆ ਪੈਦਾ ਕੀਤਾ ਜਾ ਸਕਦਾ ਹੈ।

* ਚਮਤਕਾਰ ਦਿਖਾਉਣ ਵਾਲੇ ਬਾਬੇ ਅੱਗ ਉੱਤੇ ਚੱਲਣ, ਅੰਗਾਰਿਆਂ ਨੂੰ ਪਕੜਨ ਵਰਗੇ ਕਮਾਲ ਕਿਵੇਂ ਦਿਖਾ ਲੈਂਦੇ ਹਨ?

ਅੱਗ ਉੱਤੇ ਚੱਲਣ ਅਤੇ ਅੰਗਾਰਿਆਂ ਨੂੰ ਹੱਥ ਨਾਲ ਪਕੜਨ ਵਰਗੇ ਬਹੁਤ ਸਾਰੇ ਕਰਤੱਵ ਰਸਾਇਣਕ ਪ੍ਰਤੀਕ੍ਰਿਆ ਉਤੇ ਆਧਾਰਿਤ ਹੁੰਦੇ ਹਨ। ਕਪੂਰ ਠੋਸ ਤੋਂ ਸਿੱਧੇ ਗੈਸ ਵਿੱਚ ਪਰਿਵਰਤਿਤ ਹੋਣ ਦੇ ਕਾਰਨ ਉਸਨੂੰ ਹਥੇਲੀ ਉੱਤੇ ਰੱਖ ਕੇ ਜਲਾਇਆ ਜਾ ਸਕਦਾ ਹੈ। ਸਰੀਰ ਵਿੱਚੋਂ ਲੋਹੇ ਦੀਆਂ ਛੜਾਂ ਨੂੰ ਇਕ ਪਾਸੇ ਤੋਂ ਦੂਸਰੇ ਪਾਸੇ ਕੱਢਿਆ ਜਾ ਸਕਦਾ ਹੈ। ਸਰੀਰ ਦੀ ਖੱਲ ਵਿੱਚ ਹੁਕ ਫਸਾ ਕੇ ਭਾਰੀ ਚੀਜ਼ਾਂ ਨੂੰ ਉਸਦੇ ਸਹਾਰੇ ਖਿੱਚਿਆ ਜਾ ਸਕਦਾ ਹੈ। ਇਹ ਚਮਤਕਾਰ ਨਹੀਂ ਖਾਸ ਅਭਿਆਸ ਦੇ ਸਹਾਰੇ ਕੀਤਾ ਜਾਂਦਾ ਹੈ।

* ਕੀ ਵਜ੍ਹਾ ਹੈ ਕਿ ਜਨਤਾ ਹਾਲੇ ਵੀ ਚਮਤਕਾਰੀ ਬਾਬਿਆਂ ਦੇ ਪਿੱਛੇ ਭੱਜਦੀ ਰਹਿੰਦੀ ਹੈ?

ਇਸਦੀ ਸੱਭ ਤੋਂ ਵੱਡੀ ਵਜ੍ਹਾ ਅੰਧ-ਵਿਸ਼ਵਾਸ ਅਤੇ ਅਨਪੜ੍ਹਤਾ ਹੈ। ਅਸੀਂ ਆਪਣੇ ਪ੍ਰੋਗਰਾਮਾਂ ਦੇ ਜ਼ਰੀਏ ਲੋਕਾਂ ਨੂੰ ਸੱਚ ਦੱਸਣ ਦੀ ਕੋਸ਼ਿਸ਼ ਕਰਦੇ ਹਾਂ। ਉਨ੍ਹਾਂ ਵਿੱਚੋਂ ਕੁੱਝ ਲੋਕਾਂ ਨੂੰ ਸਟੇਜ ਉੱਤੇ ਬੁਲਾਉਂਦੇ ਹਾਂ ਅਤੇ ਉਨ੍ਹਾਂ ਤੋਂ ਅਜਿਹੇ ਹੀ ਚਮਤਕਾਰ ਕਰਵਾਉਂਦੇ ਹਾਂ। ਇਸ ਦੀ ਦੂਸਰੀ ਵਜ੍ਹਾ ਹੈ ਕਿ ਸਾਡੇ ਸਮਾਜ ਦੇ ਵੱਡੇ ਪਰਦਿਆਂ ਉੱਤੇ ਬੈਠੇ ਨੇਤਾ, ਅਫ਼ਸਰ, ਖਿਡਾਰੀ, ਫਿਲਮੀ ਹੀਰੋ ਹੀਰੋਇਨ ਵੀ ਅਜਿਹੇ ਚਮਤਕਾਰੀ ਬਾਬਿਆਂ ਦਾ ਜਾਣਬੁੱਝ ਕੇ ਜਾਂ ਅਨਜਾਣਪੁਣੇ ਵਿੱਚ ਪ੍ਰਚਾਰ ਕਰ ਜਾਂਦੇ ਹਨ ਜਿਸ ਨਾਲ ਲੋਕਾਂ ਦੇ ਮਨ ਵਿੱਚ ਇਨ੍ਹਾਂ ਪਖੰਡੀ ਬਾਬਿਆਂ ਨੂੰ ਲੈ ਕੇ ਵਿਸ਼ਵਾਸ ਦੀ ਭਾਵਨਾ ਪੈਦਾ ਹੋ ਜਾਂਦੀ ਹੈ।

* ਇਹ ਮੰਨਿਆ ਜਾਂਦਾ ਹੈ ਕਿ ਜਿੱਥੇ ਸਿੱਖਿਆ ਵੱਧ ਹੁੰਦੀ ਹੈ ਇਸ ਤਰ੍ਹਾਂ ਦੇ ਅੰਧਵਿਸ਼ਵਾਸ ਘੱਟ ਹੁੰਦੇ ਹਨ, ਕੀ ਉੱਤਰ ਭਾਰਤ ਦੇ ਮੁਕਾਬਲੇ ਦੱਖਣ ਵਿੱਚ ਇਸ ਤਰ੍ਹਾਂ ਦੇ ਅੰਧਵਿਸ਼ਵਾਸ ਘੱਟ ਹਨ?

ਨਹੀਂ, ਦੱਖਣ ਭਾਰਤ ਵਿੱਚ ਵੀ ਇਸੇ ਤਰ੍ਹਾਂ ਦੇ ਅੰਧਵਿਸ਼ਵਾਸ ਬਹੁਤ ਹਨ। ਫਰਕ ਇਹ ਹੁੰਦਾ ਹੈ ਕਿ ਉਥੇ ਜਦ ਲੋਕ ਸਭ ਤਰ੍ਹਾਂ ਤੋਂ ਨਿਰਾਸ਼ ਹੋ ਜਾਂਦੇ ਹਨ ਤਾਂ ਇਨ੍ਹਾਂ ਦੇ ਚੁੰਗਲ ਵਿੱਚ ਫਸਦੇ ਹਨ। ਉੱਤਰ ਭਾਰਤ ਵਿੱਚ ਉਹ ਪਹਿਲਾਂ ਇਨ੍ਹਾਂ ਬਾਬਿਆਂ ਦੇ ਚੱਕਰ ਵਿੱਚ ਆਉਂਦੇ ਹਨ। ਜਦ ਲਾਭ ਨਹੀਂ ਹੁੰਦਾ ਤਾਂ ਦੂਸਰੀਆਂ ਥਾਵਾਂ ਉਤੇ ਜਾਂਦੇ ਹਨ। ਤਦ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

* ਕੀ ਕਿਸੇ ਤਰ੍ਹਾਂ ਦਾ ਕਾਨੂੰਨ ਬਣਾ ਕੇ ਇਨ੍ਹਾਂ ਬੁਰਾਈਆਂ ਦਾ ਅੰਤ ਨਹੀਂ ਕੀਤਾ ਜਾ ਸਕਦਾ ਹੈ?

ਸਾਡੇ ਦੇਸ਼ ਵਿੱਚ ਇਨ੍ਹਾਂ ਗੱਲਾਂ ਨੂੰ ਰੋਕਣ ਦੇ ਲਈ ਬਹੁਤ ਸਾਰੇ ਕਾਨੂੰਨ ਬਣੇ ਹਨ। ਜਿਵੇਂ ਅਸੀਂ ਕਿਸੇ ਬੀਮਾਰੀ ਦੇ ਸ਼ਰਤੀਆ ਇਲਾਜ ਦੀ ਗੱਲ ਨਹੀਂ ਕਰ ਸਕਦੇ ਪਰ ਬਹੁਤ ਸਾਰੇ ਲੋਕ ਕਰਦੇ ਹਨ। ਜੇਕਰ ਕਿਸੇ ਇਲਾਜ ਨਾਲ ਸਾਨੂੰ ਨੁਕਸਾਨ ਹੋਵੇ ਤਾਂ ਅਸੀਂ ਉਸ ਦੇ ਵਿਰੁੱਧ ਵੀ ਕਾਨੂੰਨ ਦਾ ਸਹਾਰਾ ਲੈ ਸਕਦੇ ਹਾਂ। ਇਸ ਦੇ ਬਾਵਜੂਦ ਕੋਈ ਇਨ੍ਹਾਂ ਦੇ ਖਿਲਾਫ ਆਵਾਜ਼ ਨਹੀਂ ਉਠਾਉਂਦਾ। ਨਵੇਂ ਕਾਨੂੰਨ ਬਣਾਉਣ ਨਾਲ ਕੋਈ ਲਾਭ ਨਹੀਂ ਹੋਵੇਗਾ। ਲੋਕ ਜਿੰਨਾ ਜ਼ਿਆਦਾ ਤੋਂ ਜ਼ਿਆਦਾ ਇਨ੍ਹਾਂ ਗੱਲਾਂ ਦੇ ਖਿਲਾਫ਼ ਹੋਣਗੇ, ਉਨ੍ਹਾਂ ਹੀ ਲਾਭ ਹੋਵੇਗਾ।

तर्कभारती प्रकाशन, बरनाला की हिन्दी व अंग्रेजी में प्रकाशित पुस्तकें

1.	और देव पुरुष हार गये	25/-
2.	देव और दानव	40/-
3.	भुतों का शिकार	40/-
4.	विज्ञान और पराविज्ञान	40/-
5.	रौशनी	20/-
6.	प्रमात्मा कब, कहां, और कैसे ?	20/-
7.	हिप्नोटिजम क्या, क्यों और कैसे ?	15/-
8.	कण-कण में विज्ञान	15/-
9.	ज्योतिष झुठ बोलता है !	30/-
10.	तर्कशील जादुगर	20/-
11.	वैज्ञानिक जादुगर	20/-
12.	रजनीश बेनकाब	30/-
13.	मैं कौन हूं	20/-
14.	अतीत के साये में	40/-
15.	लेकिन ये सच है	40/-
16.	जीवन संग्राम	30/-
17.	समय का इतिहास	20/-
18.	दिमागी विकास कैसे करें	20/-
19.	**शहीद भगत सिंह की कुछ चुनिंदा रचनाऐं**	50/-
20.	**धर्म के नाम पर दरिन्दगी**	30/-
21.	**झुठ की पुजा**	40/-
22.	**तर्कशील संदेश**	30/-
23.	**तर्कशील वार्ता**	40/-
24.	**सिक्ख भाईयों से कुछ बातें**	40/-
25.	उजाले की ओर	50/-
26.	Fortune Telling Exposed	70/-
27.	Live Math Puzzles	75/-

ਇੱਕ ਪਾਠਕ ਹੋਰ........

ਅਦਾਰਾ 'ਵਿਗਿਆਨ ਜੋਤ' ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿੱਚੋਂ ਘੱਟੋ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ।ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।

ਸੂ ਚ ਨਾ

ਸਾਲ 2003, 2004, 2005, 2006, 2007, 2008, 2009 ਅਤੇ 2010ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਵਧੀਆ ਜਿਲਦ ਦੇ ਵਿੱਚ ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ ਛੇ ਸਾਲਾਂ ਦੀਆਂ ਫਾਈਲਾਂ ਤੁਹਾਨੂੰ 435 ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।

ਹੁਣ ਪੁਲਾੜ ਵਿਚ ਪੈਦਾ ਹੋਵੇਗੀ....ਬਿਜਲੀ

ਤੁਸੀਂ ਪੁਲਾੜ ਵਿਚ 'ਪਾਵਰ ਹਾਊਸ' ਸਥਾਪਤ ਕਰਕੇ, ਬਿਜਲੀ ਉਤਪਾਦਨ ਦੀ ਗੱਲ ਪੜ੍ਹੀ-ਸੁਣੀ ਹੋਵੇਗੀ। ਇਹ ਗੱਲ ਭਾਵੇਂ ਸਾਡੇ ਗਲੋਂ ਥੱਲੇ ਨਾ ਉਤਰੇ ਪਰ ਇਹ ਗੱਲ ਹੈ ਸੱਚੀ ਕਿ ਨੇੜ-ਭਵਿੱਖ ਵਿਚ ਦੁਨੀਆਂ ਦੇ ਵਿਗਿਆਨਕ ਭਿੰਨ-ਭਿੰਨ ਪ੍ਰਕਾਰ ਦੇ ਪਾਵਰ ਹਾਊਸ ਪੁਲਾੜ ਵਿਚ ਲਟਕਾ ਦੇਣਗੇ। ਇਹ ਪਾਵਰ ਹਾਊਸ, ਧਰਤੀ 'ਤੇ ਬਿਜਲੀ ਦੀਆਂ ਲੋੜਾਂ ਨੂੰ ਪੂਰਾ ਕਰਨਗੇ।

ਪੁਲਾੜ ਵਿਚ ਬਿਜਲੀ ਘਰ ਦੇ ਨਿਰਮਾਣ ਦਾ ਵਿਚਾਰ, ਸਭ ਤੋਂ ਪਹਿਲਾਂ ਸੰਨ 1968 'ਚ ਡਾ. ਪੀਟਰ ਗਲੇਜ਼ਰ ਦੇ ਦਿਮਾਗ਼ ਵਿਚ ਆਇਆ ਸੀ। ਪਰ ਕੀ ਤੁਸੀਂ ਕਦੀ ਸੋਚਿਆ ਕਿ ਕਿੱਦਾਂ ਇਹ ਬਿਜਲੀ ਘਰ ਪੁਲਾੜ 'ਚ ਬਣੇਗਾ? ਇਹ ਜਾਨਣ ਤੋਂ ਪਹਿਲਾਂ, ਸਾਨੂੰ ਉਨ੍ਹਾਂ ਹਾਲਤਾਂ ਦਾ ਸਮਝਣਾ, ਸਾਨੂੰ ਪਤਾ ਹੈ ਕਿ ਸੂਰਜ ਵਿਚ ਇਤਨੀ ਊਰਜਾ ਮੌਜੂਦ ਹੈ ਕਿ ਪੂਰੀ ਦੁਨੀਆਂ, ਇਸ ਦੀ ਵਰਤੋਂ ਭਾਵੇਂ ਕਰੋੜਾਂ ਵਰ੍ਹੇ ਕਰੀ ਜਾਵੇ ਤਾਂ ਵੀ ਇਸ ਵਿਚ ਕੋਈ ਕਮੀ ਨਹੀਂ ਆਉਣ ਲੱਗੀ। ਪਰ ਸੂਰਜ ਦੀ ਇਸ ਬੇਅੰਤ ਊਰਜਾ ਨੂੰ ਇਕੱਠਾ ਕਰ ਲੈਣਾ ਵੀ ਕੋਈ ਸੌਖਾ ਕੰਮ ਨਹੀਂ ਹੈ। ਕਿਉਂਕਿ ਇਹ ਊਰਜਾ ਸਾਡੇ ਕੋਲ ਧੁੱਪ ਦੇ ਰੂਪ ਵਿਚ ਪੁੱਜਦੀ ਹੈ। ਧੁੱਪ ਧਰਤੀ ਉੱਤੇ ਤਕਰੀਬਨ 10-11 ਘੰਟੇ ਰਹਿੰਦੀ ਹੈ। ਜੇ ਇਸ ਊਰਜਾ ਨੂੰ ਧਰਤੀ ਦੀ ਬਜਾਏ ਪੁਲਾੜ ਵਿਚ ਹੀ ਇਕੱਠਾ ਕਰ ਲਿਆ ਜਾਵੇ ਤਾਂ ਧਰਤੀ ਦੀ ਬਨਿਸਬਤ ਇਸ ਊਰਜਾ ਨੂੰ ਕਈ ਗੁਣਾਂ ਅਧਿਕ ਇਕੱਤਰ ਕੀਤਾ ਜਾ ਸਕਦਾ ਹੈ ਕਿਉਂਕਿ ਪੁਲਾੜ ਵਿਚ ਤਾਂ ਇਹ ਊਰਜਾ ਚੌਵੀ ਘੰਟੇ ਹੀ ਮੌਜੂਦ ਰਹਿੰਦੀ ਹੈ।

ਪੂਰੇ ਸੰਸਾਰ ਦੇ ਵਿਗਿਆਨੀ, ਪੂਰੇ ਜ਼ੋਰ-ਸ਼ੋਰ ਨਾਲ, ਇਸ ਖੇਤਰ ਵਿਚ ਕੰਮ ਕਰ ਰਹੇ ਹਨ ਕਿ ਕਿਸੇ ਢੰਗ ਨਾਲ ਪੁਲਾੜ ਵਿਚ ਬਿਜਲੀ ਘਰ ਸਥਾਪਿਤ ਹੋ ਜਾਵੇ। ਧੁੱਪ ਤੋਂ ਬਿਜਲੀ ਪੈਦਾ ਕਰਨ ਲਈ, ਧੁੱਪ ਸੌਰ ਸੈੱਲਾਂ ਉੱਤੇ ਪੈਂਦੀ ਹੈ, ਜਿਸ ਨਾਲ ਬਿਜਲਈ ਧਾਰਾ ਵਹਿਣੀ ਸ਼ੁਰੂ ਹੋ ਜਾਂਦੀ ਹੈ। ਸੌਰ ਸੈੱਲਾਂ ਤੇ ਜਿਹੜੀ ਅਧਿਕ ਮਾਤਰਾ ਵਿਚ ਧੁੱਪ ਪਵੇਗੀ, ਉਤਨੀ ਅਧਿਕ ਮਾਤਰਾ ਵਿਚ ਬਿਜਲੀ ਧਾਰਾ ਦਾ ਨਿਰਮਾਣ ਹੋਵੇਗਾ। ਵਿਗਿਆਨੀਆਂ ਮੁਤਾਬਿਕ 3 ਕਰੋੜ ਯੂਨਿਟ ਬਿਜਲੀ ਪੁਲਾੜ 'ਚ ਤਿਆਰ ਕਰਨ ਲਈ 15 ਲੱਖ ਰੁਪਏ ਦੀ ਲਾਗਤ ਆਵੇਗੀ। ਸਮੇਂ-ਸਮੇਂ ਵੱਖ-ਵੱਖ ਦੇਸ਼ਾਂ ਦੀਆਂ, ਇਸ ਖੇਤਰ ਵਿਚ ਕੰਮ ਕਰਨ ਵਾਲੀਆਂ ਸੰਸਥਾਵਾਂ, ਅੰਦਾਜ਼ਨ ਖ਼ਰਚਿਆਂ ਦਾ ਮੁਲਾਂਕਣ ਕਰਦੀਆਂ ਹੀ ਰਹਿੰਦੀਆਂ ਹਨ। ਬਰਤਾਨੀਆਂ ਦੀ ਮੰਨੀ ਪ੍ਰਮੰਨੀ ਕੰਪਨੀ 'ਜਨਰਲ ਟੈਕਨਾਲੌਜੀ ਸਿਸਟਮ' ਮੁਤਾਬਿਕ, ਪੁਲਾੜ ਵਿਚ ਬਿਜਲੀ ਘਰ ਸਥਾਪਤ ਕਰਨ ਲਈ 66000 ਕਰੋੜ ਰੁਪਈਆ (5000 ਮੈਗਾਵਾਟ ਸਮਰੱਥਾ ਲਈ) ਅਤੇ 102000 ਕਰੋੜ ਰੁਪਏ (10 ਹਜ਼ਾਰ ਮੈਗਾਵਾਟ ਸਮਰੱਥਾ ਲਈ) ਲਾਗਤ ਆਉਣ ਦਾ ਅੰਦਾਜ਼ਾ ਲਗਾਇਆ ਹੈ। ਇਸ ਤਰ੍ਹਾਂ ਦੇ ਬਿਜਲੀ ਘਰਾਂ ਦੀ ਦੇਖਭਾਲ ਅਤੇ ਰੱਖ-ਰਖਾਵ ਤੇ ਪ੍ਰਤੀਸਾਲ 30-35 ਕਰੋੜ ਦਾ ਖਰਚਾ ਹੋਵੇਗਾ। ਇਸ ਬਿਜਲੀ ਘਰ ਤੋਂ ਉਪਜੀ ਬਿਜਲੀ ਦੀ ਕੀਮਤ ਭਲਾ ਕਿੰਨੀ ਕੁ ਹੋਵੇਗੀ? ਸਿਰਫ਼ ਛੇ ਜਾਂ ਸੱਤ ਪੈਸੇ ਪ੍ਰਤੀ ਯੂਨਿਟ। ਵਿਗਿਆਨੀਆਂ ਅਨੁਸਾਰ ਧਰਤੀ ਉੱਤੇ ਬਿਜਲੀ ਸਾਧਨ, ਬਿਜਲੀ ਪੈਦਾ ਕਰਦੇ ਹਨ, ਉਤਨੇ ਹੀ ਸਾਧਨਾਂ ਨਾਲ, ਪੁਲਾੜ ਵਿਚ ਸੱਤ ਗੁਣਾਂ ਵੱਧ ਬਿਜਲੀ ਤਿਆਰ ਕੀਤੀ ਜਾ ਸਕੇਗੀ। ਜੇ ਦੇਸ਼ ਸੌ ਸੈੱਲਾਂ ਵਾਲੀਆਂ ਪੱਟੀਆਂ ਤੋਂ ਬਣੇ ਬਿਜਲੀ ਘਰਾਂ ਨੂੰ ਪੁਲਾੜ 'ਚ ਸਥਾਪਤ ਕਰ ਦਿੱਤਾ ਜਾਵੇ, ਇਸ ਤੋਂ 11 ਕਰੋੜ ਯੂਨਿਟ ਬਿਜਲੀ ਪ੍ਰਾਪਤ ਹੋਵੇਗੀ ਜਦ ਕਿ ਧਰਤੀ 'ਤੇ ਇਸ ਨਾਲ ਕੇਵਲ 1.5 ਕਰੋੜ ਯੂਨਿਟ ਬਿਜਲੀ ਹੀ ਮਿਲ ਸਕੇਗੀ। ਪੁਲਾੜ ਵਿਚ ਬਿਜਲੀ ਘਰ ਸਥਾਪਤ ਕਰਨ ਲਈ, ਵਿਗਿਆਨੀਆਂ ਕੋਲ ਇਕੋ ਇਕ ਢੰਗ ਇਹ ਹੈ ਕਿ ਧਰਤੀ ਦੀ ਭੂ-ਸਥਿਰ ਸੇਧ ਸ਼੍ਰੇਣੀ ਵਿਚ ਕਿਸੇ ਉਪਗ੍ਰਹਿ ਨੂੰ ਇਸ ਕਦਰ ਸਥਾਪਤ ਕਰ ਦਿੱਤਾ ਜਾਵੇ ਕਿ ਉਸ ਦੀ ਗਤੀ, ਧਰਤੀ ਦੀ ਆਪਣੀ ਧੁਰੀ ਦੁਆਲੇ ਘੁੰਮਣ ਗਤੀ ਦੇ ਬਰਾਬਰ ਹੋਵੇ ਤਾਂ ਕਿ ਇਹ ਉਪਗ੍ਰਹਿ ਲੰਬੇ ਸਮੇਂ ਤੱਕ ਬਿਨਾਂ ਕਿਸੇ ਹੋਰ ਬਾਹਰੀ ਤਾਕਤ ਤੋਂ ਧਰਤੀ ਦੇ ਸਬੰਧ ਵਿਚ, ਇਕੋ ਥਾਂ ਤੇ ਸਥਿਰ ਰਹਿ ਸਕਦਾ ਹੋਵੇ। ਪੁਲਾੜ ਦਾ ਇਹ ਬਿਜਲੀ ਘਰ, ਸੌਰ ਊਰਜਾ ਤੋਂ ਸਿੱਧੀ ਬਿਜਲੀ ਧਾਰਾ ਬਣਾ ਕੇ, ਮਾਈਕਰੋਵੇਵ ਦੇ ਰੂਪ ਵਿਚ ਧਰਤੀ 'ਤੇ ਭੇਜੇਗਾ, ਜਿਨ੍ਹਾਂ ਨੂੰ ਪਰਤਵੀਂ ਬਿਜਲੀ ਧਾਰਾ (ਏ.ਸੀ.) ਵਿਚ ਬਦਲਿਆ ਜਾ ਸਕੇਗਾ। ਇੰਝ ਸੌਰ ਸੈੱਲਾਂ ਤੇ ਹੀ, ਇਹ ਪੂਰੀ ਦੀ ਪੂਰੀ ਕ੍ਰਿਆ ਨਿਰਭਰ ਕਰਦੀ ਹੈ। ਪਰ ਜਦ ਗੈਲਿਅਮ ਆਰਸੈਨਾਈਡ ਦੇ ਸੈੱਲ ਪੁਲਾੜ ਵਿਚ ਹੀ ਬਣਨ ਲੱਗਣਗੇ ਤਾਂ ਉਨ੍ਹਾਂ ਦੀ ਕੀਮਤ ਘੱਟ ਹੋ ਜਾਵੇਗੀ। ਇਸ ਤਰ੍ਹਾਂ ਪੁਲਾੜ ਵਿਚ ਬਿਜਲੀ ਉਤਪਾਦਨ ਆਸਾਨ ਅਤੇ ਸਸਤਾ ਵੀ ਹੋ ਜਾਵੇਗਾ। ਕੁੱਲ ਵਿਸ਼ਵ ਦੇ ਵਿਕਸਤ ਦੇਸ਼, ਇਸ ਖੇਤਰ ਵਿਚ ਬੜੀ ਦਿਲਚਸਪੀ ਦਿਖਾ ਰਹੇ ਹਨ। ਅਮਰੀਕਾ ਦੇ ਵਿਗਿਆਨੀ, ਇਸ ਮੰਤਵ ਲਈ 1200 ਟਨ ਭਾਰ ਵਾਲਾ ਇਕ ਉਪਗ੍ਰਹਿ ਬਨਾਉਣ ਦੀ ਸੋਚ ਰਹੇ ਹਨ, ਜੋ ਤਕਰੀਬਨ 10,000 ਮੈਗਾਵਾਟ ਬਿਜਲੀ ਪੈਦਾ ਕਰ ਸਕੇਗਾ। ਜਲਦੀ ਉਹ ਇਸ ਨੂੰ ਅਮਲੀਜਾਮਾ ਪਹਿਨਾਉਣਾ ਚਾਹੁੰਦੇ ਹਨ ਅਤੇ ਨਿਊਯਾਰਕ ਵਰਗੇ ਵੱਡੇ ਸ਼ਹਿਰ ਦੀਆਂ ਊਰਜਾ ਦੀਆਂ ਲੋੜਾਂ ਇਸ ਨਾਲ ਪੂਰੀਆਂ ਕਰਨਾ ਚਾਹੁੰਦੇ ਹਨ।

ਵਿਗਿਆਨੀਆਂ ਨੇ ਜੋ ਵੀ ਰੂਪ ਰੇਖਾ, ਪੁਲਾੜ ਵਿਚ ਬਿਜਲੀ ਘਰ ਬਨਾਉਣ ਲਈ ਸਿਧਾਂਤਕ ਰੂਪ ਵਿਚ ਘੜੀ ਹੈ, ਇਸ ਨਾਲ ਪ੍ਰਦੂਸ਼ਣ ਰਹਿਤ ਊਰਜਾ ਦਾ ਵਿਸ਼ਵ ਭਰ 'ਚ ਜਾਲ ਵਿਛਾਉਣ ਵਿਚ ਕਾਮਯਾਬੀ ਮਿਲੇਗੀ।

ਪੰਜਾਬੀ ਰੂਪ ਪ੍ਰਿੰ: ਹਰੀ ਕ੍ਰਿਸ਼ਨ ਮਾਇਰ, ਹਿੰਦੂ ਮੂਲ : ਪੰਕਜ ਕੁਮਾਰ ਕਰਣ

"ਸਾਡਾ ਉਦੇਸ਼ : ਲੁੱਟ ਅਤੇ ਜਬਰ ਦਾ ਨਾਸ਼"
ਤਰਕਸ਼ੀਲ, ਇਨਕਲਾਬੀ ਅਤੇ ਹੋਰ ਅਗਾਂਹਵਧੂ ਨਾਟਕਾਂ, ਕੋਰੀਓਗ੍ਰਾਫੀਆਂ ਅਤੇ ਗੀਤ ਸੰਗੀਤ ਲਈ ਸੰਪਰਕ ਕਰੋ।

ਲੋਕ ਕਲਾ ਮੰਚ ਜ਼ੀਰਾ (ਰਜਿ:)

ਨਿਰਦੇਸ਼ਕ :- ਮੇਘ ਰਾਜ ਰੱਲਾ

ਮੋਬਾਇਲ :- 98558-30400

ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

■ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ/*ਪ੍ਰੋ. ਵੜੈਚ*	50/-
ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ*	60/-
ਇਨਕਲਾਬ (ihtBh Fjhd Grs f;zx)/ਡਾ. ਤਜਿੰਦਰ	80/-
ਸ਼ਹੀਦ ਭਗਤ ਸਿੰਘ/ਕੰਵਰਜੀਤ	60/-
ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ*	60/-
ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸਾਸ਼ਤਰੀ*	40/-
ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ*	50/-
ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ*	5/-
ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਂਵਲਾ ਰਾਮ*	10/-
ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ*	10/-
ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫ਼ੀ*	20/-
ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ*	10/-
ਸ਼ਹੀਦ ਰਾਜਗੁਰੂ /*ਸ਼ਿਵ ਵਰਮਾ*	10/-
ਸ਼ਹੀਦ ਊਧਮ ਸਿੰਘ/*ਸੁਖਦੇਵ ਸਿੱਧੂ*	10/-
ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ*	10/-
ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ*	10/-
ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ*	300/-
ਜੀਵਨ ਤੇ ਰਚਨਾ ਲਾਲਾ ਹਰਦਿਆਲ/*ਡਾ. ਕੋਮਲ*	100/-
ਹੁਤਾਤਮਾ ਰਾਜਗੁਰੂ/ਚਰਨ ਕੌਸ਼ਲ	100/-

■ ਇਨਕਲਾਬੀ ਨਾਵਲ

ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ*	50/-
ਨੀਲੇ ਪੱਤਰੇ/*ਇਮਾਨੂਅਲ ਕਜ਼ਾਕੇਵਿਚ*	50/-
ਜੰਗਲਨਾਮਾ/*ਸਤਨਾਮ*	60/-
ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ*	20/-
ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ*	30/-
ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ*	30/-
ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ੍ਰਿਨ-ਤੀਅਨ*	20/-
ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ*	20/-
ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ*	250/-
ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ*	30/-
ਸੱਚ ਦਾ ਝੰਡਾ/*ਮੋਹਨ ਸਿੰਘ ਕੁੱਕੜਪਿੰਡੀਆ*	20/-
ਪਵਿੱਤਰ ਸੂਲੀ/*ਮੋਹਨ ਸਿੰਘ ਕੁੱਕੜਪਿੰਡੀਆ*	20/-
ਤਾਰੀਖ ਗਵਾਹੀ ਦੇਵੇਗੀ/*ਮੋਹਨ ਸਿੰਘ ਕੁੱਕੜਪਿੰਡੀਆ*	20/-
ਤਾਰੀਖ ਰੋ ਨਾ ਸਕੀ/*ਮੋਹਨ ਸਿੰਘ ਕੁੱਕੜਪਿੰਡੀਆ*	20/-

■ ਇਨਕਲਾਬੀ ਗੀਤ

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ/*ਇਕਬਾਲ ਉਦਾਸੀ*	30/-
ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼*	40/-
ਭਰੂਣ ਹੱਤਿਆ ਇਕ ਸਮਾਜਿਕ ਕੋਹੜ/*ਮੱਖਣ ਸਿੰਘ ਜੌਹਲ*	50/-
ਗੂੰਜ ਬਗਾਵਤ ਦੀ/*ਜਸਦੇਵ ਲਲਤੋਂ*	30/-
ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ*	30/-
ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ*	30/-
ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ*	25/-
ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ*	50/-
ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ*	50/-
ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ*	30/-

■ ਇਨਕਲਾਬੀ ਵਾਰਤਕ

ਲਾਲ ਕਿਤਾਬ/*ਕਾਮਰੇਡ ਮਾਓ ਦੇ ਵਿਚਾਰ*	50/-
ਨੌਜਵਾਨਾਂ ਨੂੰ/*ਸਵੈ ਸਾਚੀ*	20/-
ਸਮਾਜ ਨੂੰ ਬਦਲ ਦਿਓ/*ਸਵੈ ਸਾਚੀ*	20/-
ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ*	50/-
ਸੂਹੀ ਸਵੇਰ/*ਸਵੈ ਸਾਚੀ*	50/-
ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ	40/-
ਸਿੱਖ ਵੀਰਾਂ ਨਾਲ ਕੁਝ ਗੱਲਾਂ/*ਮੱਖਣ ਸਿੰਘ ਜੌਹਲ*	80/-
ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਬਲਵੀਰ ਪ੍ਰਵਾਨਾ*	40/-
ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ/*ਚਮਨ ਲਾਲ*	50/-
ਪੰਜਾਬ ਦੀ ਨਕਸਲਬਾੜੀ ਲਹਿਰ/*ਬਲਵੀਰ ਪਰਵਾਨਾ*	40/-
ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖ਼ਵ*	20/-
ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ*	20/-
ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ	60/-
ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ*	50/-
ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ*	80/-

■ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ*	400/-
ਜੋਜ਼ਫ ਸਟਾਲਿਨ (ਜੀਵਨੀ)/ਸਰਜੀਤ ਤਲਵਾਰ	50/-
ਹਾਕਮ ਸਿੰਘ ਸਮਾਉਂ/*ਸੁਖਦਰਸ਼ਨ ਨੱਤ*	150/-
ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ*	50/-
ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ/*ਬਲਵੀਰ ਚੰਦ*	20/-
ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ*	30/-
ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ*	50/-
ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ*	30/-
ਸੰਘਰਸਸ਼ੀਲ ਯੋਧਾ ਹਰੀ ਸਿੰਘ ਤਰਕ	50/-
ਸ਼ਹੀਦ ਬਾਬਾ ਬੂਝਾ ਸਿੰਘ/*ਅਜਮੇਰ ਸਿੱਧੂ*	300/-
ਗਦਰੀ ਬਾਬਾ ਦੂਲਾ ਸਿੰਘ/*ਜਰਨੈਲ ਅੱਚਰਵਾਲ*	30/-
ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ*	40/-
ਜੀਵਨ ਸੰਘਰਸ਼/*ਦਰਸ਼ਨ ਖਟਕੜ*	200/-
ਉਕਾਬਣ ਕੂੰਜਾਂ (ਸੰਸਾਰ ਪ੍ਰਸਿੱਧ ਔਰਤਾਂ ਦੀਆਂ ਜੀਵਨੀਆਂ)	100/-

■ ਹੋਰ ਇਨਕਲਾਬੀ ਪੁਸਤਕਾਂ

ਚੀਨੀ ਸਾਹਿਤ ਦੀ ਅਲੋਚਨਾ ਦੇ ਸਿਧਾਂਤ/ਅਮਰਜੀਤ ਸੂਫ਼ੀ	50/-
ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ*	40/-
ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ*	60/-
ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ*	150/-
ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/*ਮੱਖਣ ਸਿੰਘ ਜੌਹਲ*	30/-
ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ ਕੋਟਭਾਰਾ*	20/-
ਸਮਕਾਲ ਦੇ ਸਨਮੁੱਖ/*ਬਲਵਿੰਦਰ*	70/-
ਜਿੱਤਾਂਗੇ ਹਨੇਰੇ ਨੂੰ/*ਮਨੀਮਾਲਾ*	50/-
ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ*	40/-
ਪੰਜਾਬ 'ਚ ਕੌਮੀਅਤ ਤੇ ਜ਼ਰੱਈ ਸਵਾਲ/*ਕਰਮ ਬਰਸਟ*	50/-
ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ*	30/-
ਪੱਤਣੋਂ ਲੰਘੇ ਪਾਣੀ/ਰਣਧੀਰ ਗਿੱਲ ਪੱਤੀ	40/-












■ ਹਿਪਨੋਟੀਜ਼

ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਸਰਜੀਤ ਤਲਵਾਰ* 10/-
ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ* 25/-
ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ* 20/-

■ ਜਾਦੂ ਦੀਆਂ ਕਿਤਾਬਾਂ

ਜੀਵਨ ਦੀਆਂ ਗਣਿਤਕ ਉਲਝਣਾਂ/ਹੇਮ ਰਾਜ ਗਰਗ 50/-
ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ* 30/-
ਦਿਮਾਗੀ ਵਿਕਾਸ ਕਿਵੇਂ ਕਰੀਏ?/*ਮੇਘ ਰਾਜ ਮਿੱਤਰ* 20/-
ਅੰਕਾਂ ਦਾ ਜਾਦੂ/*ਸਰਜੀਤ ਤਲਵਾਰ* 40/-
ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ* 30/-
ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ* 30/-
ਸਟੇਜ ਦੇ ਜਾਦੂ/*ਨਰਿੰਦਰ* 30/-
ਨੰਨ੍ਹਾ ਜਾਦੂਗਰ/*ਨਰਿੰਦਰ* 20/-
ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ* 40/-
ਰਸਾਇਣਕ ਜਾਦੂਗਰ/*ਸਰਜੀਤ ਤਲਵਾਰ* 20/-
ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ* 30/-

■ ਗਿਆਨ ਵਿਗਿਆਨ ਦੀਆਂ ਪੁਸਤਕਾਂ

ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ* 10/-
ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ* 15/-
ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ* 30/-
ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ ਸਿੰਘ* 50/-
ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ ਸਿੰਘ* 50/-
ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ ਸਿੰਘ* 50/-
ਮਹਾਨ ਵਿਗਿਆਨੀ/ਡਾ. ਜਤਿੰਦਰਪਾਲ 70/-
ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ 80/-
ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ 80/-
ਫੈਲ ਰਹੀ ਮਹਾਂਮਾਰੀ ਏਡਜ਼/*ਡਾ. ਜਤਿੰਦਰਪਾਲ* 40/-
ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ* 30/-
ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ* 20/-
ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ* 20/-
ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ* 20/-
ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਬਰਟਰੈਂਡ ਰਸਲ* 40/-
ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ* 20/-
ਆਓ ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ* 30/-
ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ* 30/-
ਮੁਨੱਖ ਮਹਾਂਬਲੀ ਕਿਵੇਂ ਬਣਿਆ/ਐਮ. ਇਲੀਨ 100/-
ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ* 100/-
ਜੀਵ ਦੀ ਉਤਪਤੀ/*ਚਾਰਲਸ ਡਾਰਵਨ* 150/-
ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ/ਰਣਜੀਤ ਝਨੇਰ 80/-
ਸਾਇੰਸ ਸਿਟੀ/ਮੇਘ ਰਾਜ ਮਿੱਤਰ 50/-

■ ਤਰਕਸ਼ੀਲ ਸਾਹਿਤ

...ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਟੀ. ਕਾਵੂਰ* 30/-
ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ* 30/-
ਰੌਸ਼ਨੀ/*ਮੇਘ ਰਾਜ ਮਿੱਤਰ* 20/-
ਤਰਕਬਾਣੀ/*ਮੇਘ ਰਾਜ ਮਿੱਤਰ* 20/-
ਤਰਕਜੋਤੀ/*ਮੇਘ ਰਾਜ ਮਿੱਤਰ* 20/-
ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ* 30/-
ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ* 20/-
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮੇਘ ਰਾਜ ਮਿੱਤਰ* 40/-
ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ* 30/-
ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ* 40/-
ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* 30/-
ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* 20/-
ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ* 25/-
ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ* 40/-
ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* 20/-
ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ* 50/-
ਰਜ਼ਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ* 30/-
ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ* 40/-
ਧਰਮ ਕੀ ਹੈ?/*ਗਰੀਨ ਇੰਗਰਸੋਲ* 10/-
ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* 40/-
ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ 50/-
ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਡਾ. ਕੋਵੂਰ* 50/-
ਕਰਾਮਾਤਾਂ ਦਾ ਪ੍ਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ* 50/-
ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮੇਘ ਰਾਜ ਮਿੱਤਰ* 50/-
ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ* 20/-
ਗਿਆਨ ਸਾਗਰ ਦੀ ਯਾਤਰਾ/*ਸੰਪਾ. ਮੇਘ ਰਾਜ ਮਿੱਤਰ* 20/-
ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ* 50/-
ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ 50/-
ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ* 20/-
ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ* 40/-
ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ* 60/-
ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ* 60/-
ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ* 40/-
ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ* 30/-
ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ* 30/-
ਚਮਤਕਾਰਾਂ ਦੇ ਰਹੱਸ/*ਜ਼ੇਮਜ਼ ਰਾਂਡੀ* 200/-
ਸਤਯੁੱਗ ਤੋਂ ਕਲਯੁੱਗ ਤੱਕ/*ਖੁਸ਼ਵੰਤ ਬਰਗਾੜੀ* 30/-
ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ* 40/-
ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ* 30/-
ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ* 30/-
ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ* 30/-
ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ* 40/-
ਕ੍ਰਿਸ਼ਨ ਬਰਗਾੜੀ/*ਖੁਸ਼ਵੰਤ ਬਰਗਾੜੀ* 50/-
ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ* 50/-
ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ ਮਿੱਤਰ* 40/-
ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ* 40/-
ਪਿੰਡ ਦੀ ਸੱਥ/*ਰਣਜੀਤ ਝਨੇਰ* 30/-
ਤਰਕਵਾਰਤਾ/*ਰਣਜੀਤ ਝਨੇਰ* 50/-
ਧੁਖਦੀ ਵਰਣਮਾਲਾ ਦਾ ਸੰਵਾਦ ਮਨੁੱਖ/*ਮੀਤ ਖੱਟੜਾ* 20/-
ਓਪਰੀ ਕਸਰ/*ਸਰਬਜੀਤ ਉੱਖਲਾ* 40/-
ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ* 30/-
ਨਾਸਟ੍ਰੇਡਮਸ ਬੇਨਕਾਬ/*ਜੇਮਜ਼ ਰੇਂਡੀ* 150/-
ਧਰਮ ਦੇ ਅੰਗ ਸੰਗ/*ਰਣਜੀਤ ਝਨੇਰ* 50/-
ਅੰਧਵਿਸ਼ਵਾਸ ਮੁਰਦਾਬਾਦ/*ਸਰਜੀਤ ਤਲਵਾਰ* 40/-

■ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ

ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* 50/-
ਪ੍ਰਮਾਤਮਾ ਦੀ ਉਤਪਤੀ, ਇਸ ਭਰਮ ਦਾ ਭਵਿੱਖ/*ਫਰਾਇਡ* 50/-
ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਸਿਗਮੰਡ ਫਰਾਇਡ* 40/-
ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* 50/-
ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ/*ਫਰਾਇਡ* 50/-
ਪੁਰਾਤਨ ਸਮਾਜ/*ਐਲ. ਐਚ. ਮੌਰਗਨ* 150/-



ਟੈਕਨੀਕਲ

ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਰੀ	150/-
ਪੰਜਾਬ ਵਸੀਕਾ ਨਵੀਸੀ/ਆਰ. ਕੇ ਭਰਦਵਾਜ਼	250/-
ਕਚਹਿਰੀ ਸ਼ਬਦ ਕੋਸ਼/ਆਰ. ਕੇ ਭਰਦਵਾਜ਼	150/-
ਜਨਰਲ ਨਾਲਿਜ/ਹਰਬੰਸ ਸਿੰਘ ਵਾਰਵਲ	50/-
ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/ਸੀ.ਪੀ.ਕੰਬੋਜ	60/-
ਆਓ ਕੰਪਿਓਟਰ ਸਿੱਖੀਏ/ਕ੍ਰਿਪਾਲ ਸਿੰਘ ਪੰਨੂ	50/-
ਸੂਚਨਾ ਦਾ ਅਧਿਕਾਰ ਕਾਨੂੰਨ-2005	30/-
ਭਵਨ ਨਿਰਮਾਣ ਕਿਵੇਂ ਕਰੀਏ?/ਇੰਜ.ਰਾਜ ਕੁਮਾਰ	50/-
ਮਸਤਾਨਾ ਮੋਟਰ ਮਿਸਤਰੀ/ਪ੍ਰੇਮ ਸਿੰਘ ਮਸਤਾਨਾ	40/-
ਪੰਜਾਬੀ ਭਾਸ਼ਾ ਦਾ ਅਧਿਆਪਨ/ਪ੍ਰੋ. ਇਕਬਾਲ ਸਿੰਘ	70/-
ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖਲਾ ਕਿਵੇਂ	80/-
ਟੈਲੀਵਿਜ਼ਨ/ਸੀ.ਪੀ. ਕੰਬੋਜ	20/-
ਮੋਬਾਇਲ ਫੋਨ/ਸੀ.ਪੀ. ਕੰਬੋਜ	20/-
ਕੰਪਿਊਟਰ/ਸੀ.ਪੀ. ਕੰਬੋਜ	20/-
ਰੋਬੋਟ/ਸੀ.ਪੀ. ਕੰਬੋਜ	20/-
ਸੰਚਾਰ ਦੇ ਸਾਧਨ/ਸੀ.ਪੀ. ਕੰਬੋਜ	20/-
ਦੁਨੀਆਂ ਦੀਆਂ ਭਾਸ਼ਾਵਾਂ/ਕੁੰਦਨ ਲਾਲ ਭੱਟੀ	70/-

ਸਿਹਤ ਸਬੰਧੀ ਸਾਹਿਤ

ਦਿਲ ਦੀ ਵਿਗੜ ਰਹੀ ਸਿਹਤ/ਡਾ. ਸ਼ਿਆਮ ਸੁੰਦਰ ਦੀਪਤੀ	60/-
ਸਿਹਤ ਅਤੇ ਵਹਿਮ ਭਰਮ/ਡਾ. ਸ਼ਿਆਮ ਸੁੰਦਰ ਦੀਪਤੀ	80/-
ਮਾਨਸਿਕ ਰੋਗ-ਕਾਰਣ,ਲੱਛਣ ਤੇ ਇਲਾਜ/ਡਾ. ਸੰਦੀਪ	50/-
ਸਾਡੇ ਬੱਚੇ ਸਾਡੇ ਚਿਰਾਗ/ਡਾ. ਹਰਸ਼ਿੰਦਰ ਕੌਰ	60/-
ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ	100/-
ਬੱਚਿਆਂ ਬਾਰੇ ਗਿਆਨ, ਵਿਗਿ. ਤੇ ਮਨੋਵਿਗਿਆਨ	100/-
ਬਾਲ ਮਨਾਂ ਵਿੱਚ	120/-
ਸਿਹਤ ਸੰਭਾਲ/ਡਾ. ਅਜੀਤਪਾਲ ਸਿੰਘ	50/-
ਤੰਦਰੁਸਤ ਕਿਵੇਂ ਰਹੀਏ/ਡਾ. ਅਜੀਤਪਾਲ ਸਿੰਘ	40/-
ਡਾਕਟਰ ਦੀ ਸਲਾਹ/ਡਾ. ਅਜੀਤਪਾਲ ਸਿੰਘ	40/-
ਸਿਹਤ ਫੁਲਵਾੜੀ/ਡਾ. ਅਜੀਤਪਾਲ ਸਿੰਘ	50/-
ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ	100/-
ਸ਼ੂਗਰ ਰੋਗ/ਡਾ. ਸ਼ਿਆਮ ਸੁੰਦਰ ਦੀਪਤੀ	10/-
ਬਲੱਡ ਪ੍ਰੈਸ਼ਰ/ਡਾ. ਸ਼ਿਆਮ ਸੁੰਦਰ ਦੀਪਤੀ	15/-
ਕੈਂਸਰ/ਡਾ. ਸ਼ਿਆਮ ਸੁੰਦਰ ਦੀਪਤੀ	10/-
ਏਡਜ਼/ਡਾ. ਸ਼ਿਆਮ ਸੁੰਦਰ ਦੀਪਤੀ	10/-
ਪਿਤਾ-ਪੁਤਰੀ ਸੰਵਾਦ: ਸਿਹਤ ਦੇ ਪਹਿਲੂ	20/-
ਉਦਾਸੀ ਰੋਗ/ਡਾ. ਪਰਮਜੀਤ ਸਿੰਘ	10/-
ਮਿਰਗੀ ਰੋਗ/ਡਾ. ਪਰਮਜੀਤ ਸਿੰਘ	10/-
ਅੱਖਾਂ ਦੀ ਸੰਭਾਲ/ਡਾ. ਬਲਜੀਤ ਸਿੰਘ ਢਿੱਲੋਂ	10/-
ਸੁਖਾਵੇਂ ਪਿਆਰ ਸਬੰਧ/ਡਾ. ਰਣਜੀਤ ਸਿੰਘ	30/-
ਆਉ ਸਿਹਤ ਪ੍ਰਤੀ ਜਾਣੀਏ/ਡਾ. ਮੋਹਨ	30/-
ਨਸ਼ੇ ਕਿਵੇਂ ਛੱਡੀਏ/ਰਣਜੀਤ ਝਨੇਰ	70/-
ਬਾਲ ਮਨੋਵਿਗਿਆਨ/ਬਲਵਿੰਦਰ ਬਰਨਾਲਾ	30/-

■ ਬੱਚਿਆਂ ਲਈ ਪੁਸਤਕਾਂ

ਬਾਲ ਖੇਡ ਵੰਨਗੀ/ਕੁੰਦਨ ਲਾਲ ਭੱਟੀ	70/-
ਸੰਗੀ ਸਾਥੀ/ਸੁਲੱਖਣ ਮੀਤ (ਪ੍ਰੋ:)	50/-
ਮੇਰੀ ਪੁਸਤਕ ਤੇਰੀ ਪੁਸਤਕ/ਸੁਲੱਖਣ ਮੀਤ (ਪ੍ਰੋ:)	50/-
ਫੁੱਲਾਂ ਵਰਗੇ ਬੱਚੇ/ਅਮਰੀਕ ਸਿੰਘ ਤਲਵੰਡੀ	50/-
ਛਹਿਬਰ/ਨਵਰਾਹੀ ਘੁਗਿਆਣਵੀ	50/-
ਆਓ ਕਰੀਏ ਪੜ੍ਹਾਈ/ਕੰਚਨ	50/-
ਅਮਰ ਕਹਾਣੀਆਂ (ਸੌ ਦੰਦ ਕਥਾਵਾਂ)/ਡਾ. ਅਮਰ ਕੋਮਲ	50/-
ਗੁਲੀਵਰ ਦੀਆਂ ਯਾਤਰਾਵਾਂ/ਜੋਨਾਥਨ ਸਵਿਫਟ	15/-
ਬਾਲ ਚਿਰਾਗ/ਬਲਜਿੰਦਰ ਮਾਨ	25/-
ਸੁਨਿਹਰੀ ਭਵਿੱਖ/ਬਲਜਿੰਦਰ ਮਾਨ	25/-
ਸੀਰਤ ਨਾਮਾ/ਨਵਰਾਹੀ ਘੁਗਿਆਣਵੀ	25/-
ਗਨੇਰੀਆਂ/ਨਵਰਾਹੀ ਘੁਗਿਆਣਵੀ	40/-
ਆ ਜਾ ਮੋਰਾ/ਸੁਲੱਖਣ ਮੀਤ (ਪ੍ਰੋ:)	20/-
ਲੋੜ ਕਾਢ ਦੀ ਮਾਂ/ਸੁਲੱਖਣ ਮੀਤ (ਪ੍ਰੋ:)	20/-
ਖੰਡ ਖਿਡਾਉਣੇ/ਸੁਲੱਖਣ ਮੀਤ (ਪ੍ਰੋ:)	20/-
ਮੋਟੋ ਆਂਟੀ/ਸੁਲੱਖਣ ਮੀਤ (ਪ੍ਰੋ:)	30/-
ਜਲਵਾ ਰੁੱਤਾਂ ਦਾ/ਸੁਲੱਖਣ ਮੀਤ	20/-
ਮੇਰਾ ਇਹ ਸਕੂਲ/ਤਰਸੇਮ ਮਹਿਤੋ	30/-
ਜੈਜ਼ੀਨਾਮਾ/ਹਰਨੇਕ ਸਿੰਘ ਰਾਣਾ	30/-
ਮੇਰਾ ਬਸਤਾ/ਅਮਰੀਕ ਸਿੰਘ ਤਲਵੰਡੀ	30/-
ਕਾਵਿ ਪਹਾੜੇ/ਅਮਰੀਕ ਤਲਵੰਡੀ	20/-
ਘਰ ਦੀ ਰੌਣਕ/ਅਮਰੀਕ ਤਲਵੰਡੀ	30/-
ਸਾਡੇ ਗੁਰੂ/ਅਮਰੀਕ ਸਿੰਘ ਤਲਵੰਡੀ	30/-
ਸਾਡੇ ਦੇਸ਼ਭਗਤ/ਅਮਰੀਕ ਸਿੰਘ ਤਲਵੰਡੀ	30/-
ਨਮੋਲੀਆਂ/ਨਵਰਾਹੀ ਘੁਗਿਆਣਵੀ	30/-
ਬੱਚੇ ਮਨ ਦੇ ਸੱਚੇ/ਅਜਮੇਰ ਸਿੰਘ ਮੋਹੀ	50/-
ਹੀਰੇ ਪੁੱਤਰ ਮਾਵਾਂ ਦੇ/ਅਮਰੀਕ ਤਲਵੰਡੀ	30/-
ਸਾਡਾ ਸਕੂਲ/ਅਮਰੀਕ ਤਲਵੰਡੀ	50/-
ਮਾਸੂਮ/ਨਵਰਾਹੀ ਘੁਗਿਆਣਵੀ	40/-
ਕਵਿਤਾ ਰਾਹੀਂ ਵਿਗਿਆਨ/ਪ੍ਰੋ. ਬਲਵਿੰਦਰ ਚਾਹਲ	50/-
ਸਾਡੇ ਅਧਿਆਪਕ/ਅਮਰੀਕ ਸਿੰਘ ਤਲਵੰਡੀ	30/-
ਚੰਗੇ ਬੱਚੇ /ਗੁਰਮੇਲ ਚਹਿਲ	50/-
ਗਿਆਨ ਸਾਗਰ ਰਮਾਇਣ / ਬਲਜਿੰਦਰ ਮਾਨ	60/-
ਗੁਰੂ ਸਹਿਬਾਨ ਤੇ ਕਥਾ ਕਹਾਣੀਆਂ /ਬਲਜਿੰਦਰ ਮਾਨ	80/-

■ ਡਾ. ਅਜੀਤਪਾਲ ਐਮ. ਡੀ. ਦੁਆਰਾ ਲਿਖੀਆਂ ਪੁਸਤਕਾਂ

ਅਜੋਕਾ ਸਭਿਆਚਾਰ ਬੇਨਕਾਬ	50/-
ਸਾਮਰਾਜੀ ਝੱਖੜ	80/-
ਸਾਮਰਾਜ ਦੇ ਮਾਰੂ ਪ੍ਰਭਾਵ	70/-
ਸਾਮਰਾਜੀ ਜੋਕਾਂ	100/-
ਵਿਸ਼ਵਵਿਆਪੀ ਆਰਥਿਕ ਮੰਦੀ	100/-
ਕਿਵ ਕੂੜੈ ਤੁਟੈ ਪਾਲਿ	80/-
ਜ਼ੰਜੀਰਾਂ ਬਨਾਮ ਮੇਹਨਕਸ਼	80/-
ਵਪਾਰੀਕਰਨ ਦੇ ਦੁਰਪ੍ਰਭਾਵ	100/-
ਮੌਜੂਦਾ ਵਿਕਾਸ ਬਨਾਮ ਮੇਹਨਤਕਸ਼	100/-
ਪੂੰਜੀਵਾਦ ਦਾ ਵਿਨਾਸ਼ ਜਰੂਰੀ	100/-
ਕਟਿਹਰੇ 'ਚ ਰਾਜਨੀਤੀ	100/-
ਦਾਗੀ ਰਾਜਨੀਤੀ ਦੇ ਨਾਇਕ	100/-
ਆਲਮੀ ਤਪਸ਼ ਤੇ ਮਹਿਗਾਈ	100/-
ਸ਼ੀਸ਼ਾ ਬੋਲਦਾ ਹੈ	100/-
ਸ਼ਬਦ ਬੂੰਦ	100/-
ਨੰਗੇ ਹਰਫ਼	100/-

■ ਪ੍ਰੋ. ਕਿਸ਼ਨ ਸਿੰਘ ਦੁਆਰਾ ਲਿਖੀਆਂ ਪੁਸਤਕਾਂ

ਆਜ਼ਾਦ ਔਰਤ	100/-
ਆਦਮ ਜਾਤ ਦਾ ਮਸਲਾ ਤੇ ਸਾਹਿਤ	70/-
ਇਨਕਲਾਬੀ ਵਿਰਸਾ	70/-
ਵਾਰ ਮਲ੍ਹਾਰ ਦੀ ਮਹਲਾ੧ ਅਤੇ ਆਸਾ ਦੀ ਵਾਰ	100/-
ਵਾਰ ਮਾਝ ਅਤੇ ਸਿਧ ਗੋਸਟਿ	100/-








■ ਓਮ ਪ੍ਰਕਾਸ਼ ਗਾਸੋ ਦੁਆਰਾਂ ਲਿਖੀਆਂ ਪੁਸਤਕਾਂ

ਇਤਿਹਾਸ ਦੀ ਅਵਾਜ਼ (ਨਾਵਲ) 30/-
ਤਾਂਬੇ ਦਾ ਰੰਗ 20/-
ਮੌਤ ਦਰ ਮੌਤ 30/-
ਬੰਦ ਗਲੀ ਦੇ ਬਸ਼ਿੰਦੇ 30/-
ਰੱਤਾ ਥੇਹ 30/-
ਘਰਕੀਣ 30/-
ਮਿੱਟੀ ਦਾ ਮੁੱਲ 30/-
ਅਰਥਾਤ 30/-
ਇਤਫ਼ਾਕ 30/-
ਜੁਆਬ ਦੇਹ ਕੌਣ 30/-
ਤੁਰਦਿਆਂ ਤੁਰਦਿਆਂ 30/-
ਮਲਵਈ ਸੱਭਿਆਚਾਰ 30/-
ਪੰਜਾਬੀ ਦਿੱਖ ਤੇ ਦਰਸ਼ਨ 40/-
ਫਲੌਰੰਜਨੀ ਦੇ ਫੁੱਲ 25/-
ਜ਼ਿੰਦਗੀ ਦੀ ਸੌਗਾਤ 50/-
ਸਿੱਖਿਆ ਤੇ ਸਬਕ 30/-

■ ਨਾਵਲ

ਬੇ ਵਜ੍ਹਾ/*ਸਿਕੰਦਰ ਝਨੇਰ* 100/-
ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* 15/-
ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* 20/-
ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ* 20/-
ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* 50/-
ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* 40/-
ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* 20/-
ਇੱਕ ਸੀ ਸਰੀਫ਼ਾਂ/*ਸਰਦੂਲ ਸਿੰਘ ਦਰਦ* 20/-
...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਇਸਰ* 30/-
ਮਰਜੀਵੜਾ/*ਕਰਤਾਰ ਸਿੰਘ ਮਾਨ* 150/-
ਗਲੀ ਨੰ: 4/*ਬਿਕਰਮਜੀਤ ਨੂਰ* 50/-
ਰਾਹੂਕੇਤੂ/*ਬਾਬੂ ਸਿੰਘ ਬਰਾੜ* 40/-
ਪਾਪੀ/*ਬਿਕਰਮਜੀਤ ਨੂਰ* 20/-
ਸਰਕਲ/*ਗੁਰਪ੍ਰੀਤ ਸਿਹਜੀ* 30/-
ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* 50/-
ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* 100/-
ਕੌਣ ਜਿੱਤਿਆ/*ਹਰਚੰਦ ਗਿੱਲ ਮਿਆਨੀ* 30/-
ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* 40/-
ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* 100/-
ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* 40/-
ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* 40/-
ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* 100/-
ਬਾਪੂ ਦਾ ਵਿਆਹ/*ਸੁਰਜੀਤ ਸਿੰਘ ਸੁਹਿਰਦ* 50/-
ਵੈਰਨ ਵਲਾਇਤ/ਮੋਹਣ ਸਿੰਘ ਕੁੱਕੜਪਿਡੀਆ 50/-
ਅਰਥੀਅਨ/ਰਾਜ਼ਨ ਸਿੰਘ ਸਿੱਧੂ 100/-
ਸੂਲੀ ਤੇ ਟੰਗੀ ਰੂਹ/ਸੁਖਮੰਦਰ ਸਿੰਘ ਸਿਤਾਰਾ 40/-

■ ਹਾਸ ਵਿਅੰਗ

ਡੰਗ ਅਤੇ ਚੋਭਾਂ/*ਕੁਲਵੰਤ ਰਾਏ ਸ਼ਰਮਾ* 10/-
ਪਰਵਾਸੀ ਧੰਦੇ/*ਕੁਲਵੰਤ ਰਾਏ ਸ਼ਰਮਾ* 10/-
ਮੇਰੇ ਸ਼ਾਗਿਰਦ/*ਕੁਲਵੰਤ ਰਾਏ ਸ਼ਰਮਾ* 20/-
ਹੋਰ ਫਿਰ/*ਨਿਰੰਜਨ ਸ਼ਰਮਾ* 30/-
ਰੋਵਤੁ ਜਾਇ ਸੁ ਹਸੈ/*ਜਸਵੰਤ ਸਿੰਘ ਅਗਿਆਨੀ* 15/-
ਮਸਲਾ ਲਟਕ ਗਿਆ/*ਮੰਗਤ ਕੁਲਜਿੰਦ* 40/-
ਹੱਸੋ ਪੈਥੀ/*ਮੰਗਤ ਕੁਲਜਿੰਦ* 40/-

■ ਸਫ਼ਰਨਾਮੇ

ਸਮੁੰਦਰਾਂ ਦੇ ਓਹਲੇ/*ਰਣਜੀਤ ਝਨੇਰ* 100/-
ਮੇਰੀ ਡੈਨਮਾਰਕ ਫੇਰੀ/*ਕੇ. ਐਲ. ਗੋਇਲ* 20/-
ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/*ਰਾਮ ਮੂਰਤ* 30/-
ਪਰਿਕਰਮਾ (ਦੱਖਣੀ ਭਾਰਤ ਯਾਤਰਾ)/*ਰਾਮ ਮੂਰਤ ਸਿੰਘ* 15/-
ਗੌਤਮ ਦੀ ਗੋਦ (ਨਿਪਾਲ ਯਾਤਰਾ)/*ਰਾਮ ਮੂਰਤ ਸਿੰਘ* 15/-
ਪਤਾਲ (ਅਮਰੀਕਾ ਕਨੈਡਾ ਯਾਤਰਾ)/*ਰਾਮ ਮੂਰਤ ਸਿੰਘ* 30/-
ਦੀਰਾ ਟਾਵਰ (ਡੁਬਈ ਯਾਤਰਾ)/*ਰਾਮ ਮੂਰਤ ਸਿੰਘ* 30/-
ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/*ਰਾਮ ਮੂਰਤ ਸਿੰਘ* 30/-
ਪੱਥਰ ਬੋਲਦੇ ਹਨ/*ਰਾਮ ਮੂਰਤ ਸਿੰਘ* 40/-
ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* 40/-
ਵੱਖਰੀ ਧਰਤੀ ਵੱਖਰੇ ਲੋਕ/*ਹਰਭਜਨ ਹਲਵਾਰਵੀ* 30/-
ਮੇਰੀ ਅਮਰੀਕਾ ਫੇਰੀ/*ਨਿੰਦਰ ਘੁਗਿਆਣਵੀ* 40/-
ਅੱਖੀਂ ਦੇਖ ਨਾ ਰੱਜੀਆਂ/*ਨਿਰਪਾਲ ਜਲਾਲਦੀਵਾਲ* 30/-
ਸੁਨਹਰੀ ਦਿਨਾਂ ਦਾ ਸਫ਼ਰ/*ਹਰਭਜਨ ਹਲਵਾਰਵੀ* 30/-

■ ਅਲੋਚਨਾ

ਮੋਹਨ ਭੰਡਾਰੀ-ਕਹਾਣੀ ਜਗਤ 140/-
ਸੰਤ ਸਿੰਘ ਸੇਖੋਂ ਦਾ ਨਾਟ ਸ਼ਾਸਤਰ 60/-
ਕੈਨੇਡੀਅਨ ਪੰਜਾਬੀ ਸਾਹਿਤ / *ਸੁਖਜਿੰਦਰ* 350/-
ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) 250/-
ਅਮਰੀਕੀ ਪੰਜਾਬੀ ਕਹਾਣੀ : ਮੁਲਾਂਕਣ 200/-

■ ਖੇਡ ਖਿਡਾਰੀ

ਸਦੀਆਂ ਤੇ ਸਦੀਆਂ ਤੱਕ ਕਬੱਡੀ/ਰਣਜੀਤ ਝਨੇਰ 300/-
ਕਬੱਡੀ ਕੱਪ ਦੇ ਧਰੂ ਤਾਰੇ/ਅਜਮੇਰ ਸਿੰਘ 150/-
ਵਿਸ਼ਵ ਕੱਪ ਕ੍ਰਿਕਟ ਦੀ ਰੌਚਕ ਦਾਸਤਾਨ 80/-
ਏਸ਼ੀਆਈ ਖੇਡਾਂ ਦੀ ਰੌਚਿਕ ਕਹਾਣੀ/ਰਣਜੀਤ ਪ੍ਰੀਤ 60/-
ਉਲੰਪਿਕ ਖੇਡਾਂ ਦੀ ਰੌਚਿਕ ਗਾਥਾ/*ਰਣਜੀਤ ਪ੍ਰੀਤ* 80/-

■ ਜੀਵਨੀਆਂ

ਅਮਰੀਕੀ ਰਾਸ਼ਟਰਪਤੀ ਓਬਾਮਾ ਤੱਕ/ ਭੌਰਾ 100/-
ਕੰਪਿਊਟਰ ਦਾ ਧਨੰਤਰ-ਕਿਰਪਾਲ ਸਿੰਘ ਪੰਨੂੰ 100/-
ਪਿੰਡ ਦੀਨਾ ਸਾਹਿਬ ਦਾ ਇਤਿਹਾਸ/ਤੋਤਾ ਸਿੰਘ 150/-
ਵਡਮੁੱਲਾ ਪਾਰਸ/*ਨਿੰਦਰ ਘੁਗਿਆਣਵੀ* 50/-
ਧਰਤੀ ਪੁੱਤਰ/*ਵਿਜੈ ਬੰਬੇਲੀ* 50/-
ਠਰੀ ਚਾਨਣੀ ਦਾ ਗੀਤ/*ਡਾ. ਅਮਰ ਕੋਮਲ* 30/-
ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ/*ਟਹਿਣਾ* 25/-
ਜਿੰਨੀ ਰਾਹੀਂ ਮੈਂ ਤੁਰਿਆ/*ਗੁਰਬਖ਼ਸ਼ ਸਿੰਘ ਰਾਹੀ* 50/-
ਸੱਚੇ ਦਿਲੋਂ/*ਨਿੰਦਰ ਘੁਗਿਆਣਵੀ* 30/-
ਟੂਸੇ ਦੀ ਟਹਿਕ/*ਸੀ. ਮਾਰਕੰਡਾ* 150/-
ਪੰਜਾਬ ਦੇ ਸੱਗੀ ਫੁੱਲ/*ਬਲਜਿੰਦਰ ਮਾਨ* 50/-
ਮੇਰਾ ਪਿੰਡ ਬਹਾਦਰਪੁਰ/*ਰਣਜੀਤ ਸਿੰਘ* 60/-
ਭਾਈ ਰੂਪ ਚੰਦ ਜੀ/*ਗਿਆਨੀ ਪ੍ਰੀਤਮ ਸਿੰਘ* 100/-
ਹਰਨਾਮ ਦਾਸ ਸਹਿਰਾਈ/*ਨਿੰਦਰ ਘੁਗਿਆਣਵੀ* 50/-
ਸਤਰੰਗੀ ਸਿਆਸਤ/*ਜਗਸੀਰ ਪੱਖੀ* 50/-
ਬਾਬਾ ਫਰੀਦ ਸ਼ੱਕਰ ਗੰਜ/*ਪ੍ਰੋ. ਗੁਰਮੀਤ ਟਿਵਾਣਾ* 50/-
ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/*ਰਣਜੀਤ* 150/-
ਭਾਈ ਰੂਪ ਚੰਦ/*ਹਰਚਰਨ ਸਿੰਘ* 100/-
ਝੱਖੜਾਂ 'ਚ ਵਗਦਾ ਦਰਿਆ/*ਰਣਜੀਤ ਪ੍ਰੀਤ* 100/-
ਸੁਰਾਂ ਦੇ ਵਾਰਿਸ/*ਸਵਰਣ ਟਹਿਣਾ* 150/-
ਹਰਦਿਆਲ ਚੰਦ ਜੈਦਕਾ/*ਤੋਤਾ ਸਿੰਘ ਦੀਨਾ* 100/-

■ ਨਾਟਕ

- ਸੱਤੀ ਵੀਹੀਂ ਸੌ/ਪ੍ਰੋ. ਸਰਬਜੀਤ 20/-
- ਸੂਰਜ ਡੁੱਬਣ ਤੋਂ ਬਾਅਦ/ਜੋਗੇ ਭੰਗਲ 15/-
- ਸੀਤਾਇਣ/ਡਾ. ਪ੍ਰੀਤਮ ਸੈਨੀ 20/-
- ਗਾਥਾ ਕਾਲੇ ਪਾਣੀਆਂ ਦੀ/ਹਰਨੇਕ ਚੌਧਰੀ 40/-
- ਸਜ਼ਾ ਸੱਚ ਨੂੰ/ਬਾਰੂ ਸਤਵਰਗ 30/-
- ਜੀਵਨ ਦੇ ਰੰਗ ਮੰਚ ਤੇ/ਗੁਰਚਰਨ ਕੌਰ ਚਪਰਚਿੜੀ 50/-
- ਮੇਰਾ ਪਿਆਰ ਕਬੂਲ ਕੀਜੀਏ/ਨਰਿੰਦਰ ਸਿੰਘ ਹਰੀਕਾ 30/-

■ ਕੁਟੇਸ਼ਨਾਂ

- ਪ੍ਰਸਿੱਧ ਕੁਟੇਸ਼ਨਾਂ (ਪ੍ਰਸਿੱਧ ਕੁਟੇਸ਼ਨਾਂ ਦਾ ਸੰਗ੍ਰਹਿ) 150/-
- ਜੀਵਨ ਸੋਝੀ / ਮਹਿੰਦਰ ਸਿੰਘ ਵਾਲੀਆ 30/-
- ਨਿਸ਼ਚੈ ਕਰ ਆਪਣੀ ਜੀਤ ਕਰੂੰ / ਮਹਿੰਦਰ ਸਿੰਘ 30/-
- ਵਿਚਾਰ ਦਰਸ਼ਨ/ਡਾ. ਅਮਰ ਕੋਮਲ 30/-
- ਕਤਰਾ ਕਤਰਾ ਸਮੁੰਦਰ/ਡਾ. ਅਮਰ ਕੋਮਲ 40/-
- ਜ਼ਿੰਦਗੀ ਦੇ ਸਿਰਨਾਵੇਂ/ਡਾ. ਅਮਰ ਕੋਮਲ 40/-

■ ਸੱਭਿਆਚਾਰ/ਕਵੀਸ਼ਰੀ

- ਸਿੱਖੀ ਕਾਵਿ/ਬਾਬੂ ਰਜਬ ਅਲੀ 280/-
- ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ 200/-
- ਢੰਡ ਸਾਰੰਗੀ ਦੇ ਗੌਣ/ਡਾ. ਚਰਨਜੀਤ 200/-
- ਪੰਜਾਬ ਦੇ ਲੋਕ ਸਾਜ਼/ਐਸ. ਅਸ਼ੋਕ ਭੌਰਾ 60/-
- ਕਿੱਸਾ ਇੰਦਰ ਬੇਗੋ/ਮੱਖਣ ਸਿੰਘ ਨਿਰਮਲ 50/-
- ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/ 30/-
- ਮਾਡਰਨ ਜੁਗਨੀ/ਮਨਜੀਤ ਸਿੰਘ ਸਾਗਰ 30/-
- ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁੱਡੀ ਕਲਾਂ/ਸ਼ਰਮਾ 100/-
- ਕਵੀਸ਼ਰੀ ਮਾਰਤੰਡ 600/-
- ਲੋਕ ਗਾਥਾਵਾਂ/ਮੋਹਣ ਸਿੰਘ ਬਾਸੀ 30/-
- ਪਾਓ ਭੰਗੜਾ/ਮੋਹਣ ਸਿੰਘ ਬਾਸੀ 30/-

■ ਕਹਾਣੀਆਂ

- ਥੁੜਾਂ ਮਾਰੇ ਲੋਕ/ਜਗਤਾਰ ਸਿੰਘ ਬੈਂਸ 80/-
- ਰਹਿਮਤੇ /ਪ੍ਰਿੰ. ਗੁਰਦੇਵ ਸਿੰਘ 125/-
- ਪਾਰੋ /ਪ੍ਰਿੰ. ਗੁਰਦੇਵ ਸਿੰਘ 125/-
- ਓਪਰਾ ਖੇਤ /ਦਰਸ਼ਨ ਸਿੰਘ ਗੁਰੂ 100/-
- ਧੂੰਏਂ ਹੇਠਲੀ ਅੱਗ /ਦਰਸ਼ਨ ਸਿੰਘ ਗੁਰੂ 120/-
- ਔੜ ਮਾਰੇ ਰੁੱਖ/ਨਛੱਤਰ ਗਿੱਲ 120/-
- ਕਣੀਆਂ/ਰਾਮ ਮੂਰਤ ਸਿੰਘ 10/-
- ਕਿਉੜੇ ਦੀ ਮਹਿਕ/ਚੇਤਨ ਸਿੰਘ 20/-
- ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ/ਡਾ. ਨਿਰਾਲਾ 30/-
- ਇਤਿਹਾਸ ਦੇ ਖਾਲੀ ਪੰਨੇ/ਨਿੰਦਰ ਘੁਗਿਆਣਵੀ 30/-
- ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ)/ਪ੍ਰੋ. ਹਰਭਜਨ 50/-
- ਅਣਗੌਲੇ ਆਦਮੀ/ਗੁਰਮੇਲ ਮਡਾਹੜ 30/-
- ਕੱਚੇ ਕੋਠਿਆਂ ਦੇ ਵਾਸੀ/ਗੁਰਮੇਲ ਮਡਾਹੜ 30/-
- ਜਾਗਦੇ ਲੋਕ/ਗੁਰਮੇਲ ਮਡਾਹੜ 30/-
- ਧਰਤੀ ਲਹੂ ਲੁਹਾਣ/ਗੁਰਮੇਲ ਮਡਾਹੜ 30/-
- ਜੰਗ ਜਾਰੀ ਹੈ/ਗੁਰਮੇਲ ਮਡਾਹੜ 30/-
- ਵਿਵਰਜਿਤ ਪੁਸਤਕ/ਸੁਲੱਖਣ ਮੀਤ (ਪ੍ਰੋ:) 30/-
- ਕੇਸੂ ਦੀ ਟਹਿਕ/ਗੁਰਪਾਲ ਸਿੰਘ ਨੂਰ 30/-
- ਅਹਿਸਾਸ/ਸਵਰਨ ਸਿੰਘ ਟਹਿਣਾ 25/-
- ਚਿੜੀਆਂ ਦਾ ਚੰਬਾ/ਭੁਪਿੰਦਰ ਸਿੰਘ ਬੇਦੀ 50/-
- ਮਿਲਿ ਕੈ ਕਰਹ ਕਹਾਣੀਆ/ਭੁਪਿੰਦਰ ਸਿੰਘ ਬੇਦੀ 50/-
- ਅੰਦਰਲੀਆਂ ਲਾਸ਼ਾਂ/ਸੁਲੱਖਣ ਮੀਤ (ਪ੍ਰੋ:) 30/-
- ਦਾਨਾ ਦੁਸ਼ਮਣ/ਸੁਲੱਖਣ ਮੀਤ (ਪ੍ਰੋ:) 30/-
- ਸੁਵਣੀ ਸੁਣੀ ਕਹਾਣੀਆਂ 20/-
- ਢਲਦੀ ਦੁਪਹਿਰ/ਭੋਲਾ ਸਿੰਘ ਸੰਘੇੜਾ 50/-

- ਅੱਲ੍ਹੇ ਜ਼ਖ਼ਮ/ਗੁਰਮੇਲ ਸਿੰਘ ਚਾਹਲ 20/-
- ਬਦਲਦੀ ਸੋਚ/ਅਮਨ ਰਣਜੀਤ 10/-
- ਓਪਰਾ ਖੇਤ/ਦਰਸ਼ਨ ਸਿੰਘ ਗੁਰੂ 80/-
- ਲੱਪ ਚਿਣਗਾਂ ਦੀ/ਸ਼ਿਵ ਇੰਦਰ ਸਿੰਘ 50/-
- ਕਾਹੀ ਵੱਢ/ਜੋਗੇ ਭੰਗਲ 50/-
- ਚਿੜੀਆਂ/ਪਰਮਜੀਤ ਪੰਮਾ ਪੇਂਟਰ 30/-
- ਲੇਖਾ/ਬੂਟਾ ਸਿੰਘ ਧਾਲੀਵਾਲ 30/-
- ਪੰਖ ਪਿੰਜਰਾ ਦੇ ਪਰਵਾਸ/ਪ੍ਰੋ. ਹਰਭਜਨ ਸਿੰਘ 100/-
- ਸਿਲਤ/ਸੁਰਿੰਦਰ ਬਰਾੜ 50/-
- ਆਦਿ ਅੰਤ/ਅਮਰ ਕੋਮਲ 100/-
- ਚੁੱਪ ਦੇ ਬੋਲ/ਭੁਪਿੰਦਰ 'ਜੈਤੋ' 30/-
- ਅਸੀਂ ਤੁਸੀਂ/ਡਾ. ਅਮਰ ਕੋਮਲ 50/-
- ਸੋਨ ਮਿਰਗ ਦੀ ਵਾਰਤਾ/ਜਸਪਾਲ ਮਾਨ 200/-
- ਖਰੀਆਂ ਖਰੀਆਂ/ਅਮਰੀਕ ਤਲਵੰਡੀ 50/-
- ਹਾਰੀ ਜੰਗ ਦਾ ਨਾਇਕ/ਗੁਰਚਰਨ ਨੂਰਪੁਰ 30/-
- ਘੋੜੇ ਵਾਲਾ ਚੌਂਕ/ਅਮਰੀਕ ਤਲਵੰਡੀ 50/-
- ਗਮਾਂ ਦੀ ਪੰਡ/ਪ੍ਰਿੰ. ਗੁਰਦੇਵ ਸਿੰਘ 50/-
- ਵਿਲਕਦੀ ਗਰੀਬੀ/ਪ੍ਰਿੰ. ਗੁਰਦੇਵ ਸਿੰਘ 50/-
- ਪਾਲੀ/ਪ੍ਰਿੰ. ਗੁਰਦੇਵ ਸਿੰਘ 125/-
- ਸੋਮਪ੍ਰਭਾ/ਪ੍ਰਿੰ. ਗੁਰਦੇਵ ਸਿੰਘ 125/-
- ਸ਼ਬਦਾਂ ਦੀ ਪੁਸ਼ਾਕ/ਬੂਟਾ ਪੈਰਿਸ 50/-
- ਸਮੇਂ ਦਾ ਹਨੇਰਾ/ਮਹਿੰਦਰ ਸਿੰਘ ਢਿੱਲੋਂ 50/-
- ਚਾਨਣ ਮੁਨਾਰੇ /ਨਰਿੰਦਰ ਸਿੰਘ ਹਰੀਕਾ 30/-
- ਜ਼ਿੰਦਗੀ ਦੇ ਪੰਨੇ /ਅਮਰੀਕ ਸਿੰਘ ਸੰਘਰੇੜੀ 40/-

■ ਲੇਖ

- ਆਪਣਾ ਪੰਜਾਬੀ ਕੈਨੇਡਾ/ਤਰਲੋਚਨ ਸਿੰਘ ਗਿੱਲ 140/-
- ਅਮਰੀਕਾ ਕੈਨੇਡਾ ਤੇ ਪੰਜਾਬੀ/ਤਰਲੋਚਨ ਸਿੰਘ ਗਿੱਲ 140/-
- ਬਾਨਾਰਸਿ ਕੇ ਠਗ/ਡਾ. ਕੁਲਵੰਤ ਸਿੰਘ 150/-
- ਸਿੱਧੀਆਂ ਸਪਸ਼ਟ ਗੱਲਾਂ/ਸੁਖਿੰਦਰ 200/-
- ਜ਼ਿੰਦਾ ਦਿਲੀ ਹੈ ਜ਼ਿੰਦਗੀ/ਸੁਖਮਿੰਦਰ ਸ਼ਹਿਣਾ 40/-
- ਚੱਲਣਾ ਹੀ ਹੈ ਜ਼ਿੰਦਗੀ/ਡਾ. ਅਮਰ ਕੋਮਲ 50/-
- ਜੀਵਨ ਤਲਬ ਨਿਵਾਰਿ/ਜਸਵੰਤ ਸਿੰਘ ਅਗਿਆਨੀ 50/-
- ਵੇਲੇ ਕੁਵੇਲੇ/ਨਿੰਦਰ ਘੁਗਿਆਣਵੀ 30/-
- ਤੀਜੀ ਅੱਖ/ਅਮਰ ਕੋਮਲ 50/-
- ਵੰਨ-ਸੁਵੰਨ/ਪ੍ਰੋ. ਮਨਜੀਤ ਸਿੰਘ ਸਿੱਧੂ 100/-
- ਅੰਦਰ ਬਾਹਰ/ਡਾ. ਅਮਰ ਕੋਮਲ 50/-
- ਸੱਚ ਨੂੰ ਤੇ...../ਨਰਿੰਦਰ ਸਿੰਘ ਹਰੀਕਾ 50/-
- ਚੋਣਵੇਂ ਲੇਖ/ਪ੍ਰੋ. ਗੁਰਮੀਤ ਸਿੰਘ ਟਿਵਾਣਾ 100/-
- ਸੰਜੀਵਨੀ/ਡਾ. ਅਮਰ ਕੋਮਲ 100/-
- ਮੇਰੀ ਪੱਤਰਕਾਰੀ ਦੇ ਰੰਗ/ਪ੍ਰੋ. ਮਨਜੀਤ ਸਿੱਧੂ 100/-
- ਰਿਸ਼ਤਿਆਂ ਦਾ ਕਤਲ/ਡਾ. ਹਰੀਸ਼ ਮਲਹੋਤਰਾ 70/-
- ਮਸਤਕ ਦੀ ਦਸਤਕ /ਗਰਮੇਲ ਬੌਡੇ 150/-
- ਪੋਥੀ ਪਰਮੇਸ਼ਵਰ ਕਾ ਥਾਨੁ /ਜਸਵੰਤ ਅਗਿਆਨੀ 20/-

ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ, ਸਾਡੇ ਨੰਬਰ ਹਨ :

01679-241744, 233244

ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।













ਸ਼ੰਕਾ ਨਵਿਰਤੀ....?

ਪ੍ਰਸ਼ਨ : ਕੀ ਥੱਪੜ ਮਾਰਿਆ ਦੇਖਿਆ ਜਾ ਸਕਦਾ ਹੈ?

ਉੱਤਰ : ਜੀ ਹਾਂ ਜਿਸ ਥਾਂ 'ਤੇ ਥੱਪੜ ਮਾਰਿਆ ਜਾਂਦਾ ਹੈ ਉਸ ਥਾਂ ਤੋਂ ਕੁੱਝ ਨਾ ਕੁੱਝ ਮਨੁੱਖੀ ਸੈੱਲ ਜ਼ਖ਼ਮੀ ਹੋ ਜਾਂਦੇ ਹਨ। ਕਈ ਵਾਰ ਇਨ੍ਹਾਂ ਜ਼ਖ਼ਮੀ ਸੈੱਲਾਂ ਵਿਚੋਂ ਖ਼ੂਨ ਵੀ ਰਿਸ ਆਉਂਦਾ ਹੈ। ਜਿਸ ਕਰਕੇ ਉਸ ਥਾਂ 'ਤੇ ਲਾਲੀ ਆ ਜਾਂਦੀ ਹੈ। ਕਈ ਵਾਰ ਇਹ ਲਾਲੀ ਵਾਲਾ ਥਾਂ ਸੁੱਜ ਵੀ ਜਾਂਦਾ ਹੈ।

ਪ੍ਰਸ਼ਨ : ਕੀ ਫੁੱਲਾਂ ਦੀ ਸੁਗੰਧ ਦੇਖੀ ਜਾ ਸਕਦੀ ਹੈ?

ਉੱਤਰ : ਫੁੱਲਾਂ ਦੀ ਸੁਗੰਧ ਸਿਰਫ਼ ਦੇਖੀ ਹੀ ਨਹੀਂ ਜਾ ਸਕਦੀ ਸਗੋਂ ਇਕੱਠੀ ਵੀ ਕੀਤੀ ਜਾ ਸਕਦੀ ਹੈ। ਅਸਲ ਵਿਚ ਕਿਸੇ ਪਦਾਰਥ ਦੀ ਸੁਗੰਧ ਉਸ ਪਦਾਰਥ ਦੇ ਹਵਾ ਵਿਚ ਖਿੱਲਰੇ ਕਣ ਹੁੰਦੇ ਹਨ। ਆਮ ਤੌਰ 'ਤੇ ਫੁੱਲਾਂ ਵਾਲੀ ਥਾਂ ਤੋਂ ਜੋ ਸੁਗੰਧ ਆਉਂਦੀ ਹੈ ਇਹ ਫੁੱਲਾਂ ਵਰਗੀ ਹੁੰਦੀ ਹੈ, ਪਰ ਗੰਦ ਵਾਲੀ ਥਾਂ ਤੋਂ ਜੋ ਦੁਰਗੰਧ ਆਉਂਦੀ ਹੈ ਉਹ ਗੰਦ ਦੇ ਕਣ ਹੀ ਹੁੰਦੇ ਹਨ।

ਪ੍ਰਸ਼ਨ : ਲੱਕੜ ਵਿਚ ਅੱਗ ਵੇਖੀ ਜਾ ਸਕਦੀ ਹੈ?

ਉੱਤਰ : ਕਿਸੇ ਵੀ ਚੀਜ਼ ਦੇ ਜਲਣ ਲਈ ਤਿੰਨ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ।

1. ਜਲਣਸ਼ੀਲ ਪਦਾਰਥ
2. ਲੋੜੀਂਦਾ ਤਾਪਮਾਨ
3. ਜਲਣ ਲਈ ਸਹਾਈ ਗੈਸ

ਇਸ ਲਈ ਲੱਕੜ ਵਿਚਲੀ ਅੱਗ ਵੀ ਇਨ੍ਹਾਂ ਤਿੰਨੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਹੋਣ 'ਤੇ ਦਿਖਾਈ ਦੇ ਸਕਦੀ ਹੈ।

ਪ੍ਰਸ਼ਨ : ਕੀ ਟਿਮੋਥਾਇਆਲਗੀ ਨਾਂ ਦੀ ਗੋਲੀ ਕਿਸੇ ਬੰਦੇ ਨੂੰ ਸਮਾਧੀ ਵਿਚ ਲਿਜਾ ਸਕਦੀ ਹੈ?

ਉੱਤਰ : ਜੀ ਹਾਂ, ਥੋੜ੍ਹੀ ਬਹੁਤੀ ਨੀਂਦ ਤਾਂ ਆ ਸਕਦੀ ਹੈ, ਬੰਦੇ ਨੂੰ ਥੋੜ੍ਹਾ ਬਹੁਤ ਨਸ਼ਾ ਵੀ ਹੋ ਸਕਦਾ ਹੈ। ਜਿਸ ਕਰਕੇ ਉਹ ਮਹਿਸੂਸ ਕਰ ਸਕਦਾ ਹੈ ਕਿ ਸਮਾਧੀ ਵਿਚ ਹੈ, ਪਰ ਸਰੀਰ ਨੂੰ ਅਵੇਸਲਾ ਕਰਨ ਦਾ ਕੀ ਫ਼ਾਇਦਾ ਹੋਵੇਗਾ।

ਪ੍ਰਸ਼ਨ : ਤਰਕਸ਼ੀਲ ਸੁਸਾਇਟੀ ਭਾਰਤ ਦੀਆਂ ਕੁੱਲ ਕਿੰਨੀਆਂ ਇਕਾਈਆਂ ਹਨ?

ਉੱਤਰ : ਤਰਕਸ਼ੀਲ ਸੁਸਾਇਟੀ ਭਾਰਤ ਦੀਆਂ ਕਾਫ਼ੀ ਇਕਾਈਆਂ ਹਨ। ਇਨ੍ਹਾਂ ਵਿਚੋਂ ਸਮੇਂ-ਸਮੇਂ ਸਿਰ ਕੁਝ ਇਕਾਈਆਂ ਸਰਗਰਮ ਹੋ ਜਾਂਦੀਆਂ ਹਨ ਅਤੇ ਕੁਝ ਗ਼ੈਰ-ਸਰਗਰਮ ਰਹਿੰਦੀਆਂ ਹਨ। ਜਦੋਂ ਵੀ ਉਨ੍ਹਾਂ ਨੂੰ ਕੋਈ ਸਰਗਰਮੀ ਕਰਨ ਦਾ ਮੌਕਾ ਮਿਲਦਾ ਹੈ, ਉਹ ਸਰਗਰਮ ਹੋ ਜਾਂਦੀਆਂ ਹਨ।

ਪ੍ਰਸ਼ਨ : ਤਰਕਸ਼ੀਲ ਸੁਸਾਇਟੀ ਭਾਰਤ ਦੇ ਕੁੱਲ ਮੈਂਬਰਾਂ ਦੀ ਸੰਖਿਆ ਕਿੰਨੀ ਹੈ?

ਉੱਤਰ : ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਦੀ ਗਿਣਤੀ ਵੀ ਵਧਦੀ ਘਟਦੀ ਰਹਿੰਦੀ ਹੈ। ਉਂਝ ਇਸ ਸੰਸਥਾ ਦੇ ਮੈਂਬਰਾਂ ਦੀ ਗਿਣਤੀ 300 ਦੇ ਕਰੀਬ ਹੈ।

ਪ੍ਰਸ਼ਨ : ਵਿਗਿਆਨਜੋਤ ਦੀ ਛਪਣ ਗਿਣਤੀ ਕੀ ਹੈ?

ਉੱਤਰ : ਵਿਗਿਆਨ ਜੋਤ ਪੰਜ ਕੁ ਹਜ਼ਾਰ ਦੀ ਗਿਣਤੀ ਵਿਚ ਛਪਦਾ ਹੈ। ਕਈ ਵਾਰ ਇਹ ਗਿਣਤੀ ਵਧ ਜਾਂਦੀ ਹੈ ਤੇ ਕਈ ਵਾਰ ਘਟ ਵੀ ਜਾਂਦੀ ਹੈ। – ਗੁਰਬੀਰ ਲਹਿਲ ਕਲਾਂ

ਪ੍ਰਸ਼ਨ : ਜਦੋਂ ਕਦੇ ਸੂਰਜ ਗ੍ਰਹਿਣ ਲੱਗਣ ਦਾ ਮੌਕਾ ਆਉਂਦਾ ਹੈ ਤਾਂ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਲੋਕਾਂ ਨੂੰ ਪਹਿਲਾਂ ਹੀ ਸੁਚੇਤ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਜੇ ਤੁਸੀਂ ਸੂਰਜ ਗ੍ਰਹਿਣ ਨੂੰ ਨੰਗੀ ਅੱਖ ਨਾਲ ਦੇਖੋਗੇ ਤਾਂ ਤੁਸੀਂ ਅੰਨ੍ਹੇ ਹੋ ਜਾਵੋਗੇ? ਪਰ ਜੰਗਲਾਂ ਵਿਚ ਪਸ਼ੂ ਪੰਛੀਆਂ ਨੂੰ ਕੌਣ ਸਮਝਾਉਂਦਾ ਹੈ? ਕੀ ਉਹ ਅੰਨ੍ਹੇ ਨਹੀਂ ਹੁੰਦੇ?

ਉੱਤਰ : ਇਸ ਗੱਲ ਵਿਚ ਕੋਈ ਸ਼ੰਕਾ ਨਹੀਂ ਕਿ ਗ੍ਰਹਿਣ ਸਮੇਂ ਸੂਰਜੀ ਪ੍ਰਕਾਸ਼ ਤੇਜ਼ ਹੁੰਦਾ ਹੈ। ਇਸ ਲਈ ਉਸ ਵੱਲ ਵੇਖਣ 'ਤੇ ਨਿਗ੍ਹਾ ਦਾ ਨੁਕਸਾਨ ਹੋ ਜਾਣਾ ਸੰਭਵ ਹੁੰਦਾ ਹੈ ਪਰ ਪਸ਼ੂ ਪੰਛੀਆਂ ਦੀਆਂ ਅੱਖਾਂ ਦੀ ਬਣਤਰ ਇਸ ਕਿਸਮ ਦੀ ਹੁੰਦੀ ਹੈ ਕਿ ਉਨ੍ਹਾਂ ਉੱਪਰ ਸੂਰਜ ਦੀ ਰੌਸ਼ਨੀ ਦਾ ਅਸਰ ਘੱਟ ਹੁੰਦਾ ਹੈ। ਜੇ ਹੋ ਵੀ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੁੰਦੀ।

ਪ੍ਰਸ਼ਨ : ਵਰਖਾ ਹੋਣ ਤੋਂ ਬਾਅਦ ਅਸਮਾਨ ਵਿਚ ਜੋ ਸਤਰੰਗੀ ਪੀਂਘ ਬਣ ਜਾਂਦੀ ਹੈ ਉਹ ਗੋਲ ਕਿਉਂ ਹੁੰਦੀ ਹੈ?

ਉੱਤਰ : ਅਸੀਂ ਜਾਣਦੇ ਹਾਂ ਕਿ ਧਰਤੀ ਗੋਲ ਹੈ ਅਤੇ ਅਸੀਂ ਜਿਸ ਅਰਧ ਗੋਲੇ ਵਿਚ ਰਹਿੰਦੇ ਹਾਂ ਪਾਣੀਆਂ ਦੀਆਂ ਬੂੰਦਾਂ ਵੀ ਉਸੇ ਔਸਤਨ ਉਚਾਈ ਵਿਚ ਵਾਯੂਮੰਡਲ ਵਿਚ ਹੁੰਦੀਆਂ ਹਨ। ਸਾਡਾ ਵਾਯੂਮੰਡਲ ਵੀ ਇਸੇ ਤਰ੍ਹਾਂ ਗੋਲਾਈ ਵਿਚ ਹੁੰਦਾ ਹੈ। ਇਸ ਲਈ ਇਨ੍ਹਾਂ ਬੂੰਦਾਂ ਵਿਚੋਂ ਨਿੱਕਲ ਕੇ ਪ੍ਰਕਾਸ਼ ਦੀਆਂ ਕਿਰਨਾਂ ਜੋ ਸੱਤਰੰਗੀ ਪੀਂਘ ਬਣਾਉਂਦੀ ਹੈ ਉਹ ਅਰਧ ਗੋਲਾਈ ਵਿਚ ਹੁੰਦੀ ਹੈ।

ਪ੍ਰਸ਼ਨ : ਲਾਜਵੰਤੀ ਦੇ ਪੱਤੇ ਹੱਥ ਲਾਉਣ ਨਾਲ ਮੁਰਝਾ ਕਿਉਂ ਜਾਂਦੇ ਹਨ?

ਉੱਤਰ : ਲਾਜਵੰਤੀ ਦੇ ਪੱਤਿਆਂ ਨੂੰ ਜਦੋਂ ਹੱਥ ਲਾਇਆ ਜਾਂਦਾ ਤਾਂ ਉਨ੍ਹਾਂ ਉੱਪਰ ਥੋੜ੍ਹਾ ਜਿਹਾ ਦਬਾਅ ਪੈਂਦਾ ਹੈ। ਜਿਸ ਕਾਰਨ ਉਹ ਮੁਰਝਾ ਜਾਂਦੇ ਹਨ।

ਪ੍ਰਸ਼ਨ : ਮਿੱਤਰ ਜੀ ਕੱਦੂ ਤੋਰੀਆਂ ਦੀਆਂ ਵੇਲਾਂ ਨੇੜਲੇ ਸਹਾਰੇ ਵੱਲ ਨੂੰ ਕਿਸ ਸਿਧਾਂਤ ਰਾਹੀਂ ਵਧਦੀਆਂ ਅਤੇ ਝੁਕਦੀਆਂ ਹਨ?

ਉੱਤਰ : ਕੁਦਰਤੀ ਸੰਘਰਸ਼ ਰਾਹੀਂ ਵੇਲਾਂ ਨੇ ਇਹ ਗੁਣ ਪ੍ਰਾਪਤ ਕੀਤਾ ਹੈ। ਵਿਗਿਆਨਕ ਸ਼ਬਦਾਵਲੀ ਵਿਚ ਵੇਲਾਂ ਨੂੰ ਕਲਾਈਂਬਰ ਕਿਹਾ ਜਾਂਦਾ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਕਲਾਈਂਬਰ ਪੌਦਿਆਂ ਦੀ ਉਹ ਜਾਤੀ ਹੈ ਜਿਸ ਨੂੰ ਕਾਫ਼ੀ ਸਾਰੇ ਪੌਦਿਆਂ ਵਿਚੋਂ ਆਪਣੀ ਹੋਂਦ ਕਾਇਮ ਰੱਖਣ ਲਈ ਕਿਸੇ ਸਹਾਰੇ ਰਾਹੀਂ ਉਪਰ ਵੱਲ ਨੂੰ ਜਾਣ ਦਾ ਗੁਣ ਮਿਲਿਆ ਹੈ।

ਪ੍ਰਸ਼ਨ : ਮਿੱਤਰ ਜੀ ਸ਼ਹਿਰ ਵਿਚ ਪਿੰਡਾਂ ਦੇ ਮੁਕਾਬਲੇ ਦਰੱਖਤ ਬਹੁਤ ਘੱਟ ਹੁੰਦੇ ਹਨ ਜਿਸ ਕਾਰਨ ਗਰਮੀ ਤੇ ਪ੍ਰਦੂਸ਼ਣ ਵੱਧ ਹੁੰਦਾ ਹੈ, ਪਰ ਫਿਰ ਵੀ ਪਿੰਡਾਂ ਦੇ ਮੁਕਾਬਲੇ ਮੈਂ ਸ਼ਹਿਰ ਵਿਚ ਵਧੇਰੇ ਗਿਣਤੀ ਵਿਚ ਮੀਂਹ ਪੈਂਦਾ ਨੋਟ ਕੀਤਾ ਹੈ, ਅਜਿਹਾ ਕਿਉਂ ਵਾਪਰਦਾ ਹੈ?

ਉੱਤਰ : ਮੀਂਹ ਦੇ ਬੱਦਲਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਜਿਸ ਸਥਾਨ 'ਤੇ ਬਰਸਾਤ ਕਰ ਰਹੇ ਹਨ ਕੀ ਉਹ ਸ਼ਹਿਰ ਹੈ ਜਾਂ ਪਿੰਡ। ਸ਼ਹਿਰਾਂ ਉਪਰ ਵਾਯੂਮੰਡਲ ਪਿੰਡਾਂ ਦੇ ਮੁਕਾਬਲੇ ਜ਼ਿਆਦਾ ਗਰਮ ਅਤੇ ਹਲਕਾ ਹੁੰਦਾ ਹੈ। ਇਸ ਲਈ ਬੱਦਲ ਹਮੇਸ਼ਾਂ ਹੀ ਘੱਟ ਦਬਾਓ ਵਾਲੇ ਸਥਾਨਾਂ ਵੱਲ ਨੂੰ ਵੱਧ ਰੁਖ ਕਰਦੇ ਹਨ।



ਪ੍ਰਸ਼ਨ : ਸੱਪ ਦੀ ਜ਼ਹਿਰ ਚੂਸਣ

'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :

ਮੇਘ ਰਾਜ ਮਿੱਤਰ

ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ

ਵਾਲੇ ਮਣਕੇ ਬਾਰੇ ਬਹੁਤ ਸੁਣਿਆ ਹੈ, ਇਹ ਜ਼ਹਿਰ ਹੀ ਕਿਉਂ ਚੂਸਦਾ ਹੈ?

-ਗੁਰਪ੍ਰੀਤ ਮੱਲੋਕੇ

ਉੱਤਰ : ਸੱਪ ਦੇ ਜ਼ਹਿਰ ਨੂੰ ਚੂਸਣ ਵਾਲਾ ਕੋਈ ਵੀ ਮਣਕਾ ਨਹੀਂ ਹੁੰਦਾ, ਇਸ ਲਈ ਇਸ ਬਾਰੇ ਫੈਲੀਆਂ ਅਫ਼ਵਾਹਾਂ ਸਭ ਝੂਠ ਹਨ।

-o-

ਵਿਗਿਆਨ ਜੋਤ ਦੇ ਪਿਛਲੇ ਅੰਕ ਵਿਚ ਕੱਦੂ ਦੀ ਮਲਕੀਅਤ ਬਾਰੇ ਜੋ ਸਵਾਲ ਪਾਠਕਾਂ ਤੇ ਛੱਡਿਆ ਸੀ ਉਸਦੇ ਜਵਾਬ

ਉੱਤਰ : ਕੱਦੂ ਉੱਪਰ ਹੱਕ ਉਸ ਆਦਮੀ ਦਾ ਹੀ ਹੈ ਜਿਸ ਦੇ ਕਬਜੇ ਵਾਲੀ ਜਗ੍ਹਾ ਵਿਚ ਉਸਦੀ ਜੜ੍ਹ ਹੈ, ਕਿਉਂਕਿ ਉਸ ਨੇ ਵੇਲ ਦਾ ਬੀਜ ਮਿਹਨਤ ਕਰਕੇ ਲਾਇਆ ਅਤੇ ਉਸ ਦਾ ਪਾਲਣ ਪੋਸ਼ਣ ਕੀਤਾ। ਜਿਸਦੇ ਘਰ ਵੇਲ ਚਲੀ ਗਈ ਉਸ ਨੂੰ ਕੇਵਲ ਵੇਲ ਆਪਣੇ ਖੇਤਰ 'ਚੋਂ ਪਾਸੇ ਕਰਵਾਉਣ ਦਾ ਹੱਕ ਹੈ ਨਾ ਕਿ ਕੱਦੂ ਉੱਪਰ ਹੱਕ ਜਿਤਾਉਣ ਦਾ ਬਣਦਾ ਹੈ।

-ਗੁਰਪ੍ਰੀਤ ਮੱਲੋਕੇ

ਪਿਆਰੇ ਮਿੱਤਰ ਜੀ, ਤਰਕ ਸਲਾਮ !

ਪਹਿਲਾਂ ਤਾਂ ਮੈਂ ਸਵਾਲ ਕਰਨ ਵਾਲੇ ਵੀਰ ਦਾ ਸਵਾਗਤ ਕਰਦਾ ਹਾਂ, ਜਿਸ ਨੇ ਇਕ ਬਹੁਤ ਹੀ ਵਧੀਆ ਸਵਾਲ ਕੀਤਾ ਏ, ਹੁਣ ਸਭ ਤੋਂ ਪਹਿਲਾਂ ਤਾਂ ਇਹ ਗੱਲ ਜ਼ਾਹਿਰ ਹੁੰਦੀ ਏ ਕਿ ਤੁਹਾਡੇ ਗੁਆਂਢੀ ਨਾਲ ਸਬੰਧ ਬਹੁਤ ਵਧੀਆ ਨੇ ਜੇ ਤੁਹਾਡੇ ਸਬੰਧ ਵਧੀਆ ਨਾ ਹੁੰਦੇ ਤਾਂ ਉਹ ਵੇਲ ਤੁਹਾਡੇ ਘਰ ਆਉਣ ਹੀ ਨਾ ਦਿੰਦਾ ਤੇ ਤੁਸੀਂ ਵੀ ਫਲ ਤਾਂ ਕੀ ਫੁੱਲ ਲੱਗਣ ਤੋਂ ਪਹਿਲਾਂ ਹੀ ਉਸ ਨੂੰ ਰੋਕ ਦਿੰਦੇ।

ਇੱਥੇ ਹੀ ਮੈਂ ਇਕ ਉਦਾਹਰਨ ਦੇਣੀ ਚਾਹਾਂਗਾ ਕਿ ਅਗਰ ਇਸੇ ਤਰ੍ਹਾਂ ਜੇ ਤੁਹਾਡੇ ਗੁਆਂਢੀ ਦਾ ਛੋਟਾ ਜਿਹਾ ਬੱਚਾ ਖੇਡਦਾ ਤੁਹਾਡੇ ਘਰ ਆ ਜਾਵੇ ਤਾਂ ਉਹ ਤੁਹਾਡਾ ਨਹੀਂ ਹੋਣ ਲੱਗਿਆ, ਹੋਵੇਗਾ ਤਾਂ ਉਸੇ ਦਾ ਜਿਸ ਨੇ ਉਸਨੂੰ ਜਨਮ ਦਿੱਤਾ ਏ ਅਤੇ ਉਸਦਾ ਪਾਲਣ ਪੋਸ਼ਣ ਕੀਤਾ ਹੈ। ਪਰ ਘਰ ਅਤੇ ਬੱਚੇ ਨਾਲ ਤੁਸੀਂ ਕੀ ਵਰਤਾਓ ਕਰਨਾ ਏ, ਇਹ ਤੁਹਾਡੇ ਗੁਆਂਢੀ ਨਾਲ ਸਬੰਧ ਅਤੇ ਜਾਂ ਤੁਹਾਡੀ ਇਮਾਨਦਾਰੀ ਤੇ ਨਿਰਭਰ ਹੋਵੇਗਾ। ਹੁਣ ਜਿਥੋਂ ਤੱਕ ਵੇਲ ਦਾ ਸਵਾਲ ਏ ਪੈਦਾਵਾਰੀ ਹੱਕ ਤਾਂ ਤੁਹਾਡੇ ਗੁਆਂਢੀ ਦਾ ਹੀ ਏ ਪਰ ਵੇਲ ਤੁਹਾਡੇ ਲਈ ਬਿਨਾਂ ਬੁਲਾਇਆਂ ਮਹਿਮਾਨ ਜ਼ਰੂਰ ਏ ਪਰ ਹੁਣ ਤੁਸੀਂ ਮਹਿਮਾਨ ਨਾਲ ਕੀ ਵਰਤਾਰਾ ਕਰਨਾ ਏ ਇਹ ਤੁਹਾਡੀ ਆਪਣੀ ਸੋਚ 'ਤੇ ਨਿਰਭਰ ਏ।

-ਭੋਲਾ ਨੰਬਰਦਾਰ, ਦਿਆਲਪੁਰਾ (ਮਾਨਸਾ) 98158-95190

ਸਤਿਕਾਰਯੋਗ ਸਾਥੀ ਮੇਘ ਰਾਜ ਮਿੱਤਰ ਜੀ,

ਮੇਰਾ ਖ਼ਿਆਲ ਹੈ ਕਿ ਵੈਸੇ ਤਾਂ ਕੱਦੂਆਂ ਦੇ ਅਸਲੀ ਹੱਕਦਾਰ ਉਨ੍ਹਾਂ ਦੇ ਗੁਆਂਢੀ ਹੀ ਹਨ, ਪਰ ਜਦੋਂ ਕਿ ਕੱਦੂਆਂ ਦੀ ਵੇਲ ਤੁਹਾਡੀ ਆਪਣੀ ਕੰਧ ਤੇ ਆ ਗਈ ਹੈ ਤਾਂ ਉਨ੍ਹਾਂ ਨੂੰ ਤੋੜਨ ਵਿਚ ਕੋਈ ਹਰਜ਼ ਨਹੀਂ ਹੈ, ਕਿਉਂਕਿ ਉਹ ਤੁਹਾਡੇ ਆਪਣੇ ਘਰ ਵਿਚ ਹੈ ਇਸ ਲਈ ਇਸ ਵਿਚ ਬੇਈਮਾਨੀ ਵਾਲੀ ਤਾਂ ਕੋਈ ਗੱਲ ਹੈ ਹੀ ਨਹੀਂ। ਇਸਦਾ ਮਤਲਬ ਇਹ ਹੈ ਕਿ ਤੁਸੀਂ ਵੀ ਉਨ੍ਹਾਂ ਕੱਦੂਆਂ ਦੇ ਉਨ੍ਹੇ ਹੀ ਹੱਕਦਾਰ ਹੋ ਜਿੰਨੇ ਕਿ ਤੁਹਾਡੇ ਗੁਆਂਢੀ ਹਨ।

-ਨਰੇਸ਼ ਕੁਮਾਰ, 97814-53061

ਤੁਹਾਡਾ ਗੁਆਂਢੀ ਲਾਪ੍ਰਵਾਹ ਹੈ। ਉਸਨੇ ਕੱਦੂ ਦੀ ਵੇਲ ਦੀ ਸੰਭਾਲ ਨਹੀਂ ਕੀਤੀ। ਵੇਲ ਨੂੰ ਵਧਣ-ਫੁੱਲਣ ਲਈ ਥਾਂ ਦੀ ਵੀ ਲੋੜ ਹੁੰਦੀ ਹੈ। ਜੇ ਤੁਹਾਡਾ ਗੁਆਂਢੀ ਧਿਆਨ ਦਿੰਦਾ ਤਾਂ ਉਹ ਮੋੜੀ ਗੱਡਕੇ ਜਾਂ ਰੱਸੀਆਂ ਵਗ਼ੈਰਾ ਬੰਨ੍ਹਕੇ ਵੇਲ ਉਨ੍ਹਾਂ ਉਪਰ ਚੜ੍ਹਾ ਸਕਦਾ ਸੀ। ਪ੍ਰੰਤੂ ਉਸ ਨੇ ਅਜਿਹਾ ਨਹੀਂ ਕੀਤਾ ਕਿ ਵੇਲ ਨੂੰ ਆਪਣੇ ਬਗੀਚੇ ਤੱਕ ਸੀਮਤ ਰੱਖਿਆ ਜਾ ਸਕੇ। ਜਿਸ ਕਰਕੇ ਵੇਲ ਕੁਦਰਤੀ ਤੌਰ 'ਤੇ ਵਧਕੇ ਤੁਹਾਡੇ ਵਿਹੜੇ ਤੱਕ ਆ ਗਈ ਅਤੇ ਕੱਦੂ ਵੀ ਲੱਗ ਗਏ ਹਨ। ਇਸ ਲਈ ਹੁਣ ਤੁਹਾਨੂੰ ਤੁਹਾਡੇ ਵਿਹੜੇ ਵਾਲੇ ਪਾਸੇ ਵੇਲ 'ਤੇ ਲੱਗੇ ਕੱਦੂ ਤੋੜਨ ਦਾ ਹੱਕ ਹੈ। ਅਗਰ ਤੁਹਾਡਾ ਗੁਆਂਢੀ ਤੁਹਾਡੇ ਦੁਆਰਾ ਕੱਦੂ ਤੋੜੇ ਜਾਣ 'ਤੇ ਇਤਰਾਜ਼ ਕਰਦਾ ਹੈ ਤਾਂ ਤੁਸੀਂ ਉਸਨੂੰ ਕਹਿ ਸਕਦੇ ਹੋ ਕਿ ਉਹ ਆਪਣੀ ਵੇਲ ਆਪਣੇ ਬਗ਼ੀਚੇ ਤੱਕ ਸੀਮਤ ਰੱਖੇ।

-ਰਣਦੀਪ ਵਿੱਕੀ,

ਪਿੰਡ ਤੇ ਡਾਕ : ਸੰਗਤਪੁਰਾ ਨੇੜੇ : ਲਹਿਰਾਗਾਗਾ

ਜ਼ਿਲ੍ਹਾ : ਸੰਗਰੂਰ-148031

ਸਤਿਕਾਰਯੋਗ ਸਾਥੀ ਮੇਘ ਰਾਜ ਮਿੱਤਰ ਜੀ,

ਜੈ ਵਿਗਿਆਨ

1. ਮੇਰਾ ਤਰਕ ਇਹ ਹੈ ਕਿ ਜਿਸ ਆਦਮੀ ਨੇ ਬੀਜ ਲਾ ਕੇ ਕੱਦੂ ਪੈਦਾ ਕੀਤਾ ਹੈ ਤੇ ਲੋੜ ਪੈਣ ਤੇ ਪਾਣੀ ਦਿੱਤਾ ਹੈ ਕੱਦੂ ਦਾ ਅਸਲ ਮਾਲਕ ਓਹੀ ਹੈ। ਗੁਆਂਢੀ ਉਸਨੂੰ ਦੱਸਕੇ ਕੱਦੂ ਤੋੜ ਸਕਦਾ ਹੈ ਆਪਣਾ ਹੱਕ ਜਿਤਾ ਕੇ ਨਹੀਂ।

2. ਜੇ ਗੁਆਂਢੀਆਂ ਦਾ ਬੱਚਾ ਗੇਂਦ ਨਾਲ ਆਪਣੇ ਘਰ ਵਿਚ ਖੇਡ ਰਿਹਾ ਹੋਵੇ ਤੇ ਉਹ ਗੇਂਦ ਦੂਜੇ ਗੁਆਂਢੀ ਦੇ ਘਰ ਚਲੀ ਜਾਵੇ ਤਾਂ ਕੀ ਉਹ ਗੇਂਦ ਦੂਜੇ ਗੁਆਂਢੀ ਦੀ ਹੀ ਹੋ ਜਾਵੇਗੀ, ਕਦੀ ਵੀ ਨਹੀਂ।

3. ਤੀਜਾ ਤਰਕ ਨੈਤਿਕਤਾ ਦੇ ਆਧਾਰ 'ਤੇ ਸਾਂਝੀ ਨੈਤਿਕਤਾ ਇਹ ਨਹੀਂ ਕਹਿੰਦੀ ਕਿ ਭੁਲੇਖੇ ਨਾਲ ਗੁਆਂਢੀਆਂ ਦੀ ਚੀਜ਼ ਦੂਜੇ ਗੁਆਂਢੀ ਦੇ ਘਰ ਚਲੀ ਜਾਵੇ ਤਾਂ ਉਹ ਚੀਜ਼ ਉਸਦੀ ਹੋ ਜਾਵੇਗੀ। ਬਿਲਕੁਲ ਨਹੀਂ ਹੋ ਸਕਦੀ।

*- **ਸੁਖਦੇਵ ਚੰਦ**, ਰਿਟਾ: ਹੈਡ ਟੀਚਰ, ਸ.ਭ.ਸ. ਨਗਰ, ਬਰਨਾਲਾ*

ਕੱਦੂ ਦੀ ਵੇਲ ਲਗਾਉਣ ਵਾਲੇ ਨੇ ਵੇਲ ਆਪਣੇ ਫ਼ਾਇਦੇ ਵਾਸਤੇ ਲਗਾਈ ਸੀ, ਸੋ ਵੇਲ ਨੂੰ ਲੱਗੇ ਕੱਦੂਆਂ ਤੇ ਉਸਦਾ ਹੱਕ ਬਣਦਾ ਹੈ।

ਤੁਹਾਡਾ ਕਹਿਣਾ ਹੈ ਕਿ ਵੇਲ ਵਧ ਕੇ ਤੁਹਾਡੇ ਵਿਹੜੇ ਵਿਚ ਪਹੁੰਚ ਗਈ ਏ ਤੇ ਕੱਦੂ ਵੀ ਲੱਗ ਗਏ ਨੇ, ਪਰ ਜੇਕਰ ਤੁਸੀਂ ਆਪਣੇ ਵਿਹੜੇ ਵੱਲ ਆਉਂਦੀ ਵੇਲ ਨੂੰ ਵਧਣੋਂ ਰੋਕ ਦਿੰਦੇ, ਨਾ ਵੇਲ ਵਧਣੀ ਸੀ, ਨਾ ਹੀ ਕੱਦੂ ਲੱਗਣੇ ਸਨ। ਜਿੰਨੀ ਕੁ ਸਮਝ ਮੈਨੂੰ ਹੈ, ਉਸ ਮੁਤਾਬਿਕ ਵੇਲ ਨੂੰ ਤੋੜਨ ਜਾਂ ਮੋੜਨ ਨਾਲ ਉਸਦੇ ਵਾਧੇ 'ਤੇ ਅਸਰ ਪੈਂਦਾ ਹੈ। ਮਤਲਬ ਵੇਲ ਵਧਣ ਲਈ ਜ਼ਿਆਦਾ ਸਮਾਂ ਲੈਂਦੀ ਹੈ ਤੇ ਇਸਦਾ ਅਸਰ ਫਲ ਤੇ ਵੀ ਪੈਂਦਾ ਹੈ।

ਸੋ ਜਿਸ ਤਰ੍ਹਾਂ ਵੇਲ ਮਾਲਕ ਨੇ ਲਗਾਈ ਤੇ ਇਸ ਕਾਰਨ ਉਹ ਕੱਦੂਆਂ ਦਾ ਹੱਕਦਾਰ ਹੈ। ਇਸੇ ਤਰ੍ਹਾਂ ਤੁਸੀਂ ਵੇਲ ਨੂੰ ਵਧਣ ਵਿਚ ਸਹਾਇਤਾ ਪ੍ਰਦਾਨ ਕੀਤੀ ਹੈ। ਹੱਕਦਾਰ ਤੁਸੀਂ ਵੀ ਬਰਾਬਰ ਦੇ ਹੋ। ਇਸ ਗੱਲ ਨੂੰ ਸਮਝਦਾਰ ਵੇਲ ਮਾਲਕ ਵੀ ਚੰਗੀ ਤਰ੍ਹਾਂ ਸਮਝਦਾ ਹੋਣਾ ਏਂ। ਫਿਰ ਵੀ ਜੇ ਕੱਦੂ ਤੋੜਨ ਤੇ ਤੁਹਾਨੂੰ ਕੁੱਝ ਕਹਿੰਦਾ ਹੈ ਤਾਂ ਉਸਨੂੰ ਮੇਰੀ ਇਹ ਚਿੱਠੀ ਪੜ੍ਹਾ ਦਿਉ। ਉਹ ਵੀ ਤੁਹਾਡੇ ਨਾਲ ਸਹਿਮਤ ਹੋ ਜਾਵੇਗਾ।

ਚਲੋ ਫਿਰ ਤੋੜੋ ਕੱਦੂ ਤੇ ਕਰੋ ਸਬਜ਼ੀ ਤਿਆਰ।

-ਸੰਦੀਪ ਸਿੰਘ, ਡਾਕ : ਖੇੜੀ ਗੁਰਨਾ, ਤਹਿ : ਰਾਜਪੁਰਾ

ਜ਼ਿਲ੍ਹਾ : ਪਟਿਆਲਾ-140417

ਜ਼ਰੂਰੀ ਨੋਟ

ਜੇ ਕਿਸੇ ਸਾਥੀ ਨੂੰ 'ਵਿਗਿਆਨ ਜੋਤ' ਸਮੇਂ ਸਿਰ ਨਹੀਂ ਮਿਲਦਾ ਤਾਂ ਉਹ ਇਸਦੀ ਸ਼ਕਾਇਤ ਸਵੇਰੇ 9 ਵਜੇ ਤੋਂ 5 ਵੱਜੇ ਤੱਕ ਫ਼ੋਨ ਨੰਬਰ 01679-241744 'ਤੇ ਦਰਜ ਕਰਵਾਕੇ, ਮੈਗ਼ਜ਼ੀਨ ਦੁਆਰਾ ਮੰਗਵਾ ਸਕਦਾ ਹੈ।

ਵਾਸਤੂ ਫੇਂਗਸ਼ੂਈ

ਵਾਸਤੂਸ਼ਾਸਤਰ ਦੇ ਨਾਂ ਉੱਤੇ ਠੱਗੀ

ਫੇਂਗਸ਼ੂਈ ਦੀ ਓਟ ਵਿੱਚ ਠੱਗੀ ਦਾ ਕਾਰੋਬਾਰ ਚਹੁੰ ਪਾਸੇ ਪੈਰ ਪਸਾਰ ਚੁੱਕਾ ਹੈ। ਲੇਖਕ ਠੱਗੀ ਦੇ ਇਸ ਕਾਰੋਬਾਰ ਤੋਂ ਪਰਦਾ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮੈਂ ਇਕ ਦਿਨ ਜਦ ਹਸਪਤਾਲ ਵਿੱਚ ਮਰੀਜ਼ਾਂ ਨੂੰ ਦੇਖ ਰਿਹਾ ਸੀ ਤਦ ਮੇਰੇ ਕੋਲ ਇਕ ਡਾਕਟਰ ਦੋਸਤ ਦਾ ਫ਼ੋਨ ਆਇਆ ਕਿ ਉਹ ਆਪਣੇ ਇਕ ਵਾਕਿਫ਼ ਨੂੰ ਭੇਜ ਰਹੇ ਹਨ, ਜਿਹੜਾ ਤੁਹਾਡੇ ਨਾਲ ਨਿੱਜੀ ਚਰਚਾ ਕਰਨਾ ਚਾਹੁੰਦਾ ਹੈ। ਮੈਂ ਉਸਨੂੰ ਉਸ ਆਦਮੀ ਨੂੰ ਸ਼ਾਮ ਨੂੰ ਭੇਜਣ ਨੂੰ ਕਿਹਾ।

ਸ਼ਾਮ ਨੂੰ ਇਕ ਟੱਬਰ ਮੈਨੂੰ ਮਿਲਣ ਆਇਆ ਜਿਸ ਵਿੱਚ ਪਤੀ-ਪਤਨੀ ਅਤੇ 2 ਬੱਚੇ ਸਨ। ਉਹਨਾਂ ਨੇ ਮੈਨੂੰ ਦੱਸਿਆ ਕਿ ਵਪਾਰ ਵਿੱਚ ਕੁੱਝ ਨੁਕਸਾਨ ਹੋ ਜਾਣ ਨਾਲ ਉਹ ਫ਼ਿਕਰਮੰਦ ਹੋ ਗਏ ਸਨ ਅਤੇ ਇਕ ਜਾਣੂ ਦੀ ਸਲਾਹ ਉੱਤੇ ਇਕ ਫੇਂਗਸ਼ੂਈ ਮਾਹਿਰ ਨੂੰ ਮਿਲਣ ਗਏ ਸਨ ਜਿਹੜਾ ਫੇਂਗਸ਼ੂਈ ਵਾਸਤੂ ਸ਼ਾਸਤਰ ਦੇ ਦੁਆਰਾ ਵਿਅਕਤੀ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦਾ ਦਾਅਵਾ ਕਰਿਆ ਕਰਦਾ ਸੀ। ਉਸ ਦੇ ਵਿਗਿਆਪਨ ਅਕਸਰ ਅਖ਼ਬਾਰਾਂ ਅਤੇ ਟੀ. ਵੀ. ਉੱਤੇ ਦਿਖਾਏ ਜਾਂਦੇ ਸਨ।

ਉਹਨਾਂ ਨੇ ਉਸ ਫੇਂਗਸ਼ੂਈ ਮਾਹਿਰ ਦੀ ਸਲਾਹ ਉੱਤੇ ਅਲੱਗ-ਅਲੱਗ ਚੀਜ਼ਾਂ ਖਰੀਦੀਆਂ, ਬੈਠਣ-ਉੱਠਣ ਦੀਆਂ ਨਾ ਸਿਰਫ਼ ਦਿਸ਼ਾਵਾਂ ਬਦਲੀਆਂ, ਸਗੋਂ ਉਸ ਦੇ ਦੱਸੇ ਅਨੁਸਾਰ ਭਿੰਨ-ਭਿੰਨ ਪ੍ਰਯੋਗ ਵੀ ਕਰਦੇ ਰਹੇ। ਪਰੰਤੂ ਪਿਛਲੇ ਸਾਲ ਭਰ ਵਿੱਚ ਉਹਨਾਂ ਦਾ ਕਾਰੋਬਾਰੀ ਨੁਕਸਾਨ ਹੋਰ ਵੱਧ ਗਿਆ ਅਤੇ ਉਹ ਹੋਰ ਜ਼ਿਆਦਾ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹਨ ਹੁਣ ਉਹਨਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਫੇਂਗਸ਼ੂਈ ਦੀ ਆੜ ਵਿੱਚ ਉਨ੍ਹਾਂ ਤੋਂ ਅਲੱਗ-ਅਲੱਗ ਸਮਾਨ ਖਰੀਦ ਕਰਵਾਇਆ ਜਾ ਰਿਹਾ ਹੈ ਅਤੇ ਉਹ ਠੱਗੇ ਜਾ ਰਹੇ ਹਨ ਬਾਅਦ ਵਿੱਚ ਅਜਿਹੀ ਜਾਣਕਾਰੀ ਮੈਨੂੰ ਇੱਕ ਹੋਰ ਮਰੀਜ਼ ਨੇ ਦਿੱਤੀ।

ਪ੍ਰਾਚੀਨ ਚੀਨੀ ਵਾਸਤੂਸ਼ਾਸਤਰ ਦੇ ਨਾਂ ਉੱਤੇ ਫੇਂਗਸ਼ੂਈ ਦੇ ਸਮਾਨਾਂ ਅਤੇ ਸਲਾਹਕਾਰਾਂ ਦੀਆਂ ਦੁਕਾਨਾਂ ਆਮ ਲੋਕਾਂ ਵਿੱਚ ਵਧਦੀ ਹੋਈ ਪੈਸੇ ਦੀ ਇੱਛਾ ਅਤੇ ਬਿਨਾਂ ਮਿਹਨਤ ਦੇ ਚਮਤਕਾਰੀ ਢੰਗ ਨਾਲ ਸਫ਼ਲ ਹੋ ਜਾਣ ਦੀ ਇੱਛਾ ਦੇ ਕਾਰਨ ਚਲ ਰਹੀਆਂ ਹਨ। ਹਰ ਸਮੱਸਿਆ, ਚਾਹੇ ਉਹ ਨੌਕਰੀ, ਕਿੱਤਾ, ਤੰਦਰੁਸਤੀ, ਧਨ-ਦੌਲਤ, ਵਿਆਹ-ਸ਼ਾਦੀ ਦੀ ਹੋਵੇ ਉਸਨੂੰ ਫੇਂਗਸ਼ੂਈ ਦੇ ਨਿਯਮਾਂ ਅਤੇ ਵਸਤੂਆਂ ਨਾਲ ਸੁਲਝਾਉਣ ਦਾ ਦਾਅਵਾ ਕੀਤਾ ਜਾਂਦਾ ਹੈ।

ਫੇਂਗਸ਼ੂਈ ਦੇ ਚਮਤਕਾਰੀ ਸਫ਼ਲਤਾ ਦਿਵਾਉਣ ਵਾਲੇ ਨਿਯਮ ਨਾ ਸਿਰਫ਼ ਅਜੀਬੋਗਰੀਬ ਹੈ ਸਗੋਂ ਉਸ ਦੀਆਂ ਖਿਡੌਣੇਨੁਮਾ ਵਸਤੂਆਂ ਵੀ ਅਦਭੁੱਤਾ ਨਾਲ ਭਰਪੂਰ ਹਨ। ਆਓ, ਫੇਂਗਸ਼ੂਈ ਦੀਆਂ ਕੁੱਝ ਮਾਨਤਾਵਾਂ ਅਤੇ ਨਿਯਮਾਂ ਦੇ ਬਾਰੇ ਵਿੱਚ ਜ਼ਿਕਰ ਕਰੀਏ। ਫੇਂਗਸ਼ੂਈ ਦੇ ਅਨੁਸਾਰ ਪੈਸੇ ਦਾ ਬਹਾਉ ਜਲ ਵਰਗਾ ਸੌਖਾ ਬਣਿਆ ਰਹੇ ਇਸ ਲਈ ਘਰ ਦੇ ਬਾਹਰ ਦਰਵਾਜ਼ੇ ਉੱਤੇ ਪਾਣੀ ਦਾ ਫ਼ੁਹਾਰਾ ਬਣਾਉਣਾ ਚਾਹੀਦਾ ਹੈ। ਮਤਲਬ ਘਰ ਦੇ ਬਾਹਰੀ ਹਿੱਸੇ ਵਿੱਚ ਪਾਣੀ ਦਾ ਫ਼ੁਹਾਰਾ ਹੀ ਵਿਅਕਤੀ ਨੂੰ ਧਨ/ਜਾਇਦਾਦ ਦਿਵਾ ਸਕਦਾ ਹੈ, ਮਿਹਨਤ ਦੀ ਲੋੜ ਨਹੀਂ ਹੈ।

ਘਰ ਉੱਤੇ ਵਾਈਂਡ ਕਾਈਮਸ.....ਲਟਕਾਉਣ ਨਾਲ ਅਮੀਰੀ/ਐਸ਼ਵਰਜ਼ ਆਉਂਦੀ ਹੈ। ਮੰਨ ਲਉ ਉਹ ਪੈਸਿਆਂ ਦਾ ਝਾੜ ਹੈ ਅਤੇ ਹਵਾ ਚਲਦੇ ਸਾਰ ਹੀ ਜਿਸ ਤੋਂ ਪੈਸੇ ਝੜਨੇ ਸ਼ੁਰੂ ਹੋ ਜਾਣਗੇ।

ਇਕ ਹੋਰ ਦਿਲਚਸਪ ਮਾਨਤਾ ਦੇਖੋ ਘਰ ਵਿੱਚ Corridor ਕੌਰਈਡਾਰ (ਦਲਾਨ; ਲਾਂਘਾ; ਗਲਿਆਰਾ; ਰਸਤਾ) ਉੱਤੇ ਮੂਰਤੀ, ਬੂਟਾ ਜਾਂ ਭਾਰੀ ਭਾਰੀ ਵਸਤੂਆਂ ਲਗਾਉ ਤਾਂ ਜੋ ਘਰ ਤੋਂ ਊਰਜਾ ਬਾਹਰ ਨਾ ਨਿਕਲ ਸਕੇ। ਮੰਨ ਲਉ ਊਰਜਾ ਕੋਈ ਛੋਟੇ ਪੈਰਾਂ ਵਾਲਾ ਜਾਨਵਰ ਹੋਵੇ, ਜਿਹੜਾ ਘਿਸੜ-ਘਿਸੜ ਕੇ ਚਲਦਾ ਹੋਵੇ। ਇਕ ਵਿਦਿਆਰਥਣ ਨੇ ਆਪਣੇ ਪੜ੍ਹਨ ਦੀ ਮੇਜ਼ ਉੱਤੇ Crystal ਕ੍ਰਿਸਟਲ : ਬਲੌਰੀ-ਸ਼ੀਸ਼ਾ ਲਗਾਇਆ ਹੋਇਆ ਸੀ ਤਾਂ ਜੋ ਉਹ ਫੇਂਗਸ਼ੂਈ ਦੇ ਨਿਯਮ ਦੇ ਅਨੁਸਾਰ ਊਰਜਾ ਨੂੰ ਆਪਣੇ ਵਿੱਚ ਕੇਂਦਰਿਤ ਕਰ ਸਕੇ। ਵਿਦਿਆਰਥਣ ਨੇ ਦੱਸਿਆ ਹੈ ਕਿ ਜੇਕਰ ਕ੍ਰਿਸਟਲ ਨਾ ਹੋਵੇ ਤਾਂ ਚਾਰ ਇੰਚ ਦਾ ਗੋਲ ਸ਼ੀਸਾ ਲਗਾਓ ਤਾਂ ਜੋ ਊਰਜਾ ਸਥਾਈ ਰਹੇਗੀ ਜਦ ਕਿ ਊਰਜਾ ਦੀ ਜੇਕਰ ਵਰਤੋਂ ਕੀਤੀ ਜਾਵੇ ਤਾਂ ਊਰਜਾ ਖਰਚ ਹੋਵੇਗੀ ਅਤੇ ਰੂਪ ਬਦਲ ਲਵੇਗੀ।

ਇਕ ਨੌਜਵਾਨ ਨੇ ਦੱਸਿਆ ਕਿ ਉਸਨੇ ਫੇਂਗਸ਼ੂਈ ਦੀ ਪ੍ਰਦਰਸ਼ਨੀ ਤੋਂ ਕੁੱਝ ਸਿੱਕੇ ਖਰੀਦੇ ਹਨ ਜਿਹਨਾਂ ਵਿੱਚ ਚੀਨੀ ਭਾਸ਼ਾ ਵਿੱਚ ਕੁੱਝ ਲਿਖਿਆ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਹਨਾਂ ਸਿੱਕਿਆਂ ਨੂੰ ਬਟੂਏ ਵਿੱਚ ਰੱਖਣ ਨਾਲ ਪਰਸ ਕਦੇ ਖਾਲੀ ਨਹੀਂ ਰਹੇਗਾ। ਜੇਕਰ ਸੱਚਮੁੱਚ ਵਿੱਚ ਅਜਿਹਾ ਹੈ ਤਾਂ ਅਜਿਹੇ ਚਮਤਕਾਰੀ ਸਿੱਕਿਆਂ ਨੂੰ ਤਾਂ ਸਰਕਾਰ ਨੂੰ ਆਪਣੇ ਖ਼ਜ਼ਾਨੇ ਵਿੱਚ ਰੱਖਣਾ ਚਾਹੀਦਾ ਹੈ ਤਾਂ ਜੋ ਸਰਕਾਰ ਦਾ ਕੋਸ਼ ਹਮੇਸ਼ਾ ਭਰਿਆ ਰਹੇ।

ਫੇਂਗਸ਼ੂਈ ਦੀ ਚਮਤਕਾਰੀ ਦੁਨੀਆਂ ਵਿੱਚ ਬਹੁਤ ਕੁੱਝ ਹੈ। ਇਕ ਆਦਮੀ ਨੇ ਆਪਣੇ ਘਰ ਉੱਤੇ ਇਕ ਮੋਟੇ ਜਿਹੇ ਵਿਅਕਤੀ ਦੀ ਮੂਰਤੀ ਲਗਾਈ ਹੋਈ ਹੈ। ਵਾਰ-ਵਾਰ ਪੁੱਛਣ ਉੱਤੇ ਦੱਸਿਆ ਕਿ ਇਹ ਫੇਂਗਸ਼ੂਈ ਦੇ ਲਾਫਿੰਗ ਬੁੱਧਾ ਹਨ ਜਿਹੜੇ ਅਮੀਰੀ ਲਿਆਉਂਦੇ ਹਨ ਜਦ ਕਿ ਨਾ ਤਾਂ ਉਹ ਮੂਰਤੀ ਕਿਸੇ ਕੋਨੇ ਤੋਂ ਗੌਤਮ ਜਿਹੀ ਲਗ ਰਹੀ ਸੀ ਅਤੇ ਨਾ ਹੀ ਗੌਤਮ ਬੁੱਧ ਦੇ ਸਿਧਾਂਤਾਂ ਨਾਲ ਮੇਲ ਖਾ ਰਹੀ ਸੀ। ਬੁੱਧ ਨੇ ਤਾਂ ਸਾਰੇ ਰਾਜਸੀ ਸ਼ਾਨਸ਼ੌਕਤ, ਸੁੱਖ, ਜਾਇਦਾਦ/ ਧਨ ਦਾ ਤਿਆਗ ਕਰ ਕੇ ਲੋਕਾਂ ਨੂੰ ਸਬਰ, ਸੁੱਖ, ਸ਼ਾਂਤੀ ਦਾ ਸੁਨੇਹਾ ਦਿੱਤਾ ਸੀ, ਪਰੰਤੂ ਲਾਫਿੰਗ-ਬੁੱਧਾ ਤਾਂ ਲੋਕਾਂ ਵਿੱਚ ਧਨ ਇਕੱਠਾ ਕਰਨ ਦਾ ਜ਼ਰੀਆ ਬਣ ਰਿਹਾ ਹੈ। ਇਕ ਮਨ ਦੇ ਡਾਕਟਰ ਦੇ ਪਾਸ ਇਕ ਮਰੀਜ਼ ਪਹੁੰਚਿਆ ਅਤੇ ਬੋਲਿਆ ਕਿ ਉਸਨੂੰ ਸੁਪਨੇ ਵਿੱਚ Dragon ਡ੍ਰੈਗਨ : ਕਾਲਪਨਿਕ ਮਰਗਮੱਛ ਵਰਗਾ ਪਰਾਂ ਵਾਲਾ ਅਜਗਰ ਜੋ ਅੱਗ ਛੱਡਦਾ ਹੈ ; ਫਰਨੀਅਰ ਨਾਗ; ਦਿੱਸਦਾ ਹੈ। ਉਸਨੂੰ ਅਤੇ ਉਸਦੇ ਪਰਿਵਾਰ ਦੀ ਸੁਖਸ਼ਾਂਤੀ ਨੂੰ ਡ੍ਰੈਗਨ ਤੋਂ ਖ਼ਤਰਾ ਮਹਿਸੂਸ ਹੁੰਦਾ ਹੈ। ਜਦ ਮਨੋਰੋਗ ਡਾਕਟਰ ਨੇ ਉਸ ਤੋਂ ਵਿਸਥਾਰ ਨਾਲ ਜਾਣਕਾਰੀ ਲਈ ਤਦ ਪਤਾ ਚੱਲਿਆ ਕਿ ਉਸਨੇ ਫੇਂਗਸ਼ੂਈ ਮਾਹਿਰ ਨਾਲ ਸਲਾਹਮਸ਼ਵਰਾ ਕੀਤਾ ਸੀ, ਤਦ ਉਸਨੇ ਦੱਸਿਆ ਸੀ ਕਿ ਉਸ ਦੀ ਮੁਸੀਬਤਾਂ ਦੇ ਪਿੱਛੇ ਡ੍ਰੈਗਨ ਹੀ ਹੈ।

ਕੁੱਝ ਮਹੀਨੇ ਬਾਦ ਬਹੁਤ ਮੁਸ਼ਕਿਲ ਨਾਲ ਮਨੋਰੋਗ ਨਿਵਾਰਨ ਡਾਕਟਰ ਦੁਆਰਾ ਉਸ ਦੇ ਮਨ ਤੋਂ ਇਹ ਡ੍ਰੈਗਨ ਦਾ ਵਿਚਾਰ ਕੱਢਿਆ ਗਿਆ ਅਤੇ ਉਸਨੇ ਆਪਣਾ ਕੰਮ ਮਨ ਲਗਾ ਕੇ, ਯੋਜਨਾਬੱਧ ਢੰਗ ਨਾਲ ਕਰਨ ਦੀ ਸਲਾਹ ਦਿੱਤੀ ਗਈ।

ਅਜਿਹੇ ਵਿਚਾਰ ਅਤੇ ਵਸਤੂਆਂ ਨਾ ਸਿਰਫ਼ ਵਿਅਕਤੀ ਨੂੰ ਕਿਸਮਤਵਾਦੀ ਅਤੇ ਅੰਧਵਿਸ਼ਵਾਸੀ ਬਣਾਉਂਦੀਆਂ ਹਨ ਸਗੋਂ ਵਿਅਕਤੀ ਨੂੰ ਉਲਟ ਹਾਲਤਾਂ ਨਾਲ ਲੜਨ ਦੀ ਸਮਰੱਥਾ ਵਿੱਚ ਵੀ ਕਮੀ ਲਿਆਉਂਦੀਆਂ ਹਨ।

ਅਜਿਹੀ ਹੀ ਚਰਚਾ ਕੁੱਝ ਸਾਲ ਪਹਿਲਾਂ ਵਾਸਤੂਸ਼ਾਸਤਰ ਦੀ ਸੀ। ਹਰ ਗਲੀ ਮੁਹੱਲੇ ਵਿੱਚ ਵਸਤੂ ਸ਼ਾਸਤਰੀਆਂ ਦੀ ਜਮਾਤ ਪੈਦਾ ਹੋ ਗਈ ਸੀ, ਜੋ ਵਿਅਕਤੀ ਨੂੰ ਘਰ ਦੇ ਖੰਭੇ, ਖਿੜਕੀ, ਦਰਵਾਜੇ, ਬਿਜਲੀ ਦਾ ਮੀਟਰ, ਪਾਣੀ ਦੇ ਸੋਮੇ, ਰਸੋਈ, ਬੈਠਕ, ਸੋਫਾ, ਫਰਨੀਚਰ ਤਕ ਵਿੱਚ ਖਾਮੀਆਂ ਕੱਢ ਕੇ ਉਸਨੂੰ ਆਪਣੇ ਹਿਸਾਬ ਨਾਲ ਮੁੜ ਸਥਾਪਿਤ ਕਰਨ ਵਿੱਚ ਜੁੱਟ ਗਏ ਸਨ। ਪਰੰਤੂ ਢੰਗ ਨਤੀਜਾ ਨਾ ਮਿਲਣ ਨਾਲ ਇਹ ਵੀ ਜ਼ਿਆਦਾ ਨਾ ਚੱਲਿਆ।

ਕੋਈ ਵੀ ਵਿਅਕਤੀ ਮਕਾਨ ਆਪਣੀ ਸਹੂਲਤ ਲਈ, ਆਪਣੇ ਬਜਟ ਦੇ ਹਿਸਾਬ ਨਾਲ, ਪਲਾਟ ਦੀ ਪ੍ਰਾਪਤੀ ਦੇ ਆਧਾਰ ਤੋਂ ਹਵਾ, ਪਾਣੀ, ਰੋਸ਼ਨੀ ਨੂੰ ਧਿਆਨ ਵਿੱਚ ਰੱਖ ਕੇ ਬਣਵਾਉਂਦਾ ਹੈ। ਜੇਕਰ ਇਕ ਵਾਰ ਉਹ ਫੇਂਗਸ਼ੂਈ ਵਾਸਤੂ ਦੇ ਭਰਮ ਵਿੱਚ ਪੈ ਜਾਵੇ ਤਾਂ ਕਾਫ਼ੀ ਸਮੇਂ ਤੱਕ ਦੁਚਿੱਤੀ ਵਿੱਚ ਰਹਿੰਦਾ ਹੈ।

ਆਮ ਤੌਰ 'ਤੇ ਮਨੁੱਖ ਬਿਨਾਂ ਔਖਿਆਈਆਂ ਦੇ ਅਰਾਮ ਨਾਲ ਜੀਵਨ ਬਿਤਾਉਣਾ ਚਾਹੁੰਦਾ ਹੈ ਇਸ ਲਈ ਉਲਟ ਹਾਲਤਾਂ ਦੇ ਆਉਣ ਉੱਤੇ ਕਦੇ ਫੇਂਗਸ਼ੂਈ ਤਾਂ ਕਦੇ ਵਾਸਤੂ, ਕਦੇ ਭਵਿੱਖਫ਼ਲ ਅਤੇ ਰਾਹੂਕੇਤੂ ਦੇ ਭਰਮ ਵਿੱਚ ਫਸ ਜਾਂਦਾ ਹੈ। ਜੇਕਰ ਕਿਸੇ ਵਿਅਕਤੀ ਦੇ ਕੋਲ ਰੋਜ਼ੀ ਰੋਟੀ ਦਾ ਕੋਈ ਪੱਕਾ ਸਾਧਨ ਨਹੀਂ ਹੈ ਤਾਂ ਪਹਿਲਾਂ ਉਸਨੂੰ ਵਪਾਰ, ਨੌਕਰੀ ਦੇ ਜ਼ਰੀਏ ਤੋਂ ਆਪਣੀ ਰੋਜ਼ੀ ਰੋਟੀ ਨੂੰ ਨਿਯਮਿਤ ਕਰਨਾ ਚਾਹੀਦਾ ਹੈ। ਫੇਰ ਬੁਰੀਆਂ ਆਦਤਾਂ, ਚਸਕਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਜੋ ਉਸ ਦੇ ਪੈਸੇ ਫ਼ਜ਼ੂਲ ਦੇ ਕੰਮਾਂ ਵਿੱਚ ਖਰਚ ਨਾ ਹੋਣ, ਕਿਉਂਕਿ ਠੀਕ ਰਸਤੇ ਉੱਤੇ ਚੱਲ ਕੇ ਪੈਸੇ ਕਮਾਉਣ ਵਿਚ ਸਮਾਂ ਲਗਦਾ ਹੈ ਜਦ ਕਿ ਪੈਸੇ ਜਾਣ ਦੇ ਰਸਤੇ ਬਹੁਤ ਹਨ। ਇਹ ਨਹੀਂ ਕਿ ਅੰਧਵਿਸ਼ਵਾਸਾਂ ਦੇ ਚੱਕਰ ਵਿੱਚ ਪੈ ਕੇ ਘਰ ਦੇ ਬਾਹਰ ਮੂਰਤੀ, ਫ਼ੁਹਾਰਾ, ਪੌਦਾ ਰੱਖ ਕੇ ਬੇਫਿਕਰ ਹੋ ਗਏ।

ਮੂਲ • ਡਾਕਟਰ ਦਿਨੇਸ਼ ਮਿਸ਼ਰ
ਅਨੁਵਾਦਕ : ਪਵਨ ਕੁਮਾਰ ਰੱਤੋਂ

ਝੂਠ ਫੜਨ ਵਾਲੀਆਂ ਵਿਗਿਆਨਕ ਤਰਕੀਬਾਂ

ਪਾਲੀਗਰਾਫ਼ ਟੈਸਟ : ਪਾਲੀਗਰਾਫ਼ ਮਸ਼ੀਨ ਇਕ ਇਸ ਤਰ੍ਹਾਂ ਦਾ ਉਪਕਰਨ ਹੈ ਜੋ ਰਕਤਚਾਪ, ਨਬਜ਼, ਸਾਹ ਦੀ ਗਤੀ ਆਦਿ ਨੂੰ ਉਸ ਵਕਤ ਨਾਪਦਾ ਹੈ ਜਦੋਂ ਕਿਸੇ ਵਿਅਕਤੀ ਤੋਂ ਲਗਾਤਾਰ ਪ੍ਰਸ਼ਨ ਪੁੱਛੇ ਜਾਂਦੇ ਹੋਣ। ਜਿਸ ਵਿਚ ਆਮ ਤੌਰ 'ਤੇ ਉਹ ਝੂਠ ਨਹੀਂ ਬੋਲ ਸਕਦਾ। ਉਦਾਹਰਨ ਜਿਵੇਂ ਉਸ ਵਿਅਕਤੀ ਦਾ ਨਾਮ ਉਸਦਾ ਘਰ, ਨੌਕਰੀ ਆਦਿ। ਇਸ ਦੌਰਾਨ ਪਾਲੀਗਰਾਫ਼ ਮਸ਼ੀਨ ਉਸਦੀ ਰਕਤ ਚਾਪ, ਸਾਹ ਗਤੀ, ਨਬਜ ਦੀ ਪ੍ਰਤਿਕਿਰਿਆ ਰਿਕਾਰਡ ਕਰਦੀ ਹੈ। ਉਸ ਤੋਂ ਬਾਅਦ ਉਸ ਤੇ ਸਵਾਲ ਪੁੱਛੇ ਜਾਂਦੇ ਹਨ ਜੋ ਅਧਿਕਾਰੀ ਜਾਨਣਾ ਚਾਹੁੰਦੇ ਹਨ ਦਰਅਸਲ ਸਹੀ ਤੇ ਗ਼ਲਤ ਜਵਾਬ ਦੇ ਦੌਰਾਨ ਸਰੀਰ ਦੀ ਪ੍ਰਤੀਕਿਰਿਆ ਵਿਚ ਉਤਾਰ-ਚੜ੍ਹਾਅ ਹੁੰਦਾ ਹੈ। ਕਚੈਹਰੀ ਦੇ ਵਿਚ ਇਸਦੀ ਮਹਾਨਤਾ ਬਹੁਤ ਘੱਟ ਹੈ। ਪਰ ਵਕੀਲ 95-100% ਇਸਦਾ ਪ੍ਰਯੋਗ ਕਰਦੇ ਹਨ।

ਕੀ ਤੁਸੀਂ ਜਾਣਦੇ ਹੋ ਕਿ ਕੋਈ ਵਿਅਕਤੀ ਝੂਠ ਬੋਲ ਰਿਹਾ ਹੈ ਜਾਂ ਸੱਚ ਇਹ ਪਤਾ ਲਗਾਉਣ ਲਈ ਕੁਝ ਵਿਗਿਆਨਕ ਵਿਧੀਆਂ ਮੌਜੂਦ ਹਨ। ਕਿਸੇ ਆਰੋਪੀ ਵਿਅਕਤੀ ਤੋਂ ਸੱਚ ਦਾ ਪਤਾ ਲਗਾਉਣ ਦੇ ਲਈ ਜਾਂਚ ਇੰਜੈਂਸੀਆਂ ਦੇ ਕੋਲ ਲਾਈ ਡਿਟੈਕਸਨ ਵਿਧੀਆਂ ਦਾ ਪ੍ਰਯੋਗ ਕਰਨ ਦਾ ਵਿਕਲਪ ਵੀ ਮੌਜੂਦ ਰਹਿੰਦਾ ਹੈ।

ਨਾਰਕੋ ਇਨਾਲਸਿਸ ਟੈਸਟ : ਕਿਸੇ ਵਿਅਕਤੀ ਨੂੰ ਇਕਾਂਤ ਅਤੇ ਨੀਂਦਰ ਅਵੱਸਥਾ ਵਿਚ ਲਿਜਾ ਕੇ ਉਸ ਤੋਂ ਪੁੱਛਣ ਦੀ ਪ੍ਰਕਿਰਿਆ ਨੂੰ ਨਾਰਕੋ ਇਨਾਲਸਿਸ ਟੈਸਟ ਕਿਹਾ ਜਾਂਦਾ ਹੈ। ਨਾਰਕੋ ਟੈਸਟ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਰਸਾਇਣਕ ਯੋਗਿਕ ਦਾ ਪ੍ਰਯੋਗ ਹੁੰਦਾ ਹੈ। ਇਸ ਨੂੰ 'ਟਰੁਥ ਡਰੱਗ' (ਸੱਚ ਦੀ ਦਵਾਈ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਇਕ ਸਾਇਕੋ ਐਕਟਿਵ ਦਵਾ ਹੈ। ਜੋ ਇਸ ਤਰ੍ਹਾਂ ਦੇ ਲੋਕਾਂ ਨੂੰ ਦਿੱਤੀ ਜਾਂਦੀ ਹੈ। ਜੋ ਸੱਚ ਨਹੀਂ ਬੋਲਣਾ ਚਾਹੁੰਦੇ। ਦਵਾ ਦੇ ਪ੍ਰਯੋਗ ਨਾਲ ਵਿਅਕਤੀ ਗਹਿਰੀ ਨੀਂਦਰ ਦੀ ਅਵੱਸਥਾ ਵਿਚ ਪਹੁੰਚ ਜਾਂਦਾ ਹੈ। ਇਸ ਅਵੱਸਥਾ ਦੇ ਦੌਰਾਨ ਉਸਦੇ ਦਿਮਾਗ਼ ਦਾ ਪ੍ਰਤਿਕਿਰਿਆ ਦੇਣ ਵਾਲਾ ਹਿੱਸਾ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਸਦਾ ਪਹਿਲੀ ਵਾਰ ਪ੍ਰਯੋਗ ਡਾ. ਵਿਲੀਅਮ ਨੇ ਕੀਤਾ ਸੀ।

ਦਿਮਾਗ਼ ਮਾਪਣ (ਬਰੇਨ ਮੈਪਿੰਗ) : ਦਿਮਾਗ਼ ਮਾਪਣ ਜਾਂ ਬਰੈਨ ਮੈਪਿੰਗ ਵਿਗਿਆਨ ਦੀ ਸਹਾਇਤਾ ਨਾਲ ਤਿਆਰ ਕੀਤੀ ਤਕਨੀਕ ਹੈ। ਇਸ ਦੇ ਵਿਚ ਮੱਥੇ ਦੀਆਂ ਅਲੱਗ-ਅਲੱਗ ਤਸਵੀਰਾਂ ਦੇ ਆਧਾਰ ਦੇ ਸੱਚ ਅਤੇ ਝੂਠ ਦਾ ਫ਼ੈਸਲਾ ਕੀਤਾ ਜਾਂਦਾ ਹੈ। ਸਾਰੇ ਪ੍ਰਕਾਰ ਦੇ ਨਿਊਰੀ ਬਾਇਮੇਜਿੰਗ ਬਰੈਨ ਮੈਪਿੰਗ ਦਾ ਹਿੱਸਾ ਹੈ। ਦਿਮਾਗ਼ ਮਾਪਣ ਵਿਚ ਡਾਟਾ ਪ੍ਰੋਸੈਸਿੰਗ ਜਾਂ ਇਨਾਲਸਿਸ ਵਰਗੇ ਮੱਥੇ ਦੇ ਅਲੱਗ-ਅਲੱਗ ਭਾਗ ਦਾ ਵਿਵਹਾਰ ਦਾ ਫੋਟੋ ਖਿੱਚਿਆ ਜਾਂਦਾ ਹੈ। ਇਹ ਤਕਨੀਕ ਲਗਾਤਾਰ ਵਿਕਸਿਤ ਹੋ ਰਹੀ ਹੈ। ਇਸ ਉਤੇ ਵਿਸ਼ਵਾਸ ਵੀ ਕੀਤਾ ਜਾਂਦਾ ਹੈ। ਅਮਰੀਕਾ ਵਿਚ 1980 ਦੇ ਅੰਤ ਵਿਚ 'ਦੀ ਇੰਸਟੀਚਿਊਟ ਆਫ਼ ਮੈਡੀਕਲ ਨੈਸ਼ਨਲ ਅਕਾਦਮੀ ਆਫ਼ ਸਾਇੰਸ ਨੂੰ ਅਧਿਕਾਰਤ ਕੀਤਾ ਗਿਆ ਕਿ ਉਹ ਕਈ ਤਕਨੀਕਾਂ ਦਾ ਪ੍ਰਯੋਗ ਕਰਦੇ ਹੋਏ 'ਨਿਊਰੋ ਸਾਇੰਟੀਫਿਕ' ਸੂਚਨਾਵਾਂ ਇਕੱਠੀਆਂ ਕਰਨ ਦੇ ਫਿਲੋਗਰਾਫ਼ੀ ਪੋਜੀਟਰਨ ਇਮਿਸ਼ਨ ਟੋਮੋਗਰਾਫ਼ੀ ਦੇ ਨਾਲ ਕਈ ਹੋਰ ਸਕੇਲਿੰਗ ਤਕਨੀਕਾਂ ਦੇ ਪ੍ਰਯੋਗ ਨੂੰ ਵਿਕਸਿਤ ਕੀਤਾ ਗਿਆ। ਇਸਦੇ ਨਾਲ ਯਾਦਦਾਸ਼ਤ, ਸਿਹਤ, ਸਿੱਖਣ ਦੀ ਸਮਰੱਥਾ, ਡਰੱਗ ਦੇ ਪ੍ਰਭਾਵਾਂ ਨੂੰ ਜਾਣਿਆ ਜਾ ਸਕਦਾ ਹੈ। ਇਨ੍ਹਾਂ ਵਿਚ ਦਿਮਾਗ਼ ਦੀਆਂ ਅਲੱਗ-ਅਲੱਗ ਤਸਵੀਰਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਤਸਵੀਰਾਂ ਦੇ ਬਦਲਣ ਤੋਂ ਸੱਚ ਝੂਠ ਦਾ ਪਤਾ ਲਗਾਇਆ ਜਾਂਦਾ ਹੈ।

-ਸੰਜੀਵ ਕੁਮਾਰ

ਸਿਹਤ ਦੇ ਝਰੋਖੇ 'ਚੋਂ.....

ਡਾ. ਵਿਸ਼ਾਲ ਭਾਰਤੀ
ਬਲਵੀਰ ਬਾਸੀ, ਕੈਲੇਫੋਰਨੀਆ

• ਘਰ ਬੈਠੇ ਹੀ ਖ਼ੂਨ ਦੀ ਜਾਂਚ

ਇੱਕ ਵਿਗਿਆਨਿਕ ਅਧਿਐਨ ਦੇ ਅਨੁਸਾਰ ਇੱਕ ਬਹੁਤ ਸਸਤੇ ਅਤੇ ਸੌਖੇ ਢੰਗ ਨਾਲ ਖ਼ੂਨ ਦੀ ਜਾਂਚ ਕਰਨ ਵਾਲੇ ਯੰਤਰ ਦੀ ਮੱਦਦ ਨਾਲ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਬੀਮਾਰੀਆਂ ਦਾ ਪਤਾ ਲਗਾਉਣ 'ਚ ਸਫ਼ਲਤਾ ਮਿਲ ਸਕਦੀ ਹੈ।

ਵਿਗਿਆਨ ਮੈਗਜ਼ੀਨ 'ਨੇਚਰ ਮੈਡੀਸਨ' ਵਿੱਚ ਪ੍ਰਕਾਸ਼ਿਤ ਰਿਪੋਰਟ ਦੇ ਮੁਤਾਬਿਕ ਏਮ-ਚਿਪ ਨਾਮ ਦਾ ਇਹ ਯੰਤਰ ਕਰੈਡਿਟ ਕਾਰਡ ਦੇ ਅਕਾਰ ਦਾ ਹੁੰਦਾ ਹੈ ਅਤੇ ਮਿੰਟਾਂ ਵਿੱਚ ਜੀਵਾਣੂਆਂ ਦਾ ਪਤਾ ਲਗਾਉਂਦਾ ਹੈ।

ਅਫਰੀਕੀ ਦੇਸ਼ ਰਵਾਂਡਾ ਵਿੱਚ ਐਚਆਈਵੀ ਅਤੇ ਸਿਫਲਿਸ ਵਰਗੀਆਂ ਬੀਮਾਰੀਆਂ ਦਾ ਪਤਾ ਲਗਾਉਣ ਲਈ ਇਸ ਯੰਤਰ ਦੀ ਵਰਤੋਂ ਕੀਤੀ ਗਈ। ਪ੍ਰਾਥਮਿਕ ਜਾਂਚ ਦੇ ਨਤੀਜੇ ਸੌ ਫ਼ੀਸਦੀ ਸਟੀਕ ਰਹੇ ਹਨ। ਅਮਰੀਕਾ ਵਿੱਚ ਬਣੇ ਇਸ ਯੰਤਰ ਦੀ ਕੀਮਤ ਇਕ ਡਾਲਰ ਰੱਖੀ ਗਈ ਹੈ।

ਕਈ ਬੀਮਾਰੀਆਂ ਦੀ ਜਾਂਚ : ਵਰਤਮਾਨ ਵਿੱਚ ਪ੍ਰਯੋਗਸ਼ਾਲਾ ਵਿੱਚ ਜਿਹੜੀ ਜਾਂਚ ਕੀਤੀ ਜਾਂਦੀ ਹੈ ਉਸਦੇ ਮੁਕਾਬਲੇ ਇਸ ਯੰਤਰ ਨਾਲ ਕੀਤੀ ਜਾਣ ਵਾਲੀ ਜਾਂਚ ਕਾਫ਼ੀ ਸਸਤੀ ਹੋ ਸਕਦੀ ਹੈ।

ਯੰਤਰ ਵਿੱਚ ਲੱਗੀ ਹੋਈ ਪਲਾਸਟਿਕ ਚਿਪ ਵਿੱਚ 10 ਅਜਿਹੇ ਪਹਿਚਾਣ ਬਿੰਦੂ ਹਨ ਜਿਨ੍ਹਾਂ ਦੀ ਮਦਦ ਨਾਲ ਕੇਵਲ ਇੱਕ ਵਾਰ ਲਏ ਗਏ ਖ਼ੂਨ ਨਾਲ ਕਈ ਬੀਮਾਰੀਆਂ ਦੀ ਜਾਂਚ ਕੀਤੀ ਜਾ ਸਕਦੀ ਹੈ। ਇਸ ਜਾਂਚ ਦੇ ਨਤੀਜੇ ਵਗੈਰ ਕਿਸੇ ਵਿਸ਼ੇਸ਼ ਯੰਤਰ ਦੀ ਮੱਦਦ ਤੋਂ ਖੁੱਲ੍ਹੀ ਅੱਖ ਨਾਲ ਦੇਖੇ ਜਾ ਸਕਦੇ ਹਨ।

ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਅਤੇ ਇਸ ਯੰਤਰ ਨੂੰ ਵਿਕਸਤ ਕਰਨ ਵਾਲੇ ਸੈਮੁਇਲ ਸਿਆ ਕਹਿੰਦੇ ਹਨ, "ਇਸ ਯੰਤਰ ਨੂੰ ਵਿਕਸਿਤ ਕਰਨ ਦਾ ਉਦੇਸ਼ ਇਹ ਹੈ ਕਿ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਮਰੀਜ਼ ਆਸਾਨੀ ਨਾਲ ਖ਼ੂਨ ਦੀ ਜਾਂਚ ਕਰਵਾ ਸਕੇ ਉਹਨੂੰ ਕਿਸੇ ਲੈਬ ਵਿੱਚ ਜਾਕੇ ਖ਼ੂਨ ਨਾ ਦੇਣਾ ਪਵੇ ਅਤੇ ਫਿਰ ਜਾਂਚ ਰਿਪੋਰਟ ਦੇ ਲਈ ਕਈ ਦਿਨ ਇੰਤਜ਼ਾਰ ਨਾ ਕਰਨਾ ਪਵੇ।"

ਇਸ ਯੰਤਰ ਵਿੱਚ ਪ੍ਰੋਟੋਟਾਇਪ ਦੀ ਮਦਦ ਨਾਲ ਰਵਾਂਡਾ ਦੇ ਕਿਗਾਲੀ ਵਿੱਚ ਸੈਂਕੜੇ ਟੈਸਟ ਕੀਤੇ ਗਏ ਹਨ ਜਿਹਨਾਂ ਵਿੱਚ ਐਚਆਈਵੀ ਦੇ ਮਾਮਲੇ ਵਿੱਚ 95 ਫ਼ੀਸਦੀ ਅਤੇ ਸਿਫਲਿਸ ਦੇ ਮਾਮਲੇ ਵਿੱਚ 76 ਫ਼ੀਸਦੀ ਤੱਕ ਸਹੀ ਨਤੀਜੇ ਨਿਕਲੇ ਹਨ।

ਖੋਜਕਾਰੀਆਂ ਨੂੰ ਉਮੀਦ ਹੈ ਕਿ ਅਫਰੀਕਾ ਵਿੱਚ ਗਰਭਵਤੀ ਔਰਤਾਂ ਵਿੱਚ ਯੌਨ ਸੰਬੰਧਾਂ ਨਾਲ ਫੈਲਣ ਵਾਲੀਆਂ ਬੀਮਾਰੀਆਂ ਦਾ ਪਤਾ ਲਗਾਉਣ ਲਈ ਏਮ-ਚਿਪ ਦੀ ਵਰਤੋਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

ਲਗਾਤਾਰ ਪਿੱਠ-ਦਰਦ ਦਾ ਹੱਲ ਸੰਭਵ

ਵਿਗਿਆਨੀਆਂ ਨੇ ਇੱਕ ਜੀਨ ਦੀ ਪਹਿਚਾਣ ਕੀਤੀ ਹੈ ਜਿਸਦੇ ਕਾਰਨ ਲਗਾਤਾਰ ਪਿੱਠ-ਦਰਦ ਮਹਿਸੂਸ ਹੁੰਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਹੁਣ ਤਾਂ ਦਵਾਈ ਬਣਾਈ ਜਾ ਸਕਦੀ ਹੈ ਜੋ ਲਗਾਤਾਰ ਹੋਣ ਵਾਲੇ ਪਿੱਠ-ਦਰਦ ਨੂੰ ਖ਼ਤਮ ਕਰ ਸਕੇ।

'ਸਾਇੰਸ' ਵਿੱਚ ਛਪੇ ਕੇਂਬ੍ਰਿਜ ਵਿਸ਼ਵ ਵਿੱਦਿਆਲੀਆਂ ਦੀ ਇੱਕ ਖੋਜ ਦੇ ਮੁਤਾਬਿਕ ਖੋਜਕਾਰੀਆਂ ਨੇ ਚੂਹੇ ਵਿੱਚ ਦਰਦ ਦੇ ਪ੍ਰਤੀ ਸੰਵੇਦਨਸ਼ੀਲ ਨਾੜਾਂ 'ਚ ਐੱਚਸੀਐਨ-2 ਨਾਂ ਦੇ ਜੀਨ ਨੂੰ ਬਾਹਰ ਕੱਢ ਦਿੱਤਾ। ਦੇਖਣ ਵਿੱਚ ਆਇਆ ਕਿ ਲਗਾਤਾਰ ਹੋਣ ਵਾਲਾ ਦਰਦ ਖ਼ਤਮ ਹੋ ਗਿਆ।

ਖੋਜਕਾਰੀਆਂ ਦਾ ਦਾਵਾ ਹੈ ਕਿ ਇਸ ਨਾਲ ਇਹ ਸੰਭਾਵਨਾ ਪੈਦਾ ਹੋ ਗਈ ਹੈ ਕਿ ਅਜਿਹੀ ਨਵੀਂ ਦਵਾਈ ਬਣਾਈ ਜਾਵੇ ਜੋ ਐੱਚਸੀਐਨ-2 ਨਾਂ ਦੇ ਜੀਨ ਵਿੱਚ ਬਣਨ ਵਾਲੀ ਪ੍ਰੋਟੀਨ ਨੂੰ ਬੰਦ ਕਰ ਦੇਵੇ ਕਿਉਂਕਿ ਉਸਦੇ ਨਾਲ ਲਗਾਤਾਰ ਉੱਠਣ ਵਾਲਾ ਦਰਦ ਪੈਦਾ ਹੁੰਦਾ ਹੈ।

ਇਹ ਤਾਂ ਪਹਿਲਾਂ ਤੋਂ ਹੀ ਪਤਾ ਸੀ ਕਿ ਐੱਚਸੀਐਨ-2 ਨਾਂ ਦੇ ਜੀਨ ਨਾਲ ਦਰਦ ਦੇ ਪ੍ਰਤੀ ਸੰਵੇਦਨਸ਼ੀਲ ਨਾੜਾਂ ਦੇ ਵਿੱਚ ਦਰਦ ਉੱਠਦਾ ਹੈ ਪਰ ਹੁਣ ਤੱਕ ਤਾਂ ਇਹ ਨਹੀਂ ਪਤਾ ਸੀ ਕਿ ਐੱਚਸੀਐਨ-2 ਦਾ ਦਰਦ ਲਗਾਤਾਰ ਹੋਣ ਵਿੱਚ ਕਿਸ ਦੀ ਭੂਮਿਕਾ ਹੈ।

• ਪੈਰਾਂ ਦੇ ਨਿਸ਼ਾਨਾਂ ਤੋਂ ਵੀ ਹੋਵੇਗੀ ਇਨਸਾਨ ਦੀ ਪਹਿਚਾਣ

ਉਗਲੀਆਂ ਦੇ ਨਿਸ਼ਾਨ, ਅੱਖਾਂ ਦੇ ਰਿਟੇਨਾ ਅਤੇ ਆਵਾਜ਼ ਤੋਂ ਬਾਅਦ ਹੁਣ ਪੈਰਾਂ ਦੇ ਨਿਸ਼ਾਨਾਂ ਤੋਂ ਵੀ ਇਨਸਾਨ ਦੀ ਪਹਿਚਾਣ ਕੀਤੀ ਜਾ ਸਕੇਗੀ। ਹੁਣ ਤੱਕ ਇਹ ਹੀ ਮੰਨਿਆ ਜਾਂਦਾ ਸੀ ਕਿ ਹਰ ਕਿਸੇ ਦੀਆਂ ਹੱਥਾਂ ਦੀਆਂ ਉਂਗਲੀਆਂ ਦੇ ਨਿਸ਼ਾਨ ਅਲੱਗ ਹੁੰਦੇ ਹਨ ਪਰ ਜਾਪਾਨ ਵਿੱਚ ਹੋਈ ਇਕ ਖੋਜ ਦੇ ਮੁਤਾਬਿਕ ਤੁਹਾਡੇ ਜ਼ਮੀਨ ’ਤੇ ਛਪਣ ਵਾਲੇ ਪੈਰਾਂ ਦੇ ਨਿਸ਼ਾਨ ਵੀ ਤੁਹਾਡੀ ਪਹਿਚਾਣ ਦੇ ਲਈ ਸਹਾਇਕ ਹੋ ਸਕਦੇ ਹਨ।

ਇਸ ਤੋਂ ਪਹਿਲਾ ਕਈ ਵਾਰ ਅਨੇਕਾਂ ਵਿਗਿਆਨੀਆਂ ਵਿੱਚ ਇਹ ਗੱਲ ਨਿਕਲ ਕੇ ਸਾਹਮਣੇ ਆਈ ਹੈ ਕਿ ਹਰ ਇੱਕ ਇਨਸਾਨ ਦੇ ਤੁਰਨ ਵਿੱਚ ਅੰਤਰ ਹੁੰਦਾ ਹੈ ਪਰ ਪੈਰਾਂ ਦੇ ਨਿਸ਼ਾਨਾਂ ਨੂੰ ਲੈ ਕੇ ਕੀਤੀ ਗਈ ਇਹ ਪਹਿਲੀ ਖੋਜ ਹੈ। ਇਸ ਵਿੱਚ ਕੰਪਿਊਟਰ, ਥ੍ਰੀ ਡੀ ਇਮੇਜ ਪ੍ਰੋਸੈਸਿੰਗ ਦੇ ਇਸਤੇਮਾਲ ਨਾਲ ਜ਼ਮੀਨ ’ਤੇ ਆਪਣੇ ਪੈਰ ਰੱਖਣ ਦੇ ਤਰੀਕੇ ਤੋਂ ਲੈ ਕੇ ਤੁਸੀਂ ਕਿਵੇਂ ਕਦਮ ਹਟਾਉਂਦੇ ਹੋ ਇਸਨੂੰ ਨੋਟ ਕਰੇਗਾ।

ਇਸ ਨਾਲ ਇਨਸਾਨ ਸਿੱਧਾ, ਤਿਰਛਾ, ਟਹਿਲਦਾ ਹੋਇਆ ਕਿਵੇਂ ਚੱਲ ਰਿਹਾ ਹੈ ਇਸਦੇ ਬਾਰੇ ਵਿੱਚ ਪਤਾ ਕੀਤਾ ਜਾ ਸਕੇਗਾ। 104 ਲੋਕਾਂ ਦੇ ਵਿੱਚ ਕੀਤੀ ਗਈ ਖੋਜ ਨੇ 99% ਤੱਕ ਸਹੀ ਰਿਜਲਟ ਦੇਣ ਦਾ ਦਾਅਵਾ ਕੀਤਾ ਗਿਆ ਹੈ।

ਹਾਲਾਂਕਿ ਵਿਗਿਆਨਕਾਂ ਦਾ ਦਾਅਵਾ ਹੈ ਕਿ ਇਸ ਤਕਨੀਕ ਨੂੰ ਸੁਰੱਖਿਆ ਜਾਂਚ ਦੇ ਲਈ ਇਸਤੇਮਾਲ ਕੀਤਾ ਜਾ ਸਕੇਗਾ। ਪਰ ਹਰ ਜਗ੍ਹਾ ਇਸ ਤਕਨੀਕ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਆਮ ਤੌਰ ’ਤੇ ਏ ਟੀ ਐਮ ਸੈਂਟਰ, ਏਅਰਪੋਰਟ ਜਾਂ ਹੋਰ ਵੀ ਕਿਸੇ ਜਗ੍ਹਾ ਆਮਤੌਰ ’ਤੇ ਲੋਕ ਸਿੱਧੇ ਹੀ ਚੱਲਦੇ ਹਨ। ਹੁਣ ਵਿਗਿਆਨਕ ਇਸ ਗੱਲ ਦੀ ਖੋਜ ਵਿੱਚ ਲੱਗੇ ਹੋਏ ਹਨ ਕਿ ਕੀ ਜੁੱਤੇ ਪਾ ਕੇ ਚੱਲਣ ਨਾਲ ਵੀ ਚਾਲ ਵਿੱਚ ਬਦਲਾਅ ਆਉਂਦਾ ਹੈ।

• ਚੂਹੇ ਨੂੰ ਦਿੱਤੇ ਗਏ ਬਿਜਲੀ ਦੇ ਝਟਕੇ

ਇਸ ਖੋਜ ਦੇ ਲਈ ਵਿਗਿਆਨੀਆਂ ਨੇ ਦਰਦ ਦੇ ਪ੍ਰਤੀ ਸੰਵੇਦਨਸ਼ੀਲ ਨਾੜਾਂ ਵਿੱਚ ਐੱਚਸੀਐਨ-2 ਜੀਨ ਨੂੰ ਹਟਾਇਆ, ਫਿਰ ਉਹਨਾਂ ਨੇ ਉਨ੍ਹਾਂ ਨਾੜਾਂ ਨੂੰ ਬਿਜਲੀ ਦੇ ਝਟਕੇ ਦਿੱਤੇ ਤਾਂ ਜੋ ਪਤਾ ਲੱਗ ਸਕੇ ਕਿ ਐੱਚਸੀਐਨ-2 ਹਟਾਉਣ ਪਿੱਛੋਂ ਕੀ ਬਦਲਾਅ ਆਇਆ।

ਇਸ ਤੋਂ ਬਾਅਦ ਉਨ੍ਹਾਂ ਜੀਨਾਂ ਦੁਆਰਾ ਚੂਹੇ ਦਾ ਅਧਿਐਨ ਕੀਤਾ ਗਿਆ ਅਤੇ ਦੇਖਣ ਵਿੱਚ ਆਇਆ ਕਿ ਬਿਜਲੀ ਦੇ ਝਟਕੇ ਲੱਗਣ ਨਾਲ ਚੂਹੇ ਕਿੰਨੀ ਗਤੀ ਨਾਲ ਪਿੱਛੇ ਹੱਟਦੇ ਹਨ। ਇਸ ਨਾਲ ਪਤਾ ਲੱਗਿਆ ਕਿ ਐੱਚਸੀਐਨ-2 ਜੀਨ ਕੱਢ ਦੇਣ ਨਾਲ ਨਾੜਾਂ ਦੁਆਰਾ ਹੋਣ ਵਾਲਾ ਦਰਦ ਖ਼ਤਮ ਹੋ ਗਿਆ ਹੈ।

ਇਸ ਨਾਲ ਇਹ ਵੀ ਪਤਾ ਲੱਗਿਆ ਦੇ ਜੀਨ ਨੂੰ ਕੱਢਣ ਨਾਲ ਆਮ ਤੇਜ ਦਰਦ ’ਤੇ ਕੋਈ ਅਸਰ ਨਹੀਂ ਹੁੰਦਾ। ਭਾਵ ਉਹ ਦਰਦ ਜਿਹੜਾ ਗਲਤੀ ਨਾਲ ਜੀਭ ਕੱਟਣ ’ਤੇ ਹੁੰਦਾ ਹੈ। ਉਸ ’ਤੇ ਕੋਈ ਅਸਰ ਨਹੀਂ ਹੁੰਦਾ।

ਇਸ ਅਧਿਐਨ ਦਾ ਨਿਰੀਖਣ ਕਰਨ ਵਾਲੇ ਪ੍ਰੋਫੈਸਰ ਪੀਟਰ ਮੈਕਕਨੈਟਨ ਦਾ ਕਹਿਣਾ ਹੈ, “ਜਿਹੜੇ ਲੋਕ ਨਾੜਾਂ ਵਿੱਚ ਦਰਦ ਦੇ ਕਾਰਨ ਪੀੜਤ ਹੁੰਦੇ ਹਨ, ਉਹਨਾਂ ਨੂੰ ਦਵਾਈਆਂ ਤੋਂ ਕੋਈ ਰਾਹਤ ਨਹੀਂ ਮਿਲਦੀ। ਸਾਡੇ ਅਧਿਐਨ ਨਾਲ ਇਹ ਪਤਾ ਲੱਗਿਆ ਕਿ ਦਵਾਈਆਂ ਦੀ ਵਰਤੋਂ ਨਾਲ ਐੱਚਸੀਐਨ-2 ਜੀਨ ਨੂੰ ਰੋਕਿਆ ਜਾਵੇ ਤਾਂ ਦਰਦ ਦੂਰ ਹੋਣਾ ਸੰਭਵ ਹੈ।”

ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਰੁੱਚੀ ਵਾਲੀ ਗੱਲ ਹੈ ਕਿ ਐੱਚਸੀਐਨ-2 ਜੀਨ ’ਤੇ ਰੋਕ ਲਗਾਉਣ ਨਾਲ ਨਾੜਾਂ ਦਾ ਦਰਦ ਖ਼ਤਮ ਹੋ ਜਾਂਦਾ ਹੈ ਪਰ ਆਮ ਦਰਦ ਦਾ ਅਹਿਸਾਸ ਖ਼ਤਮ ਨਹੀਂ ਹੁੰਦਾ ਜਿਸ ਨਾਲ ਕੋਈ ਵੀ ਦੁਰਘਟਨਾ ਹੋਣ ਦੀ ਹਾਲਤ ਵਿੱਚ ਵਿਅਕਤੀ ਨੂੰ ਇਸਦਾ ਅਹਿਸਾਸ ਹੁੰਦਾ ਹੈ।

ਛੋਟਾ ਜਿਹਾ 'ਟੈਬਲੇਟ' ਵੱਡੇ ਕੰਮ ਦਾ

ਟੈਬਲੇਟ ਕੰਪਿਊਟਰ ਖਰੀਦਣਾ ਹੁਣ ਹਰ ਇੱਕ ਲਈ ਸੌਖੀ ਗੱਲ ਹੋ ਗਈ ਹੈ। 10 ਹਜ਼ਾਰ ਤੋਂ ਲੈ ਕੇ 45 ਹਜ਼ਾਰ ਰੁ: ਤੱਕ ਬਾਜ਼ਾਰਾਂ ਵਿੱਚ ਹੁਣ ਹਰੇਕ ਤਰ੍ਹਾਂ ਦੇ ਟੈਬਲਿਟ ਕੰਪਿਊਟਰ ਆ ਗਏ ਹਨ। ਹੁਣ ਨਾ ਸਿਰਫ਼ ਬਰੈਂਡ, ਬਲਕਿ ਆਪਰੇਟਿੰਗ ਸਿਸਟਮ, ਆਕਾਰ ਅਤੇ ਫੀਚਰ ਦਾ ਫ਼ਰਕ ਸਭ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ। ਪ੍ਰਸ਼ਨ ਇਹ ਹੈ ਕਿ ਜੇਕਰ ਕੋਈ ਟੈਬਲੇਟ ਕੰਪਿਊਟਰ ਖਰੀਦਣ ਦਾ ਚਾਹਵਾਨ ਹੈ ਤਾਂ ਉਹ ਇਸਨੂੰ ਕਿਵੇਂ ਚੁਣੇ? ਜੇਕਰ ਗੱਲ ਕੀਮਤ ਦੀ ਨਾ ਹੋਵੇ ਤਾਂ ਅਜਿਹਾ ਕੀ ਦੇਖਿਆ ਜਾਵੇ ਜਿਸ ਨਾਲ ਟੈਬਲੇਟ ਖਰੀਦਣ ਦਾ ਫੈਸਲਾ ਸੌਖਾ ਹੋ ਜਾਵੇ। ਇਸ ਬਾਰੇ ਵਿੱਚ ਪੇਸ਼ ਹੈ ਕਿ ਰਿਪੋਰਟ:

ਟੈਬਲੇਟ ਜੇਕਰ ਤੁਹਾਡਾ ਪਹਿਲਾਂ ਪੀਸੀ ਹੈ - ਟੈਬਲੇਟ ਖਰੀਦਣ ਵਾਲਿਆਂ ਵਿੱਚੋਂ ਕੁਝ ਲੋਕ ਅਜਿਹੇ ਵੀ ਹਨ ਜਿਹੜੇ ਇਹ ਸੋਚਦੇ ਹਨ ਕਿ ਟੈਬਲੇਟ ਦੇ ਨਾਲ-ਨਾਲ ਕੰਪਿਊਟਰ ਦਾ ਵੀ ਕੰਮ ਹੋ ਜਾਵੇ ਅਤੇ ਜ਼ਿਆਦਾ ਖ਼ਰਚ ਵੀ ਨਾ ਹੋਵੇ। ਅਜਿਹੇ ਲੋਕਾਂ ਦੇ ਲਈ ਇਹ ਗੱਲਾਂ ਧਿਆਨ ਵਿੱਚ ਰੱਖਣੀਆਂ ਪੈਣਗੀਆਂ-

- ਟੈਬਲੇਟ ਖੋਲ੍ਹਣਾ ਹੋਵੇ, ਭਾਵ ਉਸਦੀ ਵਰਤੋਂ ਕਰਦੇ ਸਮੇਂ ਐਪਲਕੇਸ਼ਨ ਜੋੜਨ ਦੇ ਲਈ ਕਿਸੇ ਖਾਸ ਸਾਫਟਵੇਅਰ ਦੀ ਲੋੜ ਨਾ ਹੋਵੇ। ਇਸ 'ਚ ਆਈਪੈਡ ਵਰਗਾ ਪ੍ਰੋਗਰਾਮ ਇਨ੍ਹਾਂ ਲੋਕਾਂ ਲਈ ਜ਼ਿਆਦਾ ਲਾਹੇਵੰਦ ਨਹੀਂ ਹੋਵੇਗਾ।

- ਇਸ ਤਰ੍ਹਾਂ ਦੇ ਗਾਹਕਾਂ ਦੇ ਲਈ ਅਜਿਹਾ ਟੈਲਬੇਟ ਵਧੀਆ ਹੋਵੇਗਾ ਜਿਸ ਵਿੱਚ ਯੂਏਸਬੀ ਡਰਾਈਵ ਹੋਵੇ ਅਤੇ ਮੈਮਰੀ ਵਧਾਉਣ ਦਾ ਪ੍ਰੋਗਰਾਮ ਹੋਵੇ। ਇਹੀ ਟੈਬਲੇਟ ਉਹਨਾਂ ਲੋਕਾਂ ਦੇ ਲਈ ਪੀਸੀ ਦਾ ਕੰਮ ਕਰੂੰਗਾ। ਇਸ ਲਈ ਉਹਨਾਂ ਨੂੰ ਆਪਣਾ ਡੈਟਾ ਸਟੋਰ ਕਰਨ ਦੇ ਲਈ ਅਜਿਹਾ ਪ੍ਰੋਗਰਾਮ ਚਾਹੀਦਾ ਹੈ ਜਿਸ ਵਿੱਚ ਸਾਰਾ ਕੁਝ ਇੱਕ ਜਗ੍ਹਾ ਤੇ ਮਿਲ ਸਕੇ।

- ਬਹੁਤੇ ਮਹਿੰਗੇ ਟੈਬਲੇਟਾਂ ਦੇ ਲਈ ਇਸ ਕੈਟਾਗਰੀ ਦੇ ਗਾਹਕ ਨਾ ਜਾਣ ਕਿਉਂਕਿ ਇਹ ਇਕ ਨਵੇਂ ਢੰਗ ਦੀ ਕੰਪਿਊਟਿੰਗ ਵਿੱਚ ਤੁਹਾਡਾ ਪ੍ਰਵੇਸ਼ ਕਰਾਉਣ ਵਾਲਾ ਡਿਵਾਇਸ ਹੋਵੇਗਾ। ਅਜਿਹਾ ਵੀ ਹੋ ਸਕਦਾ ਹੈ ਕਿ ਇਹ ਤੁਹਾਨੂੰ ਪੰਸਦ ਨਾ ਆਵੇ।

- ਇਸ ਤਰ੍ਹਾਂ ਦੀ ਕੈਟਾਗਰੀ ਦੇ ਗਾਹਕਾਂ ਦੇ ਲਈ ਅਸੀਂ ਆਈਪੈਡ ਦੀ ਤਾਂ ਅਸੀਂ ਕਦੀ ਵੀ ਵਰਤੋਂ ਨਹੀਂ ਕਰਾਂਗੇ, ਕਿਉਂਕਿ ਇਹ ਉਹਨਾਂ ਦੀ ਲੋੜਾਂ 'ਤੇ ਫਿੱਟ ਨਹੀਂ ਬੈਠਦਾ। ਸ਼ਾਮਲ ਹੋਣ ਦੇ ਲਈ ਜਿਹੜੀ ਨਵੀਨਤਮ ਪ੍ਰੋਗਰਾਮ ਹੈ, ਉਹਨਾਂ ਵਿੱਚ ਰਿਲਾਇਸ ਦਾ ਟੈਬਲੇਟ ਡਜਾਇਨ ਕਾਫ਼ੀ ਵਧੀਆ ਹੈ। ਲੱਗਭਗ 12 ਹਜ਼ਾਰ ਰੁ: ਇਹ ਤੁਹਾਨੂੰ 800 ਮੈਗਾਹਾਟਜ਼ ਦੇ ਪ੍ਰੋਸੇਸਰ ਦੇ ਨਾਲ, ਮੈਮਰੀ ਵਧਾਉਣ ਦਾ ਪ੍ਰੋਗਰਾਮ, ਸੱਤ ਇੰਚ ਦੀ ਸਕਰੀਨ, ਯੂਏਸਬੀ ਪੋਰਟ ਸਮੇਤ ਹੋਰ ਬਹੁਤ ਕੁਝ ਦਿੰਦਾ ਹੈ, ਜਿਸ ਦੀ ਮੌਜੂਦਗੀ ਵਰਤੋਂ ਕਰਨ ਵਾਲੇ ਦੀ ਲੋੜ ਬਣ ਸਕਦੀ ਹੈ। ਇਸਦੀ ਬਸ ਇੱਕ ਹੀ ਘਾਟ ਹੈ ਕਿ ਇਹ ਰੀਲਾਇਸ ਦੀ ਹੀ ਥ੍ਰੀਜੀ ਸਿਮ ਨਾਲ ਚਲਦਾ ਹੈ।

- ਸੱਤ ਇੰਚ ਦੀ ਸਕਰੀਨ ਸਾਇਜ ਵਿੱਚ ਚੰਗਾ ਬ੍ਰੈਂਡ ਚਾਹੁੰਦੇ ਹੋ ਤਾਂ ਸੈਮਸੰਗ ਟੈਬ 7 ਲੈ ਸਕਦੇ ਹੋ, ਜਿਸ ਵਿੱਚ ਸਾਰੇ ਗੁਣ ਮਿਲਣਗੇ। ਟੈਬ 7 ਨੂੰ ਹੁਣ ਤੱਕ ਲੋਕਾਂ ਨੇ ਹੱਥੋਂ-ਹੱਥੀਂ ਲਿਆ ਹੈ ਲੱਗਭਗ 22 ਹਜ਼ਾਰ ਰੁਪਏ ਦੀ ਕੀਮਤ ਵਿੱਚ ਅਤੇ ਚੰਗੀ ਦਿੱਖ ਵਾਲਾ ਲੈ ਸਕਦੇ ਹੋ। 10 ਹਜ਼ਾਰ ਦੀ ਕੀਮਤ ਵਿੱਚ ਐਚਸੀਐਲ ਮੀ ਆਈ 7-ਏ 1, ਕਿਰੇਟਿਵ ਜੇ 2-07 ਅਤੇ ਆਲਿਵ ਪੈਡ ਦਾ ਪ੍ਰੋਗਰਾਮ ਵੀ ਦੇਖ ਸਕਦੇ ਹੋ। ਆਮ ਤੌਰ ਤੇ ਸਭ ਵਿੱਚ ਤੁਹਾਨੂੰ ਐਂਡ੍ਰਾਯੂਡ 2.3 ਜਾਂ 2.2 ਆਪਰੇਟਿਵ ਸਿਸਟਮ, 600-800 ਮੈਗਹਟਜ ਦੀ ਪ੍ਰੋਸੈਸਰ, 7 ਇੰਚ ਦੀ ਸਕਰੀਨ ਵਰਗੇ ਫੀਚਰ ਮਿਲਦੇ ਹਨ।

ਜੇਕਰ ਤੁਸੀਂ ਕੰਪਿਊਟਰ ਦੀ ਚੰਗੀ ਵਰਤੋਂ ਕਰਨ ਵਾਲੇ ਹੋ -

- ਇਹ ਕੈਟਾਗਰੀ ਉਹਨਾਂ ਲੋਕਾਂ ਦੀ ਹੈ ਜੋ ਪਹਿਲਾਂ ਹੀ ਟੈਕਨਾਲੋਜੀ ਦੀ ਵਰਤੋਂ ਕਰਨ ਵਿੱਚ ਕਾਫ਼ੀ ਚੰਗੇ (ਸਮਾਟ) ਹਨ। ਜਿਹਨਾਂ ਦੇ ਕੋਲ ਪੀਸੀ, ਲੈਪਟੋਪ ਅਤੇ ਸਮਾਰਟਫੋਨ ਜੈਸੇ ਡਵਾਈਸ ਹਨ। ਜੋ ਇਸਦੀ ਚੰਗੇ ਢੰਗ ਨਾਲ ਵਰਤੋਂ ਕਰਨਾ ਚਾਹੁੰਦੇ ਹਨ ਅਤੇ ਕੀਮਤ ਉਹਨਾਂ ਦੇ ਲਈ ਕੋਈ ਸਮੱਸਿਆ ਨਹੀਂ ਹੈ।

- ਅਜਿਹੇ ਲੋਕਾਂ ਦੇ ਲਈ ਜ਼ਰੂਰੀ ਹੈ ਕਿ ਉਹਨਾਂ ਦੀ ਟੈਬਲੇਟ ਬਹੁਤੀ ਛੋਟੀ ਨਾ ਹੋਵੇ। ਜ਼ਰੂਰੀ ਹੈ ਕਿ ਉਹਨਾਂ ਨੂੰ ਘੱਟ ਤੋਂ ਘੱਟ 10 ਇੰਚ ਦੀ ਸਕਰੀਨ ਸਾਈਜ ਵਾਲਾ ਟੈਬਲੇਟ ਹੀ ਰੱਖਣਾ ਚਾਹੀਦਾ ਹੈ, ਨਹੀਂ ਤਾਂ ਉਹਨਾਂ ਦਾ ਸੱਤ ਇੰਚ ਵਾਲਾ ਸਮਰਾਟਫੋਨ ਦੀ ਸਕਰੀਨ ਤੋਂ ਥੋੜਾ ਹੀ ਵੱਡਾ ਹੋਵੇਗਾ ਅਤੇ ਪੂਰੀ ਤਰ੍ਹਾਂ ਜਾਣਕਾਰੀ ਨਹੀਂ ਦੇ ਸਕਦਾ।

- ਇਸ ਕੈਟਾਗਰੀ ਵਿੱਚ ਸਭ ਤੋਂ ਜ਼ਿਆਦਾ ਮਨਪਸੰਦ ਆਈਪੈਡ 2 ਹੈ ਜਿਸ 'ਚ 16.32 ਅਤੇ 64 ਜੀਬੀ ਦੇ ਔਪਸ਼ਨ ਹਨ। ਮੈਮਰੀ ਆਕਾਰ ਵਿੱਚ ਸਭ ਤੋਂ ਵਧੀਆ 32 ਜੀਬੀ ਆਕਾਰ ਹੈ। ਇਹ ਨਾ

ਜ਼ਿਆਦਾ ਮਹਿੰਗਾ ਅਤੇ ਨਾ ਲੋੜ ਤੋਂ ਘੱਟ ਪੈਣ ਵਾਲਾ ਆਕਾਰ ਹੈ। ਇਸ ਤੋਂ ਇਲਾਵਾ ਜੇਕਰ ਤੁਸੀਂ ਟੈਬਲੇਟ ਦੀ ਕਿਤੇ ਵੀ ਵਰਤੋਂ ਕਰਨਾ ਚਾਹੁੰਦੇ ਹੋ ਤਾਂ ਅਸੀਂ ਸਲਾਹ ਦੇਵੇਗਾ ਕਿ 3ਜੀ ਵਾਲਾ ਔਪਸਨ ਲਵੋ। ਇਹ ਕੇਵਲ 22 ਹਜ਼ਾਰ ਰੁ: ਵਿੱਚ ਆਉਂਦਾ ਹੈ, ਘਰ ਜਾਂ ਦਫ਼ਤਰ ਵਿੱਚ ਜ਼ਿਆਦਾ ਵਰਤੋਂ ਕਰਨੀ ਹੋਵੇ ਤਾਂ ਵਾਈ-ਫਾਈ ਨਾਲ ਕੰਮ ਚੱਲ ਸਕਦਾ ਹੈ। ਸੈਮਸੰਗ 750 ਵੀ 10 ਇੰਚ ਦੀ ਸਕਰੀਨ ਸਾਈਜ ਦੇ ਨਾਲ ਚੰਗਾ ਆਪਸਨ ਹੈ, ਜਿਹੜਾ ਆਈ ਪੈਡ ਤੋਂ ਵੀ ਜ਼ਿਆਦਾ ਸਲੀਕ ਹੈ ਅਤੇ ਐਂਡ੍ਰੀਯਡ 3 'ਤੇ ਚੱਲਦਾ ਹੈ।

ਕਿਹੜੇ ਸਾਈਜ਼ ਦੀ ਡਿਵਾਈਸ ਚੁਣੀਏ :

– ਹੁਣ ਤੱਕ 10 ਇੰਚ ਦੀ ਸਕਰੀਨ ਨੂੰ ਪੂਰੀ ਟੈਬਲੇਟ ਜਾਣਕਾਰੀ ਦੇ ਲਈ ਪਸੰਦ ਕੀਤਾ ਜਾ ਰਿਹਾ ਪਰ ਅਜਿਹੇ ਲੋਕਾਂ ਦੀ ਘਾਟ ਨਹੀਂ ਹੈ ਜੋ ਇਸਨੂੰ ਕੁਝ ਜ਼ਿਆਦਾ ਵੱਡਾ ਆਕਾਰ (ਸਾਈਜ) ਮੰਨਦੇ ਹਨ। 10 ਇੰਚ ਦਾ ਟੈਬਲੇਟ ਤੁਹਾਡੇ ਪਰਸ 'ਚ ਤਾਂ ਆਸਾਨੀ ਨਾਲ ਆ ਜਾਂਦਾ ਹੈ ਪਰ ਤੁਸੀਂ ਇਸਨੂੰ ਆਪਣੀ ਕੋਟ ਦੀ ਜੇਬ ਵਿੱਚ ਨਹੀਂ ਫਿਟ ਕਰ ਸਕਦੇ। ਇਸਨੂੰ ਤੁਹਾਨੂੰ ਹੱਥ ਵਿੱਚ ਫੜਕੇ ਲਿਜਾਣਾ ਪਵੇਗਾ, ਇਸ ਲਈ ਸੱਤ ਇੰਚ ਦਾ ਸਾਈਜ ਠੀਕ ਰਹੇਗਾ।

– ਸੱਤ ਇੰਚ ਦੀ ਸਕਰੀਨ ਸਾਈਜ ਵਿੱਚ ਵੀ ਤੁਹਾਨੂੰ ਇਹ ਦੇਖਣਾ ਹੋਵੇਗਾ ਕਿ ਆਪਰੇਟਿੰਗ ਸਿਸਟਮ ਕਿਹੋ ਜਿਹਾ ਹੈ ਅਤੇ ਹਾਰਡਵੇਅਰ ਦੀ ਕਵਾਲਟੀ ਕਿਵੇਂ ਹੈ। ਛੋਟੇ ਸਾਈਜ਼ ਦੀ ਟੈਬਲੇਟ ਵਿੱਚ ਹਾਰਡਵੇਅਰ ਕਵਾਲਟੀ ਆਮ ਤੌਰ 'ਤੇ ਉਮੀਦ ਤੋਂ ਘੱਟ ਰਹਿ ਜਾਂਦੀ ਹੈ। ਇਸ ਤੋਂ ਇਲਾਵਾ ਉਹਨਾਂ ਦੀ ਪਰੋਸੇਸਰ ਐਨੇ ਤੇਜ (ਫਾਸਟ) ਨਹੀਂ ਹਨ ਕਿ ਤੁਹਾਡੀ ਕੰਪਿਊਟਿੰਗ ਜ਼ਰੂਰਤਾਂ 'ਤੇ ਫਿਟ ਹੋਣ।

– ਪ੍ਰੋਸੇਸਰ ਘੱਟ ਤੋਂ ਘੱਟ ਇੱਕ ਜਾਂ ਇਸ ਤੋਂ ਜ਼ਿਆਦਾ ਗੀਗਾ ਹਾਰਟਜ ਦਾ ਹੋਣਾ ਚਾਹੀਦਾ ਹੈ ਨਹੀਂ ਤਾਂ ਕੰਮ ਦੌਰਾਨ ਹੈਂਗ ਹੋਣ ਦੀ ਸਮੱਸਿਆਵਾਂ ਵੀ ਸਾਹਮਣੇ ਆਉਣਗੀਆਂ। ਜੇਕਰ ਤੁਸੀਂ ਬਲੈਕਬੇਰੀ ਫੋਨ ਦੀ ਵਰਤੋਂ ਕਰਦੇ ਹੋ ਤਾਂ ਬਲੈਕਬੇਰੀ ਪਲੇਬੁਕ ਤੁਹਾਡੀ ਪਸੰਦ ਬਣ ਸਕਦੀ ਹੈ।

– ਜੇਕਰ ਤੁਸੀਂ ਟੈਬਲੇਟ ਦੇ ਨੋਟ ਲੈਣ ਦੇ ਲਈ ਵਰਤੋਂ ਕਰਨਾ ਚਾਹੁੰਦੇ ਹੋ ਤਾਂ 7 ਇੰਚ ਦੀ ਸਕਰੀਨ ਸਾਈਜ ਵਿੱਚ ਐਚਟੀਸੀ ਫਲਾਇਰ ਬਹੁਤ ਵਧੀਆ ਹੈ। ਐਂਡ੍ਰਾਯਡ 2.3 'ਤੇ ਚੱਲਣ ਵਾਲੇ ਇਸ ਟੈਬਲੇਟ ਵਿੱਚ 1.5 ਗੀਗਾ ਹਾਰਟਜ ਦਾ ਪ੍ਰੋਸੈਸਰ ਹੈ। ਇਸ ਵਿੱਚ ਟੈਬਲੇਟ ਨੂੰ ਨੋਟਪੈਡ ਦੀ ਤਰ੍ਹਾਂ ਵਰਤਣ ਦੇ ਫੀਚਰ ਅਲੱਗ ਦਿੱਤੇ ਗਏ ਹਨ। ਭਾਵੇਂ ਦੂਸਰੇ ਟੈਬਲੇਟ ਵਿੱਚ ਵੀ ਤੁਹਾਨੂੰ ਇਹ ਸਹੂਲਤ ਮਿਲ ਜਾਣਗੇ, ਜੋ ਸਕਰੀਨ 'ਤੇ ਹੱਥ ਨਾਲ ਲਿਖਣ ਦੇ ਫੀਚਰ ਦਿੰਦੇ ਹਨ ਪਰ ਫਲਾਇਰ ਵਿੱਚ ਇਹ ਫੀਚਰ ਬੇਹੱਦ ਸੌਖੇ ਢੰਗ ਨਾਲ ਦਿੱਤਾ ਗਿਆ ਹੈ।

ਲੈਪਟਾਪ ਦਾ ਬਾਜ਼ਾਰ ਘੱਟ ਕਰ ਦੇਵੇਗਾ ਟੈਬਲੇਟ ਕੰਪਿਊਟਰ : ਕੰਪਿਊਟਰ ਸੈਕਟਰ ਨਾਲ ਸੰਬੰਧਿਤ ਕੁਝ ਜਾਣਕਾਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਡੈਸਕਟਾਪ ਕੰਪਿਊਟਰ ਅਤੇ ਲੈਪਟਾਪ ਦੇ ਦਿਨ ਬਦਲ ਜਾਣਗੇ ਅਤੇ ਇਹਨਾਂ ਦੀ ਥਾਂ ਟੈਬਲੇਟ ਕੰਪਿਊਟਰ ਲੈ ਲੈਣਗੇ।

ਇਸਦਾ ਕਾਰਨ ਟੈਬਲੇਟ ਦਾ ਆਕਾਰ ਭਾਵ ਸਾਈਜ ਹੈ। ਇਸਨੂੰ ਕਿਤੇ ਲੈ ਜਾਣ ਬਾਰੇ 'ਚ ਖਾਸ ਗੱਲਾਂ ਨੂੰ ਦੱਸਿਆ ਹੈ। ਜਾਣਕਾਰਾਂ ਦੇ ਅਨੁਸਾਰ ਭਵਿੱਖ ਵਿੱਚ ਡੈਸਕਟਾਪ, ਕੰਪਿਊਟਰ ਅਤੇ ਹੋਰ ਅਨੇਕਾਂ ਉਤਪਾਦਨਾਂ ਦੀ ਵਰਤੋਂ ਸਿਰਫ਼ ਔਖੇ ਅਤੇ ਬੇਹੱਦ ਜ਼ਰੂਰੀ ਕੰਮਾਂ ਲਈ ਕੀਤਾ ਜਾਵੇਗਾ।

ਮੁੰਬਈ ਸਥਿਤ ਟਾਟਾ ਇੰਸਟੀਚਊਟ ਆਫ਼ ਫੰਡਾਮੈਟਲ ਰਿਸਚਰ ਵਿੱਚ ਕੰਪਿਊਟਰ ਵਿਗਿਆਨ ਦੀ ਪ੍ਰੋਫੇਸਰ ਸੁਗਤਾ ਕਹਿੰਦੀ ਹੈ, "ਨਿੱਜੀ ਕੰਪਿਊਟਰਾਂ (ਪੀਸੀ) ਅਤੇ ਲੈਪਟਾਪ ਦੁਆਰਾ ਜਿੰਨਾਂ ਕੰਮ ਕੀਤਾ ਜਾਂਦਾ ਹੈ, ਉਨ੍ਹਾਂ ਕੰਮ ਟੈਬਲੇਟ ਵੀ ਕਰ ਸਕਦੇ ਹਨ। ਲੋਕਾਂ ਨੂੰ ਹੁਣ ਬੁਝਾਰਤ ਦੀ ਤਰ੍ਹਾਂ ਲੈਪਟਾਪ ਅਤੇ ਕੰਪਿਊਟਰ ਲੈਣ ਦੀ ਕੋਈ ਜ਼ਰੂਰਤ ਨਹੀਂ ਹੈ।"

ਦੂਜੇ ਪਾਸੇ, ਕਲਕੱਤਾ ਵਿੱਚ ਸਥਿਤ ਭਾਰਤੀ ਸੱਖਿਅਕ ਸੰਸਥਾ (ਆਈਐਸਆਈ) ਵਿੱਚ ਕੰਪਿਊਟਰ ਵਿਗਿਆਨ ਦੇ ਪ੍ਰੋਫੈਸਰ ਦਾ ਕਹਿਣਾ ਹੈ ਕਿ, 'ਟੈਬਲੇਟ ਕੰਪਿਊਟਰ ਇਕ ਮਿਸਾਲ ਕਾਇਮ ਕਰੇਗਾ ਹੁਣ ਬਸ ਇੰਤਜ਼ਾਰ ਕਰੋ ਜਦ ਤੱਕ ਲੋਕ ਮੋਬਾਇਲ ਫੋਨ ਵਰਗੇ ਛੋਟੇ ਯੰਤਰਾਂ ਨੂੰ ਰੱਖਣ ਦੀ ਆਦਤ ਨਾ ਪੈ ਜਾਵੇ।'

ਤਫ਼ਤੀਸ਼ ਤਾਂ ਨਹੀਂ ਕਰ ਰਿਹਾ ਫੋਨ : ਅੱਜਕਲ੍ਹ ਫ਼ੋਨ ਜਾਸੂਸ ਦੀ ਸੰਖਿਆ ਦਿਨੋ ਦਿਨ ਵੱਧ ਰਹੀ ਹੈ। ਸਾਨੂੰ ਪਤਾ ਹੈ ਕਿ ਇਸਦੇ ਅਨੇਕਾਂ ਲਾਭ ਹਨ ਪਰ ਇਸਦੇ ਨੁਕਸਾਨ ਵੀ ਘੱਟ ਨਹੀਂ ਹਨ। ਪਿਛਲੇ ਦਿਨਾਂ ਵਿੱਚ ਆਈ ਇੱਕ ਰਿਪੋਰਟ ਦੁਆਰਾ ਪਤਾ ਲੱਗਿਆ ਕਿ ਹੁਣ ਸਮਾਟਫੋਨ ਉਸਦੀ ਵਰਤੋਂ ਕਰਨ ਵਾਲੇ ਦੀ ਜਾਸੂਸੀ ਵੀ ਕਰਨ ਲੱਗੇ ਹਨ। ਹੁਣ ਦੇ ਯੁੱਗ 'ਚ ਸਮਾਟਫੋਨ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਅਜਿਹੇ ਸਮੇਂ ਵਿੱਚ ਫ਼ੋਨਾਂ ਤੋਂ ਹੋਣ ਵਾਲੇ ਲਾਭਾਂ ਅਤੇ ਨੁਕਸਾਨਾਂ ਬਾਰੇ ਸੋਚਣਾ ਬਹੁਤ ਜ਼ਰੂਰੀ ਹੈ। ਪਿਛਲੇ ਦਿਨਾਂ ਵਿੱਚ ਇਸ ਤਰ੍ਹਾਂ ਦੇ ਕਈ ਕੇਸ ਸਾਹਮਣੇ ਆਏ ਹਨ ਜਿਹਨਾਂ ਵਿੱਚ ਪਤਾ ਲੱਗਿਆ ਕਿ ਸਮਾਟਫੋਨ ਦੇ ਲਾਭ ਤਾਂ ਅਨੇਕ ਹਨ ਅਤੇ ਨੁਕਸਾਨ ਵੀ ਘੱਟ ਨਹੀਂ।

ਤੁਸੀਂ ਜਾਣ ਕੇ ਹੈਰਾਨ ਹੋਵੋਗੇ ਕਿ ਜੇਕਰ ਤੁਸੀਂ ਕਿਸੇ ਸਮਾਟਫੋਨ ਦੀ ਵਰਤੋਂ ਕਰ ਰਹੇ ਹੋ, ਤਾਂ ਇਹ ਵੀ ਹੋ ਸਕਦਾ ਹੈ ਕਿ ਤੁਹਾਡਾ ਫੋਨ ਤੁਹਾਡੀ ਜਾਸੂਸੀ ਕਰ ਰਿਹਾ ਹੋਵੇ। ਤੁਹਾਡੀਆਂ ਜਾਣਕਾਰੀਆਂ ਨੂੰ ਕਿਤੇ ਹੋਰ ਪਹੁੰਚਾ ਰਿਹਾ ਹੋਵੇ। ਇਹ ਤਾਂ ਸਾਫ਼ ਹੈ ਇਸ ਤਰ੍ਹਾਂ ਦਾ ਕੋਈ ਵੀ ਕੰਮ ਤੁਹਾਡੇ ਲਈ ਹਾਨੀਕਾਰਕ ਹੋ ਸਕਦਾ ਹੈ। ਇੱਕ ਸਰਵੇ ਦੀ ਰਿਪੋਰਟ ਦੁਆਰਾ ਪਤਾ ਚੱਲਦਾ ਹੈ ਕਿ ਫ਼ੋਨ ਵਿੱਚ ਇੱਕ ਚਿੱਪ ਪਾਈ ਜਾਂਦੀ ਹੈ ਜਿਸ ਦੁਆਰਾ ਚੁੱਪਚਾਪ ਤੁਹਾਡੀ ਜਾਣਕਾਰੀ ਫ਼ੋਨ ਓਪਰੇਟਰ ਤੱਕ ਪਹੁੰਚਾਈ ਜਾਂਦੀ ਹੈ।

- ਅਮਿੱਤ ਮਿੱਤਰ
tarksheel@gmail.com

ਇੱਕ ਮਹਾਨ ਵਿਗਿਆਨੀ

ਆਈਜ਼ਕ ਨਿਊਟਨ

(1642-1727 ਈਸਵੀ)

ਡਾ. ਜਤਿੰਦਰਪਾਲ ਸਿੰਘ

ਹਰ ਰੋਜ਼ ਦਰਖਤਾਂ ਨਾਲੋਂ ਟੁੱਟ ਕੇ ਸੇਬ ਅਤੇ ਹੋਰ ਫਲ ਜ਼ਮੀਨ ਉਪਰ ਜਾਂ ਲੋਕਾਂ ਦੇ ਸਿਰ ਉੱਪਰ ਡਿੱਗਦੇ ਰਹਿੰਦੇ ਹਨ ਪਰ ਨਿਊਟਨ ਨਾਂ ਦੇ ਵਿਗਿਆਨੀ ਦੇ ਸਿਰ ਉਪਰ ਡਿੱਗਿਆ ਸੇਬ ਇੱਕ ਅਜਿਹੀ ਘਟਨਾ ਸੀ ਜਿਸਨੇ ਦੁਨੀਆਂ ਦੇ ਸਾਹਮਣੇ "ਯੂਨੀਵਰਸਲ ਗ੍ਰੇਵੀਟੇਸ਼ਨ ਦਾ ਸਿਧਾਂਤ" ਜਾਂ "ਗੁਰੁਤਵੀ ਖਿੱਚ ਦਾ ਸਿਧਾਂਤ" ਲਿਆ ਦਿੱਤਾ। ਇੱਕ ਦਿਨ ਨਿਊਟਨ ਨਾਂ ਦਾ ਮਹਾਨ ਵਿਗਿਆਨੀ ਬਾਗ ਵਿੱਚ ਖੜ੍ਹਾ ਸੀ ਕਿ ਅਚਾਨਕ ਦਰੱਖਤ ਨਲੋਂ ਸੇਬ ਟੁੱਟ ਕੇ ਉਸ ਦੇ ਸਿਰ ਉਪਰ ਆ ਡਿੱਗਿਆ। ਨਿਊਟਨ ਨੇ ਸੋਚਿਆ ਕਿ ਇਹ ਸੇਬ ਹੇਠਾਂ ਧਰਤੀ ਵੱਲ ਹੀ ਕਿਉਂ ਡਿੱਗਿਆ ਹੈ। ਉੱਪਰ ਆਕਾਸ਼ ਵੱਲ ਕਿਉਂ ਨਹੀਂ ਗਿਆ। ਇਸੇ ਸੋਚ ਵਿੱਚੋਂ ਉਸਨੇ ਇੱਕ ਮਹੱਤਵਪੂਰਨ ਸਿਧਾਂਤ ਦੁਨੀਆਂ ਦੇ ਸਾਹਮਣੇ ਪੇਸ਼ ਕਰਦੇ ਹੋਏ ਕਿਹਾ ਕਿ ਬ੍ਰਹਿਮੰਡ ਵਿੱਚ ਹਰੇਕ ਵਸਤੂ ਦੂਜੀ ਵਸਤੂ ਨੂੰ ਆਪਣੇ ਵੱਲ ਖਿੱਚਦੀ ਹੈ। ਕਿਸੇ ਦੋ ਵਸਤੂਆਂ ਵਿਚਲੀ ਖਿੱਚ ਉਨ੍ਹਾਂ

ਦੇ ਪੁੰਜ ਦਾ ਸਿੱਧਾ ਅਨੁਪਾਤੀ ਹੁੰਦੀ ਹੈ। ਨਿਊਟਨ ਨੇ ਡਿੱਗਦੇ ਹੋਏ ਸੇਬ ਨੂੰ ਦੇਖ ਕੇ ਇਹ ਸਿੱਟਾ ਵੀ ਕੱਢਿਆ ਕਿ ਧਰਤੀ ਵਿੱਚ ਜ਼ਰੂਰ ਕੋਈ ਅਜਿਹੀ ਖਿੱਚ ਹੈ ਜਿਹੜੀ ਹੋਰਨਾਂ ਵਸਤੂਆਂ ਨੂੰ ਆਪਣੇ ਵੱਲ ਖਿੱਚਦੀ ਹੈ। ਇਹ 1665-66 ਈਸਵੀ ਦੇ ਕਿਸੇ ਦਿਨ ਦੀ ਗੱਲ ਹੈ। ਡਿੱਗਦੇ ਹੋਏ ਸੇਬ ਨੂੰ ਦੇਖ ਕੇ ਨਿਊਟਨ ਦੀ ਸੋਚ ਉਥੇ ਹੀ ਅਟਕ ਗਈ ਅਤੇ ਉਹ ਵਿਚਾਰਾਂ ਵਿੱਚ ਡੁੱਬ ਗਿਆ। ਕਾਫੀ ਲੰਬੀ ਸੋਚ-ਵਿਚਾਰ ਤੋਂ ਬਾਅਦ ਉਸ ਨੇ 'ਮਾਦਾ ਦੀ ਆਕਰਖਣ ਸ਼ਕਤੀ ਦਾ ਸਿਧਾਂਤ' ਦਿੱਤਾ। ਇਸ ਸਿਧਾਂਤ ਬਾਰੇ ਕਾਫੀ ਵਿਚਾਰਨ ਤੋਂ ਬਾਅਦ 1685-86 ਈਸਵੀ ਵਿੱਚ ਇੱਕ ਖੋਜ ਪਰਚੇ ਦੇ ਰੂਪ ਪ੍ਰਕਾਸ਼ਿਤ ਕਰਵਾਇਆ।

ਜੇਕਰ ਦੇਖੀਏ ਤਾਂ ਗੁਰੁਤਵੀ ਖਿੱਚ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਬ੍ਰਹਿਮੰਡ ਵਿੱਚ ਕਿਸੇ ਵੀ ਦੋ ਵਸਤੂਆਂ ਵਿੱਚ ਆਪਸੀ ਖਿੱਚ ਬਾਰੇ ਸਾਡਾ ਗਿਆਨ ਮਹਾਨ ਵਿਗਿਆਨੀ ਸਰ ਆਈਜ਼ਕ ਨਿਊਟਨ ਦੀ ਦੇਣ ਹੈ। ਉਸ ਦੁਆਰਾ ਦਿੱਤੇ ਗਏ ਸਿਧਾਂਤ ਤੋਂ ਬਾਅਦ ਹੀ ਦੁਨੀਆਂ ਨੂੰ ਪਤਾ ਲੱਗਿਆ ਕਿ ਬ੍ਰਹਿਮੰਡ ਵਿੱਚ ਮੌਜੂਦ ਸੂਰਜ, ਚੰਦ, ਤਾਰੇ, ਚੰਦਰਮਾ ਅਤੇ ਧਰਤੀ ਵਰਗੇ ਅਨੇਕਾਂ ਆਕਾਸ਼ੀ ਪਿੰਡ ਚੱਕਰ ਨੁਮਾ ਪਥ ਉੱਪਰ ਕਿਉਂ ਘੁੰਮੀ ਜਾ ਰਹੇ ਹਨ। ਆਕਰਸ਼ਣ ਸ਼ਕਤੀ ਦੇ ਅਧੀਨ ਬੱਝੇ ਹੋਏ ਇਹ ਆਕਾਸ਼ੀ ਪਿੰਡ ਪੁਲਾੜ ਵਿੱਚ ਲਗਾਤਾਰ ਘੁੰਮੀ ਜਾ ਰਹੇ ਹਨ। ਭਾਰੇ ਆਕਾਸ਼ੀ ਪਿੰਡਾਂ ਦੁਆਰਾ ਹਲਕੀਆਂ-ਹਲਕੀਆਂ ਵਸਤੂਆਂ ਨੂੰ ਆਪਣੇ ਵੱਲ ਖਿੱਚ ਕੇ ਰੱਖਿਆ ਹੋਇਆ ਹੈ।

ਸਰ ਆਈਜ਼ਕ ਨਿਊਟਨ ਦਾ ਜਨਮ 25 ਦਸੰਬਰ 1642 ਈਸਵੀ ਨੂੰ ਇੰਗਲੈਂਡ ਵਿੱਚ ਵੂਲਜ਼ਥੋਰਪ ਨਾਂ ਦੇ ਸਥਾਨ ਉੱਤੇ ਹੋਇਆ। ਉਸ ਦੇ ਜਨਮ ਤੋਂ ਪਹਿਲਾਂ ਹੀ ਉਸਦਾ ਪਿਤਾ ਮਰ ਚੁੱਕਿਆ ਸੀ। ਨਿਊਟਨ ਦੇ ਜਨਮ ਸਮੇਂ ਡਾਕਟਰਾਂ ਦਾ ਕਹਿਣਾ ਸੀ ਕਿ ਬੱਚੇ ਦਾ ਬਚਣਾ ਬਹੁਤ ਹੀ ਮੁਸ਼ਕਲ ਹੈ। ਸੁਭਾਗ ਵਸ ਨਿਊਟਨ ਨਾਂ ਦੇ ਬੱਚੇ ਦਾ ਜਨਮ ਹੋ ਗਿਆ ਜੋ ਵੱਡਾ ਹੋ ਕੇ ਵਿਗਿਆਨ ਦੀ ਦੁਨੀਆਂ ਵਿੱਚ ਧਰੂ ਤਾਰੇ ਵਾਂਗ ਚਮਕਿਆ। ਤਿੰਨ ਸਾਲ ਤੱਕ ਉਸਦੀ ਮਾਤਾ ਉਸਨੂੰ ਪਾਲਦੀ ਰਹੀ। ਫਿਰ ਉਸ ਦੀ ਮਾਤਾ ਨੇ ਦੂਸਰਾ ਵਿਆਹ ਕਰ ਲਿਆ ਅਤੇ ਬੱਚੇ ਨਿਊਟਨ ਨੂੰ ਉਸਦੀ ਦਾਦੀ ਕੋਲ ਛੱਡ ਦਿੱਤਾ। ਬੁੱਢੀ ਦਾਦੀ ਨੇ ਨਿਊਟਨ ਨੂੰ ਬੜੇ ਲਾਡ ਪਿਆਰ ਨਾਲ ਪਾਲਿਆ। ਨਿਊਟਨ ਦਾ ਬਚਪਨ ਬਹੁਤ ਹੀ ਅਜੀਬੋ-ਗਰੀਬ ਕਿਸਮ ਦਾ ਸੀ। ਪਹਿਲੀ ਗੱਲ ਤਾਂ ਇਹ ਕਿ ਉਹ 12 ਸਾਲ ਦੀ ਉਮਰ ਵਿੱਚ ਸਕੂਲ ਜਾਣ ਲੱਗਿਆ। ਸਕੂਲ ਵਿੱਚ ਵੀ ਉਹ ਕੋਈ ਬਹੁਤ ਲਾਇਕ ਵਿਦਿਆਰਥੀ ਨਾ ਬਣ ਸਕਿਆ। ਉਹ ਸਿਰਫ ਡਰਾਇੰਗ ਕਰਦਾ ਰਹਿੰਦਾ ਜਾਂ ਭਿੰਨ-ਭਿੰਨ ਵਸਤੂਆਂ ਨਾਲ ਮਕੈਨਕੀ ਛੇੜ ਛਾੜ ਕਰਦਾ ਰਹਿੰਦਾ। ਉਹ ਘਰ ਵਿੱਚ ਇਕੱਲਾ ਰਹਿਣ ਕਾਰਨ ਇਕਾਂਤ ਨੂੰ ਵਧੇਰੇ ਪਸੰਦ ਕਰਨ ਲੱਗ ਪਿਆ ਸੀ। ਵਰਨਣਯੋਗ ਹੋਵੇਗਾ ਕਿ ਜਦੋਂ ਨਿਊਟਨ ਦਸ ਵਰ੍ਹਿਆਂ ਦੀ ਉਮਰ ਦਾ ਹੋਇਆ ਤਾਂ ਉਸ ਦੀ ਮਾਂ ਦੁਬਾਰਾ ਫਿਰ ਵਿਧਵਾ ਹੋ ਗਈ। ਹੁਣ ਉਹ ਆਪਣੇ ਪਹਿਲੇ ਪਤੀ ਦੇ ਘਰ ਆ ਕੇ ਨਿਊਟਨ ਨਾਲ ਰਹਿਣ ਲੱਗ ਪਈ। ਮਾਂ ਦੇ ਘਰ ਵਾਪਸ ਆਉਣ ਉਪਰੰਤ ਵੀ ਨਿਊਟਨ ਨੂੰ ਮਾਂ ਦਾ ਪਿਆਰ ਨਾ ਮਿਲ ਸਕਿਆ। ਨਿਊਟਨ ਅਤੇ ਉਸਦੀ ਮਾਂ ਦੌਰਾਨ ਲੜਾਈ-ਝਗੜਾ ਹੁੰਦਾ ਰਹਿੰਦਾ। ਨਿਊਟਨ ਦਾ ਮਾਮਾ ਕੈਂਬਰਿਜ ਵਿੱਚ ਟਰਿਨਟੀ ਕਾਲਜ ਦਾ ਮੈਂਬਰ ਸੀ। ਉਸਨੇ ਨਿਊਟਨ ਨੂੰ ਸਲਾਹ ਦਿੱਤੀ ਕਿ ਉਹ ਉਸ ਕਾਲਜ ਵਿੱਚ ਜਾ ਕੇ ਪੜ੍ਹਨ ਲੱਗ ਜਾਵੇ। ਜੂਨ 1961 ਈਸਵੀ ਵਿੱਚ ਨਿਊਟਨ ਨੇ ਟਰਿਨਟੀ ਕਾਲਜ ਵਿੱਚ ਦਾਖਲਾ ਲੈ ਲਿਆ। ਟਰਿਨਟੀ ਕਾਲਜ ਵਿੱਚ ਪੜ੍ਹਦੇ ਸਮੇਂ ਨਿਊਟਨ ਦੀ ਪ੍ਰਸਿੱਧ ਗਣਿਤ ਵਿਗਿਆਨੀ ਪ੍ਰੋਫ਼ੈਸਰ ਆਈਜ਼ਕ ਬੈਰੋ ਨਾਲ ਦੋਸਤੀ ਹੋ ਗਈ। ਪ੍ਰੋਫ਼ੈਸਰ ਬੈਰੋ ਦੀ ਸੰਗਤ ਵਿੱਚ ਰਹਿੰਦਿਆਂ ਨਿਊਟਨ ਨੇ ਬਹੁਤ ਕੁੱਝ ਸਿੱਖਿਆ। ਉਸ ਦਾ ਜੀਵਨ ਹੀ ਪਲਟ ਗਿਆ ਸੀ। ਟਰਿਨਟੀ ਕਾਲਜ ਵਿੱਚ ਪੜ੍ਹਦੇ ਆਈਜ਼ਕ ਨਿਊਟਨ ਅੰਦਰਲੀ ਕਾਬਲੀਅਤ ਨੂੰ ਪ੍ਰੋਫ਼ੈਸਰ ਬੈਰੋ ਨੇ ਲੱਭਿਆ ਅਤੇ ਉਹ ਉਸ ਨੂੰ ਲਗਾਤਾਰ ਆਪਣੀ ਨਿਗਰਾਨੀ ਵਿੱਚ ਰੱਖਦਾ ਅਤੇ ਸਿੱਖਿਆ ਦਿੰਦਾ ਰਹਿੰਦਾ। ਹੌਲੀ-ਹੌਲੀ ਉਨ੍ਹਾਂ ਦੋਵਾਂ ਦਾ ਰਿਸ਼ਤਾ ਅਧਿਆਪਕ-ਵਿਦਿਆਰਥੀ ਦਾ ਨਾ ਰਹਿ ਕੇ ਦੋਸਤੀ ਵਿੱਚ ਬਦਲ ਗਿਆ।

1665 ਈਸਵੀ ਵਿੱਚ ਨਿਊਟਨ ਨੇ ਟਰਿਨਟੀ ਕਾਲਜ ਵਿੱਚੋਂ ਗਣਿਤ ਦੇ ਵਿਸ਼ੇ ਨਾਲ ਬੀ. ਏ. ਦੀ ਡਿਗਰੀ ਹਾਸਲ ਕੀਤੀ। ਇਸੇ ਸਾਲ ਦੇ ਗਰਮੀ ਦੇ ਮਹੀਨਿਆਂ ਵਿੱਚ ਅਚਾਨਕ ਲੰਡਨ ਸ਼ਹਿਰ ਸਮੇਤ ਪੂਰੇ ਇੰਗਲੈਂਡ ਵਿੱਚ ਪਲੇਗ ਫੈਲ ਗਈ। ਇਸਦੇ ਨਤੀਜੇ ਵਜੋਂ ਨਿਊਟਨ ਨੂੰ ਵਾਪਸ ਆਪਣੇ ਜਨਮ ਸਥਾਨ ਵੂਲਜ਼ਥੋਰਪ ਆਉਣਾ ਪਿਆ। ਪਲੇਗ ਨਾਂ ਦੀ ਮਹਾਂਮਾਰੀ ਨਾਲ ਦੇਸ਼ ਦੀ ਤਕਰੀਬਨ ਦਸ ਪ੍ਰਤੀਸ਼ਤ ਆਬਾਦੀ ਮੌਤ ਦੇ ਮੂੰਹ ਵਿੱਚ ਜਾ ਪਈ ਸੀ। ਵੂਲਜ਼ਥੋਰਪ ਵਿੱਚ ਵਾਪਸ ਆ ਕੇ ਨਿਊਟਨ ਆਪਣੀ ਮਾਂ ਨਾਲ ਆਪਣੇ ਜੱਦੀ ਫਾਰਮ ਹਾਊਸ ਵਿੱਚ ਰਹਿਣ ਲੱਗਿਆ। ਉਸ ਸਮੇਂ ਸਰਕਾਰ ਨੇ ਪੂਰੇ ਦੇਸ਼ ਦੇ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਸਨ। ਜ਼ਿਕਰ ਮਿਲਦਾ ਹੈ ਕਿ ਕੈਂਬਰਿਜ ਯੂਨੀਵਰਸਿਟੀ ਵੀ ਤਕਰੀਬਨ ਡੇਢ ਸਾਲ ਬੰਦ ਰਹੀ। ਅਜਿਹੀ ਹਾਲਤ ਵਿੱਚ ਨਿਊਟਨ ਨੇ ਆਪਣੇ ਘਰ ਵਿੱਚ ਟਿਕ ਕੇ ਬੈਠਣਾ ਹੀ ਉੱਚਿਤ ਸਮਝਿਆ। ਕਿਹਾ ਜਾਂਦਾ ਹੈ ਕਿ ਨਿਊਟਨ ਦੇ ਜੀਵਨ ਦਾ ਇਹ ਸਮਾਂ ਸਭ ਤੋਂ ਵੱਧ ਸਾਰਥਿਕ ਸਾਬਤ ਹੋਇਆ। ਇਸ ਸਮੇਂ ਦੌਰਾਨ ਹੀ ਉਸ ਨੇ ਆਪਣੀਆਂ ਮਹੱਤਵਪੂਰਨ ਖੋਜਾਂ ਕੀਤੀਆਂ। 1665-66 ਈਸਵੀ ਦੇ ਸਮੇਂ ਨੂੰ ਨਿਊਟਨ ਦੇ ਜੀਵਨ ਦਾ ਸੁਨਹਿਰੀ ਸਮਾਂ ਕਿਹਾ ਜਾਂਦਾ ਹੈ।

1665-66 ਈਸਵੀ ਦੇ ਇੱਕ ਦਿਨ ਨਿਊਟਨ ਬਾਗ ਵਿੱਚ ਟਹਿਲ ਰਿਹਾ ਸੀ। ਦਰੱਖਤ ਨਾਲੋਂ ਟੁੱਟ ਕੇ ਇੱਕ ਸੇਬ ਜ਼ਮੀਨ ਉੱਪਰ ਡਿੱਗਿਆ। ਇਸੇ ਘਟਨਾ ਨੂੰ ਦੇਖ ਕੇ ਨਿਊਟਨ ਨੇ "ਮਾਦੇ ਦੀ

ਆਕਰਸ਼ਣ ਸ਼ਕਤੀ ਦਾ ਸਿਧਾਂਤ" ਦੁਨੀਆਂ ਦੇ ਸਾਹਮਣੇ ਰੱਖਿਆ। ਇਸ ਸਿਧਾਂਤ ਦੁਆਰਾ ਨਿਊਟਨ ਨੇ ਦੱਸਿਆ ਕਿ ਬ੍ਰਹਿਮੰਡ ਅੰਦਰ ਮੌਜੂਦ ਮਾਦੇ ਦਾ ਹਰ ਅਣੂ ਦੂਜੇ ਦੇ ਅਣੂ ਨੂੰ ਆਪਣੇ ਵੱਲ ਖਿੱਚਦਾ ਹੈ। ਉਨ੍ਹਾਂ ਵਿਚਲੀ ਇਹ ਖਿੱਚ ਉਨ੍ਹਾਂ ਦੇ ਆਪਣੇ ਪੁੰਜ ਉੱਤੇ ਨਿਰਭਰ ਕਰਦੀ ਹੈ। ਜਿਤਨਾ ਜ਼ਿਆਦਾ ਉਨ੍ਹਾਂ ਅਣੂਆਂ ਜਾਂ ਵਸਤੂਆਂ ਦਾ ਪੁੰਜ ਹੋਵੇਗਾ, ਉਤਨੀ ਜ਼ਿਆਦਾ ਉਨ੍ਹਾਂ ਵਿਚਲੀ ਖਿੱਚ ਹੋਵੇਗੀ। ਇਸਦੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ ਦੋ ਅਣੂਆਂ ਜਾਂ ਵਸਤੂਆਂ ਵਿੱਚ ਜਿਤਨੀ ਜ਼ਿਆਦਾ ਦੂਰੀ ਹੋਵੇਗੀ ਉਤਨੀ ਹੀ ਇਹ ਖਿੱਚ ਘਟਦੀ ਜਾਵੇਗੀ। ਜੇ ਦੋ ਵਸਤੂਆਂ ਵਿੱਚ ਦੂਰੀ ਪਹਿਲਾਂ ਨਾਲੋਂ ਦੁਗਣੀ ਅਤੇ ਫਿਰ ਚੌਗਣੀ ਕਰ ਦਿੱਤੀ ਜਾਵੇ ਤਾਂ ਇਹ ਖਿੱਚ ਪਹਿਲਾਂ ਨਾਲੋਂ ਕ੍ਰਮਵਾਰ ਚੌਥਾ ਹਿੱਸਾ ਤੇ ਸੋਲਵਾਂ ਹਿੱਸਾ ਰਹਿ ਜਾਵੇਗਾ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਦੋ ਵਸਤੂਆਂ ਵਿੱਚਲੀ ਖਿੱਚ ਉਨ੍ਹਾਂ ਦੇ ਪੁੰਜ ਅਤੇ ਉਨ੍ਹਾਂ ਵਿਚਕਾਰਲੀ ਦੂਰੀ ਉਪਰ ਨਿਰਭਰ ਕਰਦੀ ਹੈ। ਇਸੇ ਆਕਰਸ਼ਣ ਸ਼ਕਤੀ ਜਾਂ ਖਿੱਚ ਦੇ ਅਧੀਨ ਧਰਤੀ ਸੂਰਜ ਦੁਆਲੇ ਅਤੇ ਚੰਦਰਮਾਂ ਧਰਤੀ ਦੁਆਲੇ ਘੁੰਮ ਰਿਹਾ ਹੈ। ਬ੍ਰਹਿਮੰਡ ਵਿੱਚ ਮੌਜੂਦ ਕਿਸੇ ਫੁੱਲ ਦੀਆਂ ਹਲਕੀਆਂ ਜਿਹੀਆਂ ਪੱਤੀਆਂ ਤੋਂ ਲੈ ਕੇ ਭਾਰੀ-ਭਰਕਮ ਤਾਰਿਆਂ ਤੱਕ ਸਾਰੀਆਂ ਵਸਤੂਆਂ ਇੱਕ ਦੂਜੇ ਦੀ ਖਿੱਚ ਤੋਂ ਪ੍ਰਭਾਵਿਤ ਹੁੰਦੀਆਂ ਹਨ। ਨਿਊਟਨ ਨੇ ਆਪਣੀ ਗਣਿਤ ਵਿਦਿਆ ਨੂੰ ਵਰਤਦੇ ਹੋਏ ਇਹ ਵੀ ਦੱਸਿਆ ਕਿ ਚੰਦਰਮਾ ਧਰਤੀ ਅਤੇ ਧਰਤੀ ਸੂਰਜ ਦੁਆਲੇ ਗੋਲਾਕਰ ਨਹੀਂ ਬਲਕਿ ਅੰਡਾਕਾਰ ਚੱਕਰਾਂ ਵਿੱਚ ਘੁੰਮਦੇ ਹਨ। ਨਿਊਟਨ ਦੁਆਰਾ "ਮਾਦੇ ਦੀ ਆਕਰਸ਼ਣ ਸ਼ਕਤੀ ਦੇ ਸਿਧਾਂਤ" ਦੇ ਨਾਲ ਹੀ ਇਹ ਪਤਾ ਲੱਗ ਸਕਿਆ ਕਿ ਜਦੋਂ ਅਸੀਂ ਧਰਤੀ ਤੋਂ ਕਿਸੇ ਚੀਜ਼ ਨੂੰ ਵਗਾਹ ਕੇ ਉੱਪਰ ਵੱਲ ਸੁੱਟਦੇ ਹਾਂ ਤਾਂ ਇਹ ਵਾਪਸ ਧਰਤੀ ਦੇ ਉਪਰ ਕਿਉਂ ਆ ਡਿੱਗਦੀ ਹੈ। ਨਿਊਟਨ ਦੇ ਇਸੇ ਸਿਧਾਂਤ ਨੂੰ ਆਧਾਰ ਬਣਾ ਕੇ ਹੀ ਧਰਤੀ ਤੋਂ ਪੁਲਾੜ ਵੱਲ ਰਾਕਟ ਅਤੇ ਪੁਲਾੜੀ ਵਾਹਨ ਭੇਜੇ ਜਾ ਸਕਣੇ ਸੰਭਵ ਹੋਏ। ਮਨੁੱਖ ਦੀ ਚੰਦਰਮਾ ਤੱਕ ਦੀ ਫੇਰੀ ਵੀ ਨਿਊਟਨ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝ ਲੈਣ ਨਾਲ ਹੀ ਸੰਭਵ ਹੋ ਸਕੀ ਸੀ। ਵਰਣਨਯੋਗ ਹੋਵੇਗਾ ਕਿ ਚੰਦਰਮਾਂ ਉੱਪਰ ਆਪਣਾ ਪੈਰ ਰੱਖ ਕੇ ਆਉਣ ਵਾਲੇ ਪਹਿਲੇ ਮਨੁੱਖ ਨੀਲ ਆਰਮਸਟਰਾਂਗ ਨੂੰ ਜਦੋਂ ਪੁੱਛਿਆ ਗਿਆ ਕਿ ਉਹ ਕਿਹੜੇ-ਕਿਹੜੇ ਵਿਗਿਆਨੀਆਂ ਦੀਆਂ ਖੋਜਾਂ ਦੇ ਸਦਕਾ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਇਆ ਸੀ ਤਾਂ ਉਸ ਨੇ ਸਭ ਤੋਂ ਪਹਿਲਾ ਨਾਂ ਸਰ ਆਈਜ਼ਕ ਨਿਊਟਨ ਦਾ ਹੀ ਲਿਆ ਸੀ।

1665 ਈਸਵੀ ਵਿੱਚ ਨਿਊਟਨ ਨੇ "ਬਾਈਨਾਮੀਅਲ ਥਿਊਰਮ" ਤਿਆਰ ਕੀਤੀ। ਇੱਕ ਸਾਲ ਬਾਅਦ ਯਾਨੀ ਕਿ 1666 ਈਸਵੀ ਵਿੱਚ, ਉਸਨੇ "ਇੰਨਟੈਗਰਲ ਕੈਲਕੂਲਸ" ਨੂੰ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ। 1667 ਈਸਵੀ ਵਿੱਚ ਜਦੋਂ ਕੈਂਬਰਿਜ ਯੂਨੀਵਰਸਿਟੀ ਛੁੱਟੀਆਂ ਤੋਂ ਬਾਅਦ ਖੁੱਲ੍ਹੀ ਤਾਂ ਨਿਊਟਨ ਨੂੰ ਟਰਿਨਟੀ ਕਾਲਜ ਵਿੱਚ ਲੈਕਚਰਾਰ ਦਾ ਅਹੁਦਾ ਮਿਲ ਗਿਆ। ਇਥੇ ਰਹਿੰਦਿਆਂ ਹੋਇਆਂ ਨਿਊਟਨ ਨੂੰ ਪ੍ਰੋਫ਼ੈਸਰ ਬੈਰੋ ਦੀ ਸੰਗਤ ਕਰਨ ਦਾ ਮੌਕਾ ਦੁਬਾਰਾ ਤੋਂ ਮਿਲ ਗਿਆ। 1669 ਈਸਵੀ ਵਿੱਚ ਪ੍ਰੋਫ਼ੈਸਰ ਬੈਰੋ ਨੇ ਆਪਣੀ ਨੌਕਰੀ ਤੋਂ ਅਸਤੀਫਾ ਦਿੰਦਿਆਂ ਕਿਹਾ ਕਿ ਨਿਊਟਨ ਨੂੰ ਉਸਦੀ ਜਗ੍ਹਾ ਇਸ ਨੌਕਰੀ ਉੱਪਰ ਲਗਾਇਆ ਜਾਵੇ। ਇਸ ਤਰ੍ਹਾਂ ਹੁਣ 26 ਵਰ੍ਹਿਆਂ ਦਾ ਨਿਊਟਨ ਕੈਂਬਰਿਜ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਬਣ ਗਿਆ।

ਇੱਕ ਦਿਨ ਨਿਊਟਨ ਆਪਣੇ ਦੋਸਤ ਜੋਹਨ ਵਿਕਿਨਸ ਨਾਲ ਕੈਂਬਰਿਜ ਵਿੱਚ ਮੇਲਾ ਦੇਖਣ ਗਿਆ। ਮੇਲੇ ਵਿੱਚ ਉਸਨੂੰ ਇੱਕ ਪ੍ਰਿਜ਼ਮ ਪਸੰਦ ਆ ਗਿਆ ਜੋ ਉਸਨੇ ਖ੍ਰੀਦ ਲਿਆ। ਪ੍ਰਯੋਗਸ਼ਾਲਾ ਵਿੱਚ ਵਾਪਸ ਆ ਕੇ ਨਿਊਟਨ ਨੇ ਇਸ ਪ੍ਰਿਜ਼ਮ ਨਾਲ ਪ੍ਰਕਾਸ਼ ਬਾਰੇ ਪ੍ਰਯੋਗ ਕਰਨੇ ਸ਼ੁਰੂ ਕਰ ਦਿੱਤੇ। ਕਿਹਾ ਜਾਂਦਾ ਹੈ ਪ੍ਰਕਾਸ਼ ਦੀਆਂ ਵਿਸ਼ੇਸ਼ਤਾਵਾਂ ਬਾਰੇ ਪ੍ਰਯੋਗ ਕਰਦੇ ਸਮੇਂ ਨਿਊਟਨ ਕਈ ਵਾਰ ਆਪਣਾ ਖਾਣਾ ਵੀ ਭੁੱਲ ਜਾਂਦਾ। ਬਗੈਰ ਕਿਸੇ ਭੁੱਖ ਜਾਂ ਤ੍ਰੇਹ ਨੂੰ ਮਹਿਸੂਸ ਕੀਤੇ ਉਹ ਦਿਨ ਰਾਤ ਭਰ ਆਪਣੇ ਪ੍ਰਯੋਗਾਂ ਵਿੱਚ ਲੱਗਾ ਰਹਿੰਦਾ। ਇੱਕ ਦਿਨ ਉਹ ਆਪਣੇ ਹਨੇਰੇ ਕਮਰੇ ਵਿੱਚ ਬੈਠਾ ਸੀ। ਉਸਨੇ ਦੇਖਿਆ ਕਿ ਖਿੜਕੀ ਦੇ ਅੰਦਰ ਲੱਗੇ ਪਰਦੇ ਵਿਚਲੀਆਂ ਝੀਥਾਂ ਵਿੱਚੋਂ ਸੂਰਜ ਦੀ ਰੋਸ਼ਨੀ ਦੀਆਂ ਕਿਰਨਾਂ ਆ ਕੇ ਕੱਚ ਦੇ ਪ੍ਰਿਜ਼ਮ ਨਾਲ ਟਕਰਾ ਰਹੀਆਂ ਸਨ। ਪ੍ਰਿਜ਼ਮ ਨਾਲ ਟਕਰਾਉਣ ਉਪਰੰਤ ਇਹ ਪ੍ਰਕਾਸ਼ ਕਿਰਨਾਂ ਪਰਾਵਰਤਿਤ ਹੋ ਰਹੀਆਂ ਸਨ। ਇਥੇ ਇਹ ਦੱਸਣਾ ਲਾਜ਼ਮੀ ਹੋਵੇਗਾ ਕਿ ਪ੍ਰਿਜ਼ਮ ਇੱਕ ਤਰੈਕੋਣੀ ਆਕਾਰ ਦਾ ਸ਼ੀਸ਼ਾ ਜਾਂ ਕੱਚ ਦਾ ਟੁਕੜਾ ਹੁੰਦਾ ਹੈ। ਨਿਊਟਨ ਨੇ ਦੇਖਿਆ ਕਿ ਪ੍ਰਕਾਸ਼ ਦੀਆਂ ਕਿਰਨਾਂ ਪ੍ਰਿਜ਼ਮ ਵਿੱਚੋਂ ਨਿਕਲਣ ਉਪਰੰਤ ਕਈ ਅਲੱਗ-ਅਲੱਗ ਰੰਗਾਂ ਦੇ ਰੂਪ ਵਿੱਚ ਦਿਖਾਈ ਦੇ ਰਹੀਆਂ ਸਨ। ਇਹ ਰੰਗ ਬਿਲਕੁਲ ਉਸੇ ਹੀ ਕ੍ਰਮ ਵਿੱਚ ਸਨ ਜਿਵੇਂ ਮੀਂਹ ਪੈਣ ਤੋਂ ਬਾਅਦ ਆਸਮਾਨ ਵਿੱਚ ਬਣੀ ਸਤਰੰਗੀ ਪੀਂਘ ਵਿਚਲੇ ਰੰਗ ਹੁੰਦੇ ਹਨ। ਇਸ ਦ੍ਰਿਸ਼ਟਾਂਤ ਨੂੰ ਦੇਖਣ ਉਪਰੰਤ ਨਿਊਟਨ ਨੇ ਸਿੱਟਾ ਕੱਢਿਆ ਕਿ ਸਫੈਦ ਰੋਸ਼ਨੀ ਵਿੱਚ ਸੱਤ ਰੰਗ ਮੌਜੂਦ ਹੁੰਦੇ ਹਨ। ਜਾਂ ਇਸ ਤਰ੍ਹਾਂ ਕਹਿ ਲਈਏ ਕਿ ਸੂਰਜ ਦੀ ਰੋਸ਼ਨੀ ਜਾਂ ਸਫ਼ੈਦ ਪ੍ਰਕਾਸ਼ ਸੱਤ ਰੰਗਾਂ ਦੇ ਸੁਮੇਲ ਤੋਂ ਬਣਿਆ ਹੁੰਦਾ ਹੈ। ਇਹਨਾਂ ਸੱਤ ਰੰਗਾਂ ਦੇ ਨਾਂ ਹਨ ਬੈਂਗਣੀ, ਜਾਮਣੀ, ਨੀਲਾ, ਹਰਾ, ਪੀਲਾ, ਸੰਗਤਰੀ ਅਤੇ ਲਾਲ।

ਨਿਊਟਨ ਨੇ ਸਫ਼ੈਦ ਰੋਸ਼ਨੀ ਵਿਚਲੇ ਸੱਤ ਰੰਗਾਂ ਦੀ ਤਰਤੀਬਤਾ ਜਾਂ ਕ੍ਰਮ ਨੂੰ ਸਪੈਕਟ੍ਰਮ ਦਾ ਨਾਂ ਦਿੱਤਾ। ਉਸ ਨੇ ਇਸ ਸਪੈਕਟ੍ਰਮ ਵਿਚਲੇ ਹਰੇਕ ਰੰਗ ਦੀ ਚੌੜਾਈ ਨੂੰ ਮਾਪਿਆ। ਉਸਨੇ ਦੱਸਿਆ ਕਿ ਅਸੀਂ ਆਪਣੇ ਆਲੇ ਦੁਆਲੇ ਮੌਜੂਦ ਵਸਤੂਆਂ ਵਿੱਚੋਂ ਪਰਾਵਰਤਿਤ ਹੋਣ ਵਾਲੀ ਰੋਸ਼ਨੀ ਦੇ ਨਤੀਜੇ ਵਜੋਂ ਉਨ੍ਹਾਂ ਵਸਤੂਆਂ ਨੂੰ ਦੇਖਣ ਦੇ ਸਮਰਥ ਹੁੰਦੇ ਹਾਂ। ਜਦੋਂ ਪ੍ਰਕਾਸ਼ ਦੀਆਂ ਕਿਰਨਾਂ ਆ ਕੇ ਕਿਸੇ ਵਸਤੂ ਉੱਪਰ ਟਕਰਾਉਂਦੀਆਂ ਹਨ ਤਾਂ ਸਾਨੂੰ ਉਹ ਵਸਤੂ ਦਿਖਾਈ ਦਿੰਦੀ ਹੈ। ਇਥੇ ਵਰਨਣਯੋਗ ਹੋਵੇਗਾ ਕਿ ਖੋਜੀ ਦਿਮਾਗ ਹੋਣ ਕਾਰਨ ਨਿਊਟਨ ਨੇ ਆਪਣੇ ਪ੍ਰਯੋਗ ਨੂੰ ਦੁਬਾਰਾ ਦੁਹਰਾ ਕੇ ਦੇਖਣਾ ਚਾਹਿਆ। ਇਸ ਮੰਤਵ ਲਈ ਉਸਨੇ ਦੋ ਪ੍ਰਯੋਗ ਕੀਤੇ। ਪਹਿਲੇ ਪ੍ਰਯੋਗ ਵਿੱਚ ਉਸਨੇ ਸਫ਼ੈਦ ਰੋਸ਼ਨੀ ਨੂੰ ਇੱਕ ਪ੍ਰਿਜ਼ਮ ਵਿੱਚੋਂ ਲੰਘਾਇਆ। ਪ੍ਰਿਜ਼ਮ ਵਿੱਚੋਂ ਹੋ ਕੇ ਨਿਕਲਨ ਉਪਰੰਤ ਰੋਸ਼ਨੀ ਸੱਤ ਰੰਗਾਂ ਵਿੱਚ ਵੰਡੀ ਗਈ। ਦੂਸਰੇ ਪ੍ਰਯੋਗ ਵਿੱਚ ਉਸਨੇ ਇਨ੍ਹਾਂ ਸੱਤ ਰੰਗਾਂ ਨੂੰ ਇੱਕ ਹੋਰ ਪ੍ਰਿਜ਼ਮ ਵਿੱਚੋਂ ਲੰਘਾਇਆ ਤਾਂ ਇਹ ਕਿਰਨਾਂ ਦੁਬਾਰਾ ਫਿਰ ਸਫ਼ੈਦ ਰੋਸ਼ਨੀ ਵਿੱਚ ਬਦਲ ਗਈਆਂ। ਪ੍ਰਕਾਸ਼ ਕਿਰਨਾਂ ਦੀਆਂ ਵਿਸ਼ੇਸ਼ਤਾਵਾਂ ਉੱਪਰ ਕੀਤੇ ਆਪਣੇ ਪ੍ਰਯੋਗਾਂ ਤੋਂ ਬਾਅਦ ਨਿਊਟਨ ਨੇ ਪ੍ਰਕਾਸ਼ ਦੇ ਪਰਵਰਤਿਤ ਹੋਣ ਦੇ ਸਿਧਾਂਤ ਉੱਪਰ ਆਧਾਰਿਤ ਇੱਕ ਟੈਲੀਸਕੋਪ ਜਾਂ ਦੂਰਬੀਨ ਤਿਆਰ ਕੀਤੀ। ਉਸਨੇ ਇਸ ਟੈਲੀਸਕੋਪ ਦੇ ਸਾਰੇ ਭਾਗ ਆਪਣੇ ਹੱਥੀ ਤਿਆਰ ਕਰਕੇ ਇਸ ਵਿੱਚ ਫਿਟ ਕੀਤੇ ਸਨ। ਇਸ ਟੈਲੀਸਕੋਪ ਦੀ ਕਾਢ ਤੋਂ ਬਾਅਦ ਨਿਊਟਨ ਨੂੰ ਵਿਗਿਆਨਕ ਹਲਕਿਆਂ ਵਿੱਚ ਬਹੁਤ ਪ੍ਰਸਿੱਧੀ ਪ੍ਰਾਪਤ ਹੋਈ। 1671 ਈਸਵੀ ਵਿੱਚ ਇੰਗਲੈਂਡ ਦੇ ਬਾਦਸ਼ਾਹ ਚਾਰਲਸ ਦੂਜੇ ਨੇ ਨਿਊਟਨ ਦੁਆਰਾ ਤਿਆਰ ਕੀਤੀ ਦੂਰਬੀਨ ਨੂੰ ਖੁਦ ਦੇਖਿਆ ਅਤੇ ਇਸ ਵਿੱਚ ਆਪਣੀ ਖਾਸ ਰੁਚੀ ਦਿਖਾਈ। ਹੁਣ ਨਿਊਟਨ ਦੀ ਬਹੁਤ ਹੀ ਬੱਲੇ-ਬੱਲੇ ਹੋ ਗਈ ਸੀ ਅਤੇ 1672 ਈਸਵੀ ਵਿੱਚ ਤਾਂ ਉਸਨੂੰ ਰਾਇਲ ਸੁਸਾਇਟੀ ਦਾ ਮੈਂਬਰ ਚੁਣ ਲਿਆ ਗਿਆ। ਵਰਨਣਯੋਗ ਹੋਵੇਗਾ ਕਿ ਨਿਊਟਨ ਨੇ ਆਪਣੀ ਟੈਲੀਸਕੋਪ ਦੀ ਮਦਦ ਨਾਲ ਬ੍ਰਹਿਸਪਤ ਗ੍ਰਹਿ ਦੁਆਲੇ ਘੁੰਮਦੇ ਹੋਏ ਉਪਗ੍ਰਹਿਆਂ ਜਾਂ ਚੰਦਰਮਾਂ ਨੂੰ ਦੇਖਿਆ। 20 ਮਾਰਚ, 1727 ਈਸਵੀ ਨੂੰ 85 ਸਾਲ ਦੀ ਉਮਰ ਵਿਚ ਸਰ ਆਈਜ਼ਕ ਨਿਊਟਨ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਏਨਾ ਮਹਾਨ ਵਿਗਿਆਨੀ ਹੋਣ ਦੇ ਬਾਵਜੂਦ ਵੀ ਨਿਊਟਨ ਬਹੁਤ ਹੀ ਨਿਮਰ ਸੁਭਾਅ ਦਾ ਮਾਲਕ ਸੀ। ਉਹ ਅਕਸਰ ਕਿਹਾ ਕਰਦਾ ਸੀ ਕਿ ਲੋਕ ਸੋਚਦੇ ਹਨ ਕਿ ਮੈਂ ਬਹੁਤ ਕੁਝ ਜਾਣਦਾ ਹਾਂ ਪਰ ਅਸਲ ਵਿਚ ਮੇਰੀ ਹਾਲਤ ਇਸ ਤਰ੍ਹਾਂ ਦੀ ਹੈ ਜਿਵੇਂ ਸਮੁੰਦਰ ਦੇ ਕੰਢੇ ਤੋਂ ਮੈਂ ਰੇਤ ਦਾ ਇੱਕ ਕਿਣਕਾ ਹੱਥ ਵਿਚ ਲੈ ਲਿਆ ਹੋਵੇ। ਰੇਤ ਦਾ ਇੱਕ ਕਿਣਕਾ ਮੇਰਾ ਗਿਆਨ ਹੈ ਅਤੇ ਮੇਰਾ ਅਗਿਆਨ ਇੰਨਾ ਵੱਡਾ ਹੈ ਜਿੰਨੇ ਕਿਣਕੇ ਪੂਰੇ ਸਮੁੰਦਰ ਵਿਚ ਹੋਰ ਹਨ।

ਬਿੱਲੀ ਦੇ ਦੁੱਧ ਲੱਭਣ ਦਾ ਅਚੰਭਾਜਨਕ-ਵਿਗਿਆਨ

ਬਿੱਲੀ ਚਾਲਾਕ ਅਤੇ ਚਾਲਬਾਜ ਪ੍ਰਾਣੀ ਹੈ। ਇਸ ਕਰਕੇ ਹੀ ਅਸੀਂ ਕਿਸੇ ਚਤੁਰ ਅਤੇ ਘਾਘ ਵਿਅਕਤੀ ਨੂੰ ਬਿੱਲੀ ਦੀ ਸੰਗਿਆ ਦਿੰਦੇ ਹਾਂ। ਇਸ ਦੇ ਉਲਟ ਕੁੱਤੇ ਬਹੁਤ ਹੀ ਗੰਦੇ ਅਤੇ ਗੰਦ ਫੈਲਾਉਣ ਵਾਲੇ ਹੁੰਦੇ ਹਨ। ਅਸੀਂ ਬਿੱਲੀ ਨੂੰ ਦੁੱਧ ਦੀ ਚੋਰੀ ਕਰਦਿਆਂ ਕਦੇ ਵੀ ਫੜ ਨਹੀਂ ਸਕਦੇ ਜਦੋਂ ਕਿ ਇਹੀ ਕੁੱਤਾ ਕਰੇ ਤਾਂ ਉਸਨੂੰ ਆਸਾਨੀ ਨਾਲ ਦਬੋਚ ਲਿਆ ਜਾਂਦਾ ਹੈ। ਬਿੱਲੀ ਦੇ ਸਾਹਮਣੇ ਦੁੱਧ ਨਾਲ ਭਰੀ ਇਕ ਬਾਟੀ ਰੱਖ ਦੇਵੋ, ਉਹ ਦੁੱਧ ਨੂੰ ਬਹੁਤ ਹੀ ਸੌਖ ਨਾਲ ਚਟਮ ਕਰ ਜਾਏਗੀ। ਉਹ ਵੀ ਬਿਨਾਂ ਕੋਈ ਨਿਸ਼ਾਨ ਛੱਡਣ ਦੇ। ਏਥੋਂ ਤੱਕ ਕਿ ਉਸਦੀਆਂ ਮੁੱਛਾਂ ਵੀ ਗਿੱਲੀਆਂ ਨਹੀਂ ਹੋਣਗੀਆਂ। ਜਦੋਂ ਕਿ ਕੁੱਤੇ ਸਾਹਮਣੇ ਪਾਣੀ ਦਾ ਭਰਿਆ ਇਕ ਡੌਂਗਾ ਰੱਖ ਦੇਵੋ, ਉਹ ਚੱਪ-ਚੱਪ ਕਰਕੇ ਚਾਰੇ ਪਾਸੇ ਪਾਣੀ ਡੋਲ੍ਹ ਦੇਵੇਗਾ ਅਤੇ ਉਹ ਖ਼ੁਦ ਨੂੰ ਵੀ ਭਿਉਂ ਲਵੇਗਾ।

ਜਾਨਵਰਾਂ ਦਾ ਪਾਣੀ ਪੀਣ ਦਾ ਢੰਗ ਸਾਡੇ ਪਾਣੀ ਪੀਣ ਦੇ ਤਰੀਕੇ ਨਾਲੋਂ ਵੱਖਰਾ ਹੁੰਦਾ ਹੈ। ਆਮ ਤੌਰ ਤੇ ਜਦੋਂ ਅਸੀਂ ਕੋਈ ਤਰਲ ਪਦਾਰਥ ਪੀਂਦੇ ਹਾਂ ਤਾਂ ਆਪਣਾ ਸਿਰ ਥੋੜ੍ਹਾ ਜਿਹਾ ਪਿਛਲੇ ਪਾਸੇ ਨੂੰ ਝੁਕਾ ਲੈਂਦੇ ਹਾਂ ਅਤੇ ਕੱਪ ਦੇ ਕਿਨਾਰੇ ਨੂੰ ਆਪਣੇ ਮੂੰਹ ਨਾਲ ਇਸ ਪ੍ਰਕਾਰ ਲਗਾਉਂਦੇ ਹਾਂ ਕਿ ਦ੍ਰਵ ਸੌਖਿਆਂ ਹੀ ਮੂੰਹ ਵਿਚ ਪ੍ਰਵੇਸ਼ ਕਰ ਜਾਵੇ। ਦੂਜੇ ਪਾਸੇ ਜਦੋਂ ਅਸੀ ਕੋਈ ਤਰਲ ਸੁੜਾਕਦੇ ਹਾਂ ਤਾਂ ਅਸੀਂ ਮੂੰਹ ਟੱਡਕੇ ਸੁੜਾਕਦੇ ਹਾਂ ਜਾਂ ਚੂਸਦੇ ਹਾਂ। ਅਜਿਹਾ ਕਰਨ ਨਾਲ ਸੁੜਾਕਣ ਦੀ ਆਵਾਜ਼ ਵੀ ਆਉਂਦੀ ਹੈ। ਇਹ ਇਸ ਲਈ ਸੰਭਵ ਹੁੰਦਾ ਹੈ ਕਿਉਂਕਿ ਮਨੁੱਖਾਂ ਦੇ ਨਾਲ ਹੀ ਭੇਡਾਂ, ਘੋੜੇ ਅਤੇ ਸੂਰ ਦੀਆਂ ਗੱਲਾਂ 'ਪੂਰਨ ਗੱਲਾਂ' (ਕਮਪਲੀਟ ਚੀਕਸ) ਹੁੰਦੀਆਂ ਹਨ ਭਾਵ ਇਹ ਕਿ ਇਨ੍ਹਾਂ ਦੇ ਮੂੰਹ ਦੀ ਸੰਰਚਨਾ ਅਜਿਹੀ ਹੁੰਦੀ ਹੈ ਕਿ ਬਾਹਰੋਂ ਵੇਖਣ ਤੇ ਅਸੀਂ ਇਨ੍ਹਾਂ ਦੇ ਸਾਰੇ ਦੰਦ ਨਹੀਂ ਵੇਖ ਸਕਦੇ। ਦੂਜੇ ਬੰਨੇ ਮਾਸਾਹਾਰੀ ਜੀਵ ਕੁੱਤਿਆਂ ਅਤੇ ਬਿੱਲੀਆਂ ਦੀਆਂ ਗੱਲ੍ਹਾਂ ਅਧੂਰੀਆਂ ਗੱਲ੍ਹਾਂ ਹੁੰਦੀਆਂ ਹਨ ਭਾਵ ਇਨ੍ਹਾਂ ਦੇ ਮੂੰਹ ਦੀ ਬਣਤਰ ਕੁਝ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਅਸੀਂ ਬਾਹਰੋਂ ਹੀ ਇਨ੍ਹਾਂ ਦੇ ਸਾਰੇ ਦੰਦ ਵੇਖ ਸਕਦੇ ਹਾਂ। ਅਧੂਰੀਆਂ ਗੱਲ੍ਹਾਂ ਇਨ੍ਹਾਂ ਪ੍ਰਾਣੀਆਂ ਨੂੰ ਐਨਾ ਸਮਰੱਥ ਬਣਾ ਦਿੰਦੀਆਂ ਹਨ ਕਿ ਉਹ ਮੂੰਹ ਨੂੰ ਚੌੜਾ ਕਰ ਸਕਣ ਤਾਂ ਕਿ ਉਹ ਆਪਣੇ ਸ਼ਿਕਾਰ ਨੂੰ ਆਸਾਨੀ ਨਾਲ ਮੂੰਹ ਵਿਚ ਜਕੜ ਸਕਣ। ਹਾਲਾਂਕਿ ਉਹ ਆਪਣਾ ਮੂੰਹ ਚੌੜਾ ਤਾਂ ਕਰ ਸਕਦੇ ਹਨ ਲੇਕਿਨ ਆਪਣੀਆਂ ਗੱਲ੍ਹਾਂ ਨੂੰ ਬੰਦ ਨਹੀਂ ਕਰ ਸਕਦੇ। ਜਿਸ ਨਾਲ ਉਨ੍ਹਾਂ ਦੇ ਮੂੰਹ ਵਿਚ ਖਾਲੀ ਸਥਾਨ ਬਣ ਜਾਂਦਾ ਹੈ। ਇਸ ਕਰਕੇ ਉਹ ਤਰਲ ਨੂੰ ਪੀਣ ਦੀ ਬਜਾਏ ਚੱਪ-ਚੱਪ ਕਰਕੇ ਚੱਟਦੇ ਹਨ।

ਵਿਗਿਆਨਕਾਂ ਨੇ ਇਹ ਜਾਨਣ ਦਾ ਯਤਨ ਕੀਤਾ ਹੈ ਕਿ ਕੁੱਤੇ ਅਤੇ ਬਿੱਲੀਆਂ ਕਿਸ ਪ੍ਰਕਾਰ ਪਾਣੀ ਅਤੇ ਦੁੱਧ ਨੂੰ ਚੱਪ-ਚੱਪ ਕਰਕੇ ਪੀਂਦੇ ਹਨ। ਤੇਜ਼ ਰਫ਼ਤਾਰ ਦੀ ਫੋਟੋਗ੍ਰਾਫ਼ੀ ਵਿਚ ਇਹ ਵੇਖਿਆ ਗਿਆ ਹੈ ਕਿ ਜਦੋਂ ਕੁੱਤੇ ਪਾਣੀ ਪੀਂਦੇ ਹਨ ਤਾਂ ਉਹ ਆਪਣੀ ਜੀਭ ਮੂੰਹ ਵਿਚੋਂ ਬਾਹਰ ਕੱਢ ਲੈਂਦੇ ਹਨ ਅਤੇ ਉਸਨੂੰ ਇਕ ਕੱਪ ਦੇ ਆਕਾਰ ਵਿਚ ਢਾਲ ਲੈਂਦੇ ਹਨ। ਪੂਰੀ ਤਰ੍ਹਾਂ ਬਾਹਰ ਨਿਕਲੀ ਹੋਈ ਜੀਭ ਅੰਗਰੇਜ਼ੀ ਦੀ 'ਜੇ' ਆਕਾਰ ਦੇ ਚਮਚੇ ਵਰਗੀ ਵਿਖਾਈ ਦਿੰਦੀ ਹੈ। ਜਦੋਂ ਉਨ੍ਹਾਂ ਦੀ ਜੀਭ ਪਾਣੀ ਅੰਦਰ ਪ੍ਰਵੇਸ਼ ਕਰਦੀ ਹੈ ਤਾਂ 'ਕੱਪ' ਪੂਰੀ ਤਰ੍ਹਾਂ ਪਾਣੀ ਨਾਲ ਭਰ ਜਾਂਦਾ ਹੈ। ਚਮਚੇ ਦੇ ਆਕਾਰ ਦੀ ਜੀਭ ਅੰਦਰ ਖਿੱਚ ਲਈ ਜਾਂਦੀ ਹੈ। ਇਹ ਸਾਰੀ ਪ੍ਰਕਿਰਿਆ ਵਿਚ ਪਾਣੀ ਡਿੱਗ ਕੇ ਬਿਖਰ ਜਾਂਦਾ ਹੈ। ਇਹ ਗੰਦਾ ਤਰੀਕਾ ਹੈ।

ਰੋਮਨ ਸਟਾਕਰ, ਇਕ ਜੀਵ-ਭੌਤਿਕ ਵਿਗਿਆਨੀ (ਜਿਹੜਾ ਜੀਵ-ਵਿਗਿਆਨ ਦੀ ਭੌਤਿਕੀ ਦਾ ਅਧਿਐਨ ਕਰਦਾ ਹੈ!) ਨੇ ਨਾਸ਼ਤੇ ਦੇ ਦੌਰਾਨ ਆਪਣੀ ਪਾਲਤੂ ਬਿੱਲੀ ਕਿਊਟਾ (ਕਿਊਟਾ ਦਾ ਅਰਥ ਆਸਟਰੇਲੀਆਈ ਜਨ-ਜਾਤੀ ਦੀ ਬੋਲੀ ਵਿਚ 'ਤਾਰੇ-ਤਾਰੇ' ਹੁੰਦਾ ਹੈ) ਨੂੰ ਜਦੋਂ ਦੁੱਧ ਪਿਲਾਇਆ ਤਾਂ ਉਨ੍ਹਾਂ ਨੇ ਧਿਆਨ ਦਿੱਤਾ ਕਿ ਬਿੱਲੀ ਬਿਨਾਂ ਡੋਲ੍ਹੇ ਜਾਂ ਬਿਖੇਰੇ ਦੁੱਧ ਚੱਟ ਰਹੀ ਹੈ। ਸਟਾਕਰ ਨੇ ਦੱਸਿਆ ਕਿ ਬਿੱਲੀ ਨੇ ਆਪਣਾ ਮੂੰਹ ਗਿੱਲਾ ਨਹੀਂ ਹੋਣ ਦਿੱਤਾ। ਹੁਣ ਤੱਕ ਵਿਗਿਆਨੀ ਇਹ ਹੀ ਸੋਚਦੇ ਹਨ ਕਿ ਦੁੱਧ ਪੀਣ ਦੇ ਸਮੇਂ ਬਿੱਲੀ ਵੀ ਆਪਣੀ ਜੀਭ ਨੂੰ 'ਜੇ' ਆਕਾਰ ਵਿਚ ਢਾਲ ਲੈਂਦੀ ਹੈ। ਪ੍ਰੰਤੂ ਬਿੱਲੀ ਇਸ ਮਾਮਲੇ ਵਿਚ ਬਿਹਤਰ ਤਰੀਕਾ ਅਪਣਾਉਂਦੀ ਹੈ। ਇਸ ਗੱਲ ਤੋਂ ਹੈਰਾਨ ਹੋ ਕੇ ਸਟਾਕਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਬੁਝਾਰਤ ਦੇ ਪਿੱਛੇ ਕਾਰਜਸ਼ੀਲ ਪਰੀਘਟਨਾ ਨੂੰ ਸਮਝਣ ਦਾ ਨਿਰਣਾ ਕਰ ਲਿਆ। ਉਨ੍ਹਾਂ ਨੇ ਇਕ ਸਕਿੰਟ ਵਿਚ 1000 ਫ਼ੋਟੋ ਖਿੱਚਣ ਵਾਲੇ ਤੀਬਰ ਗਤੀ ਦੇ ਵੀਡੀਉ ਕੈਮਰੇ ਰਾਹੀਂ ਬਿੱਲੀ ਦੇ ਦੁੱਧ ਪੀਣ ਦੀ ਘਟਨਾ ਨੂੰ ਅਨੇਕਾਂ ਵਾਰ ਰਿਕਾਰਡ ਕੀਤਾ।

ਰਿਕਾਰਡ ਕੀਤੀ ਗਈ ਫ਼ਿਲਮ ਨੂੰ ਧੀਮੀ ਗਤੀ ਨਾਲ ਚਲਾਉਣ ਤੇ ਉਨ੍ਹਾਂ ਨੇ ਇਸ ਘਟਨਾ ਨੂੰ ਸਾਫ਼ ਤੌਰ 'ਤੇ ਵੇਖਿਆ। ਵੀਡੀਉ ਤੋਂ ਸਾਫ਼ ਤੌਰ ਤੇ ਇਹ ਪਤਾ ਲੱਗਿਆ ਕਿ ਬਿੱਲੀ ਆਪਣੀ ਜੀਭ ਨੂੰ 'ਜੇ' ਆਕਾਰ ਦੇ ਚਮਚੇ ਵਿਚ ਨਹੀਂ ਢਾਲਦੀ। ਉਸਦੀ ਜੀਭ ਦਾ ਇਕ ਕਿਨਾਰਾ ਹੀ ਤਰਲ ਦੀ ਸਤਹ ਦੇ ਸੰਪਰਕ ਵਿਚ ਆਉਂਦਾ ਹੈ। ਇਸਦੇ ਇਲਾਵਾ ਜੀਭ ਤਰਲ ਵਿਚ ਅਧਿਕ ਡੂੰਘਾਈ ਵਿਚ ਨਹੀਂ ਡੁੱਬਦੀ ਸਗੋਂ ਉਪਰਲੀ ਸਤਹ ਨਾਲ ਹੀ ਲੱਗੀ ਰਹਿੰਦੀ ਹੈ, ਜਦੋਂ ਤੱਕ ਕਿ ਬਿੱਲੀ ਆਪਣੀ ਜੀਭ ਨੂੰ ਵਾਪਸ ਨਾ ਖਿੱਚ ਲਵੇ। ਸੂਖਮ ਅਵਲੋਕਨ ਤੋਂ ਪਤਾ ਲੱਗਿਆ ਕਿ ਗਤੀਮਾਨ ਜੀਭ ਅਤੇ ਤਰਲ ਸਤਹ ਦੇ ਵਿਚਕਾਰ ਦੁੱਧ ਦਾ ਇਕ ਸਤੰਭ ਬਣ ਜਾਂਦਾ ਹੈ। ਦੁੱਧ ਦਾ ਇਹ ਸਤੰਭ ਸਤਹ ਦੇ ਗਰੂਤਵ ਦੇ ਵਿਰੁੱਧ ਉੱਪਰ ਉਠਦਾ ਹੈ। ਜਦੋਂ ਇਹ ਬਲ ਵਧਦਾ

ਹੈ ਅਤੇ ਦੁੱਧ ਦੇ ਸਤੰਭ ਨੂੰ ਉੱਪਰ ਖਿੱਚਦਾ ਹੈ ਤਾਂ ਬਿੱਲੀ ਆਪਣੇ ਜ਼ਬਾੜਿਆਂ ਨੂੰ ਢੁੱਕਵੇਂ ਸਮੇਂ ਤੇ ਇਸ ਪ੍ਰਕਾਰ ਬੰਦ ਕਰ ਲੈਂਦੀ ਹੈ ਕਿ ਤਰਲ ਬਾਹਰ ਬਿਖਰਨ ਤੋਂ ਪਹਿਲਾਂ ਹੀ ਮੂੰਹ ਦੇ ਅੰਦਰ ਭਰ ਜਾਵੇ।

ਬਿੱਲੀ ਦੀ ਜੀਭ ਦਾ ਨੇੜੇ ਤੋਂ ਨਿਰੀਖਣ ਕਰਨ ਤੋਂ ਵੇਖਿਆ ਗਿਆ ਕਿ ਬਿੱਲੀ ਦੇ ਕੋਲ ਦੁੱਧ ਨੂੰ ਉੱਪਰ ਚੁੱਕਣ ਦਾ ਅਸਲੀ ਔਜ਼ਾਰ ਉਸਦੀ ਜੀਭ ਹੁੰਦੀ ਹੈ। ਜਦੋਂ ਲਮਕੀ ਹੋਈ ਜੀਭ ਤਰਲ ਦੀ ਸਤਹ ਨੂੰ ਛੂੰਹਦੀ ਹੈ ਤਾਂ ਸਤਹੀ ਤਣਾਉ ਦੇ ਕਾਰਨ ਦੁੱਧ ਖੁਰਦਰੀ ਅਤੇ ਮੋਟੀ ਜੀਭ ਨਾਲ ਚਿਪਕ ਜਾਂਦਾ ਹੈ। ਅਸੀਂ ਇਹ ਜਾਣਦੇ ਹਾਂ ਕਿ ਜਦੋਂ ਚੱਲਦੀ ਬੱਸ ਨੂੰ ਰੋਕਣ ਲਈ ਬੱਸ ਡਰਾਈਵਰ ਅਚਾਨਕ ਬਰੇਕ ਲਗਾਉਂਦਾ ਹੈ ਤਾਂ ਅਸੀਂ ਗਤੀ ਦੇ ਜੜ੍ਹਤਵ ਦੇ ਕਾਰਨ ਅੱਗੇ ਵੱਲ ਨੂੰ ਲੁੜਕ ਜਾਂਦੇ ਹਾਂ। ਇਸੇ ਤਰ੍ਹਾਂ ਜਦੋਂ ਬਿੱਲੀ ਜੀਭ ਨੂੰ ਆਪਣੇ ਮੂੰਹ ਵਿਚ ਤੇਜ਼ੀ ਨਾਲ ਵਾਪਸ ਲੈਂਦੀ ਹੈ ਤਾਂ ਉਸਦੀ ਜੀਭ ਨਾਲ ਲੱਗਿਆ ਦੁੱਧ ਜੜ੍ਹਤਵ ਦੇ ਕਾਰਨ ਖਿੱਚਿਆ ਜਾਂਦਾ ਹੈ। ਜੜ੍ਹਤਾ ਅਤੇ ਗੁਰੁਤਾ ਦੀ ਖਿੱਚੋਤਾਣ ਦੇ ਦੌਰਾਨ ਦੁੱਧ ਸਤੰਭ ਦੋ ਉਲਟ ਦਿਸ਼ਾਵਾਂ ਵਿਚ ਖਿੱਚਿਆ ਜਾਂਦਾ ਹੈ। ਇਕ ਸਕਿੰਟ ਤੋਂ ਵੀ ਬਹੁਤ ਘੱਟ ਸਮੇਂ ਵਿਚ ਦੁੱਧ ਨੂੰ ਹੇਠਾਂ ਵੱਲ ਨੂੰ ਪਿਆਲੇ ਵਿਚ ਗਿਰਾਉਣ ਲਈ ਗੁਰੂਤਾ ਦੇ ਵਿਰੁੱਧ ਦੁੱਧ ਉੱਪਰ ਵੱਲ ਨੂੰ ਖਿੱਚਿਆ ਜਾਂਦਾ ਹੈ। ਇਸਤੋਂ ਪਹਿਲਾਂ ਕਿ ਗੁਰੂਤਾ ਦੁੱਧ ਨੂੰ ਵਾਪਸ ਹੇਠਾਂ ਲਿਆਏ ਬਿੱਲੀ ਬਹੁਤ ਸਾਵਧਾਨੀ ਨਾਲ ਆਪਣਾ ਮੂੰਹ ਬੰਦ ਕਰ ਲੈਂਦੀ ਹੈ। ਜੇਕਰ ਬਿੱਲੀ ਅਜਿਹਾ ਕਰਨ ਵਿਚ ਦੇਰੀ ਕਰਦੀ ਹੈ ਤਾਂ ਸਤੰਭ ਟੁੱਟ ਜਾਵੇਗਾ ਅਤੇ ਤਰਲ ਵਾਪਸ ਪਿਆਲੇ ਵਿਚ ਗਿਰ ਜਾਏਗਾ ਜਿਸ ਨਾਲ ਬਿੱਲੀ ਦੀ ਜੀਭ ਖਾਲੀ ਰਹਿ ਜਾਏਗੀ।

ਇਹ ਅਨੁਭਵ ਖੁਦ ਕਰਨ ਦੇ ਲਈ ਤੁਸੀਂ ਆਪਣੀ ਤਰਜਨੀ ਉਂਗਲੀ ਨੂੰ ਪਾਣੀ ਨਾਲ ਭਰੇ ਪਿਆਲੇ ਵਿਚ ਡੁਬੋ ਅਤੇ ਅਚਾਨਕ ਉਂਗਲੀ ਨੂੰ ਬਾਹਰ ਵੱਲ ਨੂੰ ਖਿੱਚੋ, ਤੁਸੀਂ ਵੇਖੋਗੇ ਕਿ ਤੁਹਾਡੀ ਤਰਜਨੀ ਉਂਗਲੀ ਦੇ ਸਿਰੇ ਅਤੇ ਪਾਣੀ ਦੇ ਪਿਆਲੇ ਦੇ ਦਰਮਿਆਨ ਜਲ-ਸਤੰਭ ਬਣ ਜਾਂਦਾ ਹੈ। ਜੇਕਰ ਤੁਸੀਂ ਨੇੜੇ ਤੋਂ ਵੇਖੋਗੇ ਤਾਂ ਜਲ-ਸਤੰਭ ਉੱਪਰ ਨੂੰ ਉੱਠਦਾ ਵਿਖਾਈ ਦਿੰਦਾ ਹੈ। ਇਹ ਬਹੁਤ ਹੀ ਥੋੜ੍ਹੇ ਸਮੇਂ ਲਈ ਹੁੰਦਾ ਹੈ। ਤੁਹਾਡੀ ਉਂਗਲੀ ਤੇ ਚੜ੍ਹਨ ਵਾਲਾ ਪਾਣੀ ਉਸੇ ਜੜ੍ਹਤਵ ਦੇ ਕਾਰਨ ਖਿੱਚਿਆ ਜਾਂਦਾ ਹੈ। ਜਿਸ ਨਾਲ ਬਿੱਲੀ ਆਪਣੀ ਜੀਭ ਨਾਲ ਟੁੱਚ ਨੂੰ ਖਿੱਚਦੀ ਹੈ। ਸਟਾਕਰ ਅਤੇ ਉਸ ਦੇ ਸਹਿਯੋਗੀਆਂ ਨੇ ਇਸ ਸਿਧਾਂਤ ਨੂੰ ਪਰਖਣ ਦੇ ਲਈ ਬਿੱਲੀ ਦੀ ਜੀਭ ਦਾ ਇਕ ਅਜਿਹਾ ਰੋਬੋਟਿਕ ਮਾਡਲ ਬਣਾਇਆ ਜੋ ਪਾਣੀ ਦੇ ਭਰੇ ਪਿਆਲੇ ਵਿਚ ਉੱਪਰ-ਨੀਚੇ ਹੋ ਸਕਦੀ ਸੀ। ਇਸ ਪ੍ਰਯੋਗ ਰਾਹੀਂ ਤਰਲ ਨੂੰ ਲੱਕਣ ਦੇ ਪਹਿਲੂਆਂ ਨੂੰ ਵਿਭਿੰਨ ਕਿਸਮਾਂ ਨਾਲ ਅਤੇ ਵਿਧੀਬੱਧ ਢੰਗ ਨਾਲ ਸਮਝਣ ਅਤੇ ਉਸਦੇ ਲਈ ਇਕ ਸੰਕਲਪਨਾ ਨੂੰ ਵਿਕਸਤ ਕਰਨ ਵਿਚ ਮੱਦਦ ਮਿਲੀ। ਇਸਤੋਂ ਇਹ ਸਿੱਧ ਹੋਇਆ ਕਿ ਬਿੱਲੀ ਵੱਲੋਂ ਲੱਕਣ ਦੀ ਪਰੀਘਟਨਾ ਅਧਿਕ ਤਰਤੀਬੱਧ ਅਤੇ ਸੂਖਮ ਹੈ ਜਿਸ ਨਾਲ ਉਹ ਬਹੁਤ ਤੇਜ਼ੀ ਨਾਲ ਤਰਲ ਪੀਂਦੀ ਹੈ।

ਲੱਕਣ ਦੀ ਨਿਪੁੰਨਤਾ ਬਿੱਲੀ ਦਾ ਆਪਣੀ ਜੀਭ ਨੂੰ ਅੱਗੇ ਵਧਾਉਣ ਅਤੇ ਉਸਨੂੰ ਆਪਣੇ ਮੂੰਹ ਵਿਚ ਵਾਪਸ ਲਿਆਉਣ ਦੀ ਤੇਜ਼ੀ ਤੋਂ ਪ੍ਰਗਟ ਹੁੰਦੀ ਹੈ। ਬਿੱਲੀ ਦੀ ਜੀਭ ਪ੍ਰਤੀ ਸਕਿੰਟ ਇਕ ਮੀਟਰ ਦੀ ਗਤੀ ਨਾਲ ਗਤੀਮਾਨ ਹੁੰਦੀ ਹੈ ਅਤੇ ਇਹ ਪ੍ਰਤੀ ਸਕਿੰਟ ਛੇ ਵਾਰ ਚੱਟ ਸਕਦੀ ਹੈ। ਪ੍ਰੰਤੂ ਕੀ ਪਾਲਤੂ ਬਿੱਲੀਆਂ ਹੀ ਇਸ ਤਰ੍ਹਾਂ ਤਰਲ ਪੀਂਦੀਆਂ ਹਨ? ਇਸ ਗੱਲ ਦਾ ਉੱਤਰ ਜਾਨਣ ਲਈ ਡਾ. ਸਟਾਕਰ ਦੀ ਟੀਮ ਨੇ ਵੱਡੀਆਂ ਬਿੱਲੀਆਂ ਨੂੰ ਤਰਲ ਪੀਂਦਿਆਂ ਹੋਇਆਂ ਫ਼ਿਲਮਾਇਆ ਜਿਸ ਵਿਚ ਸਥਾਨਕ ਚਿੜੀਆ ਘਰ ਦੇ ਸ਼ੇਰ, ਬੱਬਰ ਸ਼ੇਰ, ਚੀਤਾ ਆਦਿ ਸ਼ਾਮਲ ਸਨ। ਇਸ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਕਿ ਬਿੱਲੀ ਵਰਗ ਦੇ ਵੱਡ-ਆਕਾਰੀ ਮੈਂਬਰ ਵੀ ਘਰੇਲੂ ਬਿੱਲੀਆਂ ਦੀ ਭਾਂਤਿ ਹੀ ਲੱਕਣ ਦੀ ਤਕਨੀਕ ਅਪਣਾਉਂਦੇ ਹਨ, ਹਾਲਾਂਕਿ ਉਨ੍ਹਾਂ ਦੀ ਜੀਭ ਲੰਮੀ ਅਤੇ ਵੱਡੀ ਹੁੰਦੀ ਹੈ, ਇਸ ਕਾਰਨ ਉਨ੍ਹਾਂ ਨੂੰ ਤਰਲ ਕੁਝ ਧੀਮੀ ਗਤੀ ਨਾਲ ਲੱਕਣਾ ਪੈਂਦਾ ਹੈ ਤਾਂ ਕਿ ਜੜ੍ਹਤਵ ਅਤੇ ਗੁਰੂਤਾ ਵਿਚਕਾਰ ਸੰਤੁਲਨ ਬਣਿਆਂ ਰਹੇ।

ਲੇਖਕ : ਡਾ. ਟੀ. ਵੀ. ਵੈਂਕਟੇਸ਼ਵਰਣ
ਅਨੁਵਾਦ : ਸਰਜੀਤ ਤਲਵਾਰ
ਫੋਨ : 01679-238747, 94639-92620

ਆਤਮਾ

ਆਤਮਾ ਕੀ ਹੈ? ਮੈਨੂੰ ਇਸ ਬਾਰੇ ਜਾਨਣ ਦੀ ਬਹੁਤ ਉਤਸੁਕਤਾ ਰਹਿੰਦੀ ਹੈ, ਜਿਨ੍ਹਾਂ ਇਸ ਬਾਰੇ ਜਾਨਣ ਦੀ ਕੋਸ਼ਿਸ਼ ਕਰਦੀ ਹਾਂ, ਉਨਾਂ ਹੀ ਉਲਝਦੀ ਜਾਂਦੀ ਹਾਂ। ਲੋਕ ਕਹਿੰਦੇ ਹਨ ਕਿ ਆਤਮਾ ਅਮਰ ਹੈ, ਜੇ ਆਤਮਾ ਅਮਰ ਹੈ ਤਾਂ ਇਨਸਾਨ ਮਰ ਕਿਉਂ ਜਾਂਦੇ ਹਨ, ਕਿਉਂਕਿ ਇਨਸਾਨ ਦੀ ਹੋਂਦ ਆਤਮਾ ਦੇ ਨਾਲ ਹੀ ਹੈ, ਕੀ ਆਤਮਾ ਉਸ ਇਨਸਾਨ ਦੇ ਸਰੀਰ ਵਿਚ ਰਹਿ ਕੇ ਥੱਕ ਜਾਂਦੀ ਹੈ ਜੋ ਉਸਨੂੰ ਛੱਡਕੇ ਚਲੀ ਜਾਂਦੀ ਹੈ, ਜੇ ਇਸ ਤਰ੍ਹਾਂ ਹੈ ਤਾਂ ਉਹ ਬੱਚਾ ਜੋ ਪੈਦਾ ਹੁੰਦਾ ਹੈ ਕੁਝ ਸਮਾਂ ਸਾਹ ਲੈਂਦਾ ਹੈ ਤੇ ਫਿਰ ਖ਼ਤਮ ਹੋ ਜਾਂਦਾ ਹੈ ਉਹ ਕਿਉਂ ਉਸ ਦੀ ਆਤਮਾ ਨੂੰ ਅਜਿਹਾ ਕੀ ਹੋ ਜਾਂਦਾ ਹੈ ਕਿ ਉਹ ਕੁਝ ਪਲ ਹੀ ਉਸ ਬੱਚੇ ਦੇ ਨਾਲ ਰਹਿੰਦੀ ਹੈ ਤੇ ਫਿਰ ਉਡਾਰੀ ਮਾਰ ਜਾਂਦੀ ਹੈ ਅਤੇ ਇਕ ਪਾਸੇ ਅਜਿਹੇ ਬਜ਼ੁਰਗ ਪਏ ਤੜਫਦੇ ਰਹਿੰਦੇ ਹਨ ਜਿਨ੍ਹਾਂ ਦੇ ਸਾਰੇ ਅੰਗ ਜਵਾਬ ਦੇ ਚੁੱਕੇ ਹੁੰਦੇ ਹਨ ਅ ਤੇ ਉਹ ਮੌਤ ਮੰਗਦੇ ਹਨ ਫਿਰ ਵੀ ਉਨ੍ਹਾਂ ਦੀ ਆਤਮਾ ਉਨ੍ਹਾਂ ਦਾ ਸਾਥ ਨਹੀਂ ਛੱਡਦੀ ਢੀਠ ਹੋ ਕੇ ਬੈਠੀ ਰਹਿੰਦੀ ਹੈ ਅਜਿਹਾ ਕਿਉਂ ਇਸ ਬਾਰੇ ਕੋਈ ਸਮਝ ਨਹੀਂ ਆਉਂਦੀ ਕਿ ਆਤਮਾ ਹੈ ਕੀ।

ਪਿਛਲੇ ਦਿਨੀਂ ਮੇਰੀ ਇਕ ਦੋਸਤ ਦੇ ਪਤੀ ਦਾ ਐਕਸੀਡੈਂਟ ਹੋ ਗਿਆ। ਕਾਫ਼ੀ ਜ਼ਿਆਦਾ ਸੱਟ ਲੱਗੀ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ ਕਿਉਂਕਿ ਉਸਦੀ ਆਤਮਾ ਉਸਨੂੰ ਛੱਡ ਕੇ ਜਾ ਚੁੱਕੀ ਸੀ ਤੇ ਉਹ ਇਕ ਪੁਤਲਾ ਬਣ ਕੇ ਰਹਿ ਗਿਆ। ਉਸਦੇ ਸਕੇ ਸਬੰਧੀਆਂ ਨੇ ਬਹੁਤ ਹਾਲ ਦੁਹਾਈ ਮਚਾਈ ਪਰ ਉਹ ਵਾਪਿਸ ਨਹੀਂ ਆਇਆ। ਉਸ ਨੂੰ ਤਿੰਨ ਦਿਨ ਤੱਕ ਰੱਖਿਆ ਗਿਆ ਕਿਉਂਕਿ ਉਸਦੇ ਭਰਾ ਨੇ ਬਾਹਰਲੇ ਦੇਸ਼ ਤੋਂ ਆਉਣਾ ਸੀ। ਜੇ ਆਤਮਾ ਅਮਰ ਹੈ ਤਾਂ ਉਹ ਇਨ੍ਹਾਂ ਤਿੰਨ ਦਿਨਾਂ ਦੇ ਵਿਚ ਵਾਪਿਸ ਆ ਜਾਂਦੀ ਪਰ ਉਹ ਨਹੀਂ ਆਈ ਕਿਉਂਕਿ ਆਤਮਾ ਜੇ ਅਮਰ ਹੈ ਤਾਂ ਨਾਲ ਹੀ ਉਹ ਡਰਪੋਕ ਅਤੇ ਧੋਖੇਬਾਜ਼ ਵੀ ਹੈ ਕਿਉਂਕਿ ਕਿਸੇ ਵੀ ਤਕਲੀਫ਼ ਨੂੰ ਦੇਖਕੇ ਜਾਂ ਫਿਰ ਸੱਟ ਨੂੰ ਦੇਖ ਕੇ ਇਨਸਾਨ ਨੂੰ ਧੋਖਾ ਦੇ ਕੇ ਡਰ ਕੇ ਭੱਜ ਜਾਂਦੀ ਹੈ। ਇਸ ਲਈ ਇਹ ਵੀ ਕਿਹਾ ਜਾ ਸਕਦਾ ਹੈ ਜੇਕਰ ਆਤਮਾ ਅਮਰ ਹੈ ਤਾਂ ਉਹ ਮਹਾਂ ਡਰਪੋਕ, ਧੋਖੇਬਾਜ਼ ਅਤੇ ਮਤਲਬੀ ਹੀ ਹੈ ਉਹ ਇਨਸਾਨ ਨੂੰ ਆਪਣੇ ਮਤਲਬ ਦੇ ਲਈ ਵਰਤਦੀ ਹੈ।

-ਰਾਜਦੀਪ ਕੌਰ, ਗੁਰੂਸਰ ਸੁਧਾਰ, ਲੁਧਿਆਣਾ

ਜਰਮਨ ਖਾ ਰਹੇ ਹਨ ਜ਼ਿਆਦਾ ਮੱਛੀ

ਜਰਮਨ ਵਿੱਚ ਮੱਛੀ ਦਾ ਉਪਯੋਗ ਲਗਾਤਾਰ ਵੱਧ ਰਿਹਾ ਹੈ ਅਤੇ ਇਸਦੀ ਵੱਧਦੀ ਕੀਮਤ ਦਾ ਖਾਣ ਵਾਲਿਆਂ ’ਤੇ ਕੋਈ ਅਸਰ ਨਹੀਂ। ਜਾਣਕਾਰਾਂ ਦਾ ਕਹਿਣਾ ਹੈ ਕਿ ਮਹਿੰਗੀ ਹੋਈ ਮੱਛੀ ਦੇ ਬਾਵਜੂਦ ਇਸਨੂੰ ਖਾਣ ਵਾਲਿਆਂ ਦੀ ਗਿਣਤੀ ਘੱਟ ਨਹੀਂ ਹੋਈ।

2010 ਵਿੱਚ ਜਰਮਨ ਵਿੱਚ ਪ੍ਰਤੀ ਵਿਅਕਤੀ 15.7 ਕਿਲੋ ਦੇ ਕਰੀਬ ਮੱਛੀ ਖਾਧੀ ਗਈ ਜਦਕਿ 1980 ਵਿੱਚ ਔਸਤਨ 11 ਕਿਲੋ ਮੱਛੀ ਖਾਧੀ ਜਾਂਦੀ ਸੀ। ਜਰਮਨ ਮੱਛੀ ਸੂਚਨਾ ਕੇਂਦਰ ਦਾ ਕਹਿਣਾ ਹੈ ਕਿ 2012 ਵਿੱਚ ਮੱਛੀ ਦੀ ਖਪਤ 16 ਕਿਲੋ ਤੱਕ ਹੋ ਸਕਦੀ ਹੈ।

ਜਰਮਨ ਵਿੱਚ ਮੱਛੀ ਖਾਣ ਵਾਲੇ ਲੋਕਾਂ ਦੀ ਗਿਣਤੀ ਵੱਧਣ ਦਾ ਮੁੱਖ ਕਾਰਨ ਜਰਮਨ ਪੋਕਰ ਅਤੇ ਬੀਫ ਖਾਣਾ ਪਸੰਦ ਕਰਦੇ ਹਨ। ਜੇਕਰ ਮੱਛੀ ਖਾਣ ਦੇ ਦੀਵਾਨੇ ਦੇਸ਼ਾਂ ਮਾਲਦੀਪ ਅਤੇ ਗ੍ਰੀਨਲੈਂਡ ਨਾਲ ਇਸਦੀ ਤੁਲਨਾ ਕੀਤੀ ਜਾਵੇ ਤਾਂ ਇਹ ਕੁਝ ਵੀ ਨਹੀਂ ਹੈ ਪਰ ਮੱਛੀ ਖਾਣ ਦਾ ਵੱਧ ਰਿਹਾ ਫੈਸ਼ਨ ਧਿਆਨ ਖਿੱਚਦਾ ਹੈ। ਮਾਲਦੀਪ ਵਿੱਚ ਪ੍ਰਤੀ ਵਿਅਕਤੀ ਔਸਤਨ 142.4 ਕਿਲੋ ਅਤੇ ਗ੍ਰੀਨਲੈਂਡ ਵਿੱਚ 91 ਕਿਲੋ ਮੱਛੀ ਖਾਧੀ ਜਾਂਦੀ ਹੈ।

ਵਧ ਰਹੀ ਕੀਮਤ : ਮੱਛੀ ਦੇ ਉਪਯੋਗ ਦੇ ਨਾਲ ਹੀ ਉਸਦੀ ਕੀਮਤ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ। 2010 ’ਚ ਯੂਰਪ ਵਿੱਚ ਮੱਛੀ ਦੀਆਂ ਕੀਮਤਾਂ 2009 ਦੀ ਤੁਲਨਾ ਵਿੱਚ 3.6 ਪ੍ਰਤੀਸ਼ਤ ਵੱਧ ਗਈ ਹੈ।

ਜਰਮਨ ਮੱਛੀ ਸੂਚਨਾ ਕੇਂਦਰ ਦੇ ਨਿਰਦੇਸਕ ਮਾਥਿਆਸ ਕੇਲਰ ਕਹਿੰਦੇ ਹਨ, “ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ ਕਿਉਂਕਿ ਲਗਾਤਾਰ ਕਈ ਦੇਸ਼ਾਂ ਵਿੱਚ ਅਜਿਹਾ ਮੱਧ ਵਰਗ ਵੱਧ ਰਿਹਾ ਹੈ ਜੋ ਇਸਦੀ ਕੀਮਤ ਦੇਣ ਲਈ ਤਿਆਰ ਹੈ, ਵੱਧਦੀ ਮੰਗ ਦੀ ਪੂਰਤੀ ਕਰਨਾ ਮੁਸ਼ਕਿਲ ਹੋ ਰਿਹਾ ਹੈ ਇਸ ਲਈ ਕੀਮਤਾਂ ਅਸਮਾਨ ਛੂ ਰਹੀਆਂ ਹਨ।”

ਇਕ ਅਖ਼ਬਾਰ ਨਾਲ ਗੱਲ-ਬਾਤ ਕਰਦੇ ਹੋਏ ਕੇਲਰ ਨੇ ਕਿਹਾ ਕਿ ਪਿਛਲੇ ਸਾਲ ਚਿਲੀ ਵਿੱਚ ਹੋਈ ਮੁਸ਼ਕਿਲ ਦੇ ਕਾਰਨ ਨਾਵਰ ਸੈਲਮਨ ਮੱਛੀ ਦਾ ਇਕਲੌਤਾ ਸਪਲਾਇਰ ਸੀ ਅਤੇ ਇਸ ਲਈ ਕੀਮਤ ਤੇਜੀ ਨਾਲ ਵਧੀ ਪਰ ਹੁਣ ਚਿਲੀ ਤੋਂ ਵੀ ਮੱਛੀਆਂ ਆ ਰਹੀਆਂ ਹਨ ਤਾਂ ਕੀਮਤਾਂ ਤੁਲਨਾਤਮਕ ਰੂਪ ਨਾਲ ਘੱਟ ਹੋ ਗਈਆਂ।

ਜਰਮਨ ਲੋਕ ਜ਼ਿਆਦਾ ਮੱਛੀ ਖਾਂਦੇ ਹਨ ਕਿਉਂਕਿ ਉਹਨਾਂ ਨੂੰ ਇਸਦਾ ਸੁਆਦ ਪਸੰਦ ਹੈ ਤੇ ਉਹ ਮੰਨ ਰਹੇ ਹਨ ਕਿ ਮੱਛੀ ਬਾਕੀ ਮਾਸ ਦੀ ਤੁਲਨਾ ਵਿੱਚ ਸਿਹਤ ਲਈ ਵਧੀਆ ਹੁੰਦੀ ਹੈ। ਜਰਮਨ ਵਿੱਚ ਮੱਛੀ ਮੁੱਖ ਤੌਰ ’ਤੇ ਨਾਵਰ ਤੋਂ ਆਉਂਦੀ ਹੈ।

ਪੰਜ ਪਸੰਦੀ ਦੀਆਂ ਚੀਜ਼ਾਂ : ਜਰਮਨ ਵਿੱਚ ਮੱਛੀ ਦੀਆਂ 660 ਕਿਸਮਾਂ ਖਰੀਦੀਆਂ ਜਾ ਸਕਦੀਆਂ ਹਨ, ਪਰ ਜਰਮਨ ਲੋਕਾਂ ਨੂੰ ਅਲਾਸਕਾ ਦੀ ਪੋਲਾਕ, ਹੇਰਿੰਗ, ਸੈਲਮਨ, ਟਰਯੂਨਾ ਅਤੇ ਪੈਂਗੇਸਿਅਸ ਮੱਛੀਆਂ ਸਭ ਤੋਂ ਜ਼ਿਆਦਾ ਪਸੰਦ ਹਨ। ਇਸ ਤੋਂ ਵਧ ਰੁੱਚੀ ਦੀ ਗੱਲ ਇਹ ਹੈ ਕਿ ਜਰਮਨ ਤਾਜਾ ਮੱਛੀ ਖਰੀਦਣ ਦੀ ਥਾਂ ਡੀਪ ਫਰਿਜ ਹੋਈ ਮੱਛੀ ਖਰੀਦਣਾ ਜ਼ਿਆਦਾ ਪਸੰਦ ਕਰਦੇ ਹਨ।

ਮੱਛੀ ਵੇਚਣ ਵਾਲੇ ਇਸਦੀ ਵੱਧਦੀ ਮੰਗ ਤੋਂ ਖੁਸ਼ ਹਨ ਪਰ ਲੋਕਾਂ ’ਚ ਕਿਤੇ ਨਾ ਕਿਤੇ ਇਹ ਚਿੰਤਾ ਵੀ ਹੈ ਕਿ ਵੱਧਦੀ ਮੰਗ ਦੇ ਕਾਰਨ ਸੀਫੂਡ ਦੀ ਗੁਣਵੰਤਾ ’ਤੇ ਅਸਰ ਪਵੇਗਾ।

ਵੱਧਦੀ ਮੰਗ ਅਤੇ ਜੰਨਸੰਖਿਆ ਦੇ ਕਾਰਨ ਮੱਛੀਆਂ ਦਾ ਸ਼ਿਕਾਰ ਵੀ ਵੱਧ ਰਿਹਾ ਹੈ ਜੋ ਸਮੁੰਦਰ ਦੀ ਪਰਸਥਿਤੀ ਲਈ ਠੀਕ ਨਹੀਂ ਹੈ। ਮਾਥਿਆਸ ਕੇਲਰ ਦਾ ਕਹਿਣਾ ਹੈ, “ਕਈ ਇਲਾਕਿਆਂ ਵਿੱਚ ਅਸੀ ਨਿਯੰਤਰਨ ਨਹੀਂ ਕਰ ਸਕਦੇ ਪਰ ਦੂਸਰੇ ਵਿੱਚ ਅਸੀਂ ਧਿਆਨ ਰੱਖ ਰਹੇ ਹਾਂ ਅਤੇ ਵੇਖ ਰਹੇ ਹਾਂ ਕਿ ਮੱਛੀਆਂ ਦੀ ਸੰਖਿਆ ਵੀ ਵੱਧ ਰਹੀ ਹੈ।”

ਮੱਛੀਆਂ ਦੇ ਬਾਰੇ ਜਾਣਕਾਰੀ ਦੇਣ ਵਾਲੀ ਜਰਮਨ ਕੇਂਦਰ ਦੀ ਵੈੱਬਸਾਈਟ ’ਤੇ ਇਕ ਵੈੱਬਪੇਜ਼ ਹੈ ਜਿਸ ਰਾਹੀ ਪਤਾ ਲੱਗ ਸਕਦਾ ਹੈ ਕਿ ਮੱਛੀ ਫੜਨ ਵਾਲੇ ਮੁੱਖ ਇਲਾਕਿਆਂ ’ਚ ਮੱਛੀ ਦੀ ਸੰਖਿਆ ਕਿੰਨੀ ਹੈ।

ਮੱਛੀ ਮਾਰਨ ਦਾ ਕੋਟਾ : ਮੱਛੀ ਦੀ ਵੱਧਦੀ ਮੰਗ ਕਈ ਜਾਣਕਾਰਾਂ ਲਈ ਚਿੰਤਾ ਦਾ ਕਾਰਨ ਬਣੀ ਹੋਈ ਹੈ। ਜਰਮਨੀ ਦੇ ਸ਼ਹਿਰ ਰੋਸਟਾਕ ਵਿੱਚ ਇੱਕ ਸੰਸਥਾ ਦੇ ਉਪ ਨਿਰਦੇਸਕ ਕਿਰਸਟੋਫਰ ਜਿਮਰਮਾਨ ਦਾ ਮੰਨਣਾ ਹੈ ਕਿ ਮੱਛੀ ਉਦਯੋਗ ਨੂੰ ਮੱਛੀਆਂ ਦੀ ਗਿਣਤੀ ਵਧਾਉਣ ਵਿੱਚ ਜ਼ਿਆਦਾ ਸਹਾਇਤਾ ਕਰਨੀ ਹੋਵੇਗੀ। ਉਹਨਾਂ ਦਾ ਕਹਿਣਾ ਹੈ ਕਿ ਯੂਰਪੀ ਸੰਘ ਦੀ ਮੰਗ ਜ਼ਿਆਦਾ ਨਹੀਂ ਹੈ।

ਜਿਮਰਮਾਨ ਦਾ ਕਹਿਣਾ ਹੈ ਕਿ ਮੱਛੀ ਦੇ ਸ਼ਿਕਾਰ ਨੂੰ ਰੋਕਣ ਦੇ ਲਈ ਦੇਸ਼ਾਂ ਵਿੱਚ ਸਖ਼ਤ ਕਾਨੂੰਨ ਬਣਾਏ ਜਾਣ ਅਤੇ ਉਹਨਾਂ ਲੋਕਾਂ ਦੇ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਜੋ ਇਨਾਂ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਸਦੇ ਇਲਾਵਾ ਮੱਛੀਆਂ ਦੀ ਸੰਖਿਆ ਵਧਾਉਣ ਲਈ ਮੁੱਖ ਨੀਤੀਆਂ ਦੀ ਜ਼ਰੂਰਤ ਹੈ। ਇੱਥੇ ਮੱਛੀਆਂ ਦਾ ਸ਼ਿਕਾਰ ਬਹੁਤ ਜ਼ਿਆਦਾ ਹੁੰਦਾ ਹੈ। ਆਉਣ ਵਾਲੀਆਂ ਮੱਛੀਆਂ ਦਾ ਕੋਟਾ ਕੁਝ ਸਮੇਂ ਲਈ ਘੱਟ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਮੱਛੀਆਂ ਦੀ ਸੰਖਿਆ ਵਧੇ ਜਦੋਂ ਕਿ ਜਿਮਰਮਾਨ ਇਹ ਵੀ ਮੰਨਦਾ ਹੈ ਕਿ ਕਈ ਕੰਪਨੀਆਂ ਦੇ ਲਈ ਮੱਛੀ ਦੇ ਸ਼ਿਕਾਰ ਵਿੱਚ ਕਮੀ ਲਿਆਉਣਾ ਮੁਸ਼ਕਿਲ ਹੈ ਕਿਉਂਕਿ ਇਸ ਨਾਲ ਮੱਛੀ ਖਰੀਦਣ ਵਾਲੇ ’ਤੇ ਜ਼ਿਆਦਾ ਅਸਰ ਪਵੇਗਾ ਅਤੇ ਪੈਦਾਵਾਰ ਘੱਟ ਹੋਣ ਦੇ ਕਾਰਨ ਕੀਮਤਾਂ ਆਪਣੇ ਆਪ ਉੱਪਰ ਚੜ੍ਹਨਗੀਆਂ ਅਤੇ ਇਸ ਨਾਲ ਖਾਣ ਵਾਲਿਆਂ ਦੀਆਂ ਜੇਬਾਂ ’ਤੇ ਵੀ ਅਸਰ ਹੋਵੇਗਾ।

ਇੱਕ ਕਾਲੀ ਕਰਤੂਤ ਇਹ ਵੀ......

ਗ਼ਰੀਬ ਝੁੱਗੀਆਂ ਵਿਚ ਸਦੀਆਂ ਤੋਂ ਦੱਬੀ ਕੁਚਲੀ ਔਰਤ ਦੀ ਆਵਾਜ਼ ਸਮਾਜ ਦੇ ਬਣਾਏ ਨਿਯਮ ਤੋਂ ਤੰਗ ਹੋ ਕੇ ਤੜਫ਼ ਤਾਂ ਉੱਠਦੀ ਹੈ ਪਰ ਰੇਤ ਦੀਆਂ ਕੱਚੀਆਂ ਦੀਵਾਰਾਂ ਨੂੰ ਪਾਰ ਨਹੀਂ ਕਰ ਸਕਦੀ। ਅਕਸਰ ਹਉਕੇ ਭਰ-ਭਰ ਸਿਸਕੀਆਂ ਲੈ-ਲੈ ਅੱਖਾਂ 'ਚੋਂ ਆਪ-ਮੁਹਾਰੇ ਹੰਝੂ ਕੇਰਦੀ ਹੈ, ਜਿਸ ਸਦਕਾ ਮਿੱਟੀ ਦੀਆਂ ਬੇਜਾਨ ਦੀਵਾਰਾਂ ਗਿੱਲੀਆਂ ਹੋ ਜਾਂਦੀਆਂ ਹਨ। ਮਰਦ ਇਹੀ ਸੋਚ ਕੇ ਹੱਸਦਾ ਹੈ ਕਿ ਸ਼ਾਇਦ ਕਿਤੇ ਵਰਖਾ ਹੋ ਰਹੀ ਹੈ। ਪਰ ਔਰਤ ਤਾਂ ਜਾਣਦੀ ਹੈ ਕਿ ਨੇੜੇ-ਤੇੜੇ ਅੱਜ ਫਿਰ ਗੰਦੇ ਸਮਾਜ ਵਿਚ ਕਿਸੇ ਅੱਬਲਾ ਨੂੰ ਡਾਇਣ ਸਮਝ ਕੇ ਮਾਰਿਆ ਜਾ ਰਿਹਾ ਹੈ। ਅੱਜ ਦੇ ਇਸ ਵਿਗਿਆਨਕ ਯੁੱਗ ਅੰਦਰ ਵੀ ਅਸੀਂ ਭਾਰਤੀ ਅੰਧ-ਵਿਸ਼ਵਾਸ ਦੇ ਤਰਾਜੂ ਵਿਚੋਂ ਆਪਣੇ-ਆਪ ਨੂੰ ਅਲੱਗ ਨਹੀਂ ਤੋਲ ਸਕੇ। ਦੋ ਕੌਡੀ ਦੇ ਅਣਪੜ੍ਹ, ਅਗਿਆਨੀ ਤਾਂਤਰਿਕਾਂ ਦੇ ਪਿੱਛੇ ਲੱਗ ਲਾਚਾਰ ਗ਼ਰੀਬ ਤੇ ਬੁੱਢੀਆਂ ਔਰਤਾਂ ਉੱਪਰ ਕਹਿਰ ਢਾਹ ਰਹੇ ਹਾਂ।

ਰਾਜਸਥਾਨ ਦੇ ਉਦੈਪੁਰ ਜ਼ਿਲ੍ਹੇ ਤੋਂ ਲੱਗਭੱਗ 75 ਕਿਲੋਮੀਟਰ ਦੂਰ ਨਾਦੇਸਮਾ ਪਿੰਡ ਵਿਚ ਇਕ ਪਾਖੰਡ ਦੇ ਕਾਰਨ ਰੂੜੀਵਾਦੀ ਪ੍ਰੰਪਰਾਵਾਂ ਵਿਚ ਫਸਕੇ ਇਕ ਬੇਕਾਬੂ ਭੀੜ ਨੇ ਹੈਵਾਨੀਅਤ ਦੀਆਂ ਸਾਰੀਆਂ ਦਹਿਲੀਜ਼ਾਂ ਹੀ ਪਾਰ ਕਰ ਦਿੱਤੀਆਂ। ਆਪਣੇ ਆਪ ਨੂੰ ਸੱਭਿਆ ਕਹਾਉਣ ਵਾਲੇ ਸਮਾਜ ਦੇ ਵਿਚ ਇਕ ਬਿਰਧ ਔਰਤ ਉੱਪਰ ਡਾਇਣ ਹੋਣ ਦਾ ਇਲਜ਼ਾਮ ਲਾਕੇ ਉਸ ਉੱਪਰ ਇੰਨਾ ਤਸ਼ੱਦਦ ਕੀਤਾ ਕਿ ਸੁਣਨ ਵਾਲੇ ਦੇ ਰੌਂਗਟੇ ਖੜ੍ਹੇ ਹੋ ਜਾਣ। ਉਸ ਬੁੱਢੀ ਔਰਤ 70 ਸਾਲਾ ਗੁਣੇਸ਼ਬਾਈ ਦੇ ਭਰੀ ਪੰਚਾਇਤ ਵਿਚ ਕੱਪੜੇ ਫਾੜ ਦਿੱਤੇ ਉਸ ਨੂੰ ਨੰਗਿਆ ਕਰ ਵਾਲਾਂ ਤੋਂ ਫੜ ਕੇ ਧੂਹਿਆ ਗਿਆ। ਇੰਨਾ ਹੀ ਨਹੀ ਸਮਾਜ ਦੇ ਗੁੰਡੇ ਆਲਮ ਬਰਦਾਰਾਂ ਨੇ ਉਸ ਦੇ ਮੂੰਹ ਵਿਚ ਇਨਸਾਨੀ ਟੱਟੀ ਵੀ ਭਰ ਦਿੱਤੀ। ਪਿੰਡ ਦੇ ਤਾਂਤਰਿਕਾਂ ਨੇ ਉਸਨੂੰ ਪਵਿੱਤਰ ਕਰਨ ਲਈ ਗਾਂ ਦਾ ਮੂਤ ਉਸ ਉੱਪਰ ਛਿੜਕਿਆ। ਉਥੇ ਮੌਜੂਦ ਭੀੜ ਤਮਾਸ਼ਾ ਦੇਖਦੀ ਰਹੀ ਜਿਸ ਆਦਮੀ ਨੇ ਉਸ ਦਾ ਵਿਰੋਧ ਕੀਤਾ ਉਸ ਨੂੰ ਵੀ ਕੁੱਟ ਦਾ ਸ਼ਿਕਾਰ ਹੋਣਾ ਪਿਆ। 25 ਮਈ 2009 ਨੂੰ ਇਹ ਤਾਂਡਵ ਨਾਚ ਘੱਟੋ-ਘੱਟ ਚਾਰ ਪੰਜ ਘੰਟੇ ਚੱਲਿਆ। ਉਸੇ ਪਿੰਡ ਦੇ ਕੇਸੂ ਲਾਲ, ਪਾਲੀਵਾਲ ਤੇ ਉਸ ਦੇ ਪਰਿਵਾਰ ਵਾਲਿਆਂ ਨੇ ਆਪਣੇ ਬੇਟੇ ਦੀ ਬੀਮਾਰੀ ਲਈ ਗੁਣੇਸ਼ਬਾਈ ਨੂੰ ਜ਼ੁੰਮੇਵਾਰ ਕਿਸੇ ਤਾਂਤਰਿਕ ਦੇ ਬਹਿਕਾਵੇ ਵਿਚ ਆਕੇ ਠਹਿਰਾਇਆ। ਇਸ ਤਾਂਤਰਿਕ ਨੇ ਆਪਣੀ ਤਾਂਤਰਿਕ ਵਿੱਦਿਆ ਰਾਹੀਂ ਪਰਿਵਾਰ ਵਾਲਿਆਂ ਨਾਲ ਮਿਲ ਕੇ ਇਹ ਕਾਰਨਾਮਾ ਕੀਤਾ। ਕਾਲੂਰਾਮ ਤੇ ਦਵੇਂਦਰ ਜੈਨ ਨੇ ਇਸ ਦਾ ਵਿਰੋਧ ਕੀਤਾ ਤਾਂ ਭੀੜ ਨੇ ਉਨ੍ਹਾਂ ਨੂੰ ਵੀ ਨਹੀਂ ਬਖ਼ਸ਼ਿਆ। ਤਾਂਤਰਿਕ ਦੇ ਕਹਿਣ ਤੇ ਕੇਸੂਲਾਲ ਦਾ ਬੇਟਾ ਪਵਨ ਆਪਣੇ ਹੱਥ 'ਤੇ ਟੱਟੀ ਉਠਾ ਲੈ ਆਇਆ ਤੇ ਉਸਨੇ ਉਸ ਗਣੇਸ਼ਬਾਈ ਦੇ ਮੂੰਹ ਵਿਚ ਭਰ ਦਿੱਤੀ। ਜਦੋਂ ਉਸਨੇ ਮੂੰਹ ਸਾਫ਼ ਕਰਨ ਲਈ ਪਾਣੀ ਮੰਗਿਆ ਤਾਂ ਉਥੇ ਖੜ੍ਹੀ ਸਾਰੀ ਭੀੜ ਜ਼ੋਰਦਾਰ ਹੱਸਣ ਲੱਗੀ। ਆਪਣੀ ਮਾਂ ਉਪਰ ਹੋ ਰਹੇ ਜ਼ੁਲਮ ਦੀ ਖ਼ਬਰ ਮਿਲਦਿਆਂ ਹੀ ਨੇੜੇ ਦੇ ਕਮੋਲ ਪਿੰਡ ਵਿਚ ਵਿਆਹੀ ਉਸਦੀ ਧੀ ਪੁਸ਼ਪਾ ਨੇ ਆ ਕੇ ਥਾਣੇ ਵਿਚ ਰੀਪੋਟ ਦਰਜ ਕਰਵਾਈ ਪਰ ਇਸ ਤੋਂ ਪਹਿਲਾਂ ਤਾਂ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ ਮਾਫ਼ੀ ਮੰਗਣ ਵਾਲਾ ਨਾਟਕ ਪੰਚਾਇਤ ਨੇ ਥਾਣੇ ਵਿਚ ਖੇਡ ਦਿੱਤਾ ਸੀ। ਪੁਲਿਸ ਵਾਲੇ ਜੰਤਾ ਦੇ ਰਾਖਿਆਂ ਨੇ ਇਹ ਕਹਿਕੇ ਹੱਥ ਝਾੜ ਲਿਆ ਕਿ ਪੂਰੇ ਮਾਮਲੇ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਭਲਾ ਇਹੋ ਜਿਹੇ ਸਮਾਜ ਵਿਚ ਕੋਈ ਇਨਸਾਫ਼ ਉਪਰ ਭਰੋਸਾ ਕਰੇਗਾ-ਕਦੇ ਵੀ ਨਹੀਂ। ਜਦੋਂ ਤੱਕ ਪਿੰਡਾਂ ਵਿਚੋਂ ਬਾਬਾ ਆਦਮ ਵੇਲੇ ਦੀਆਂ ਪੰਚਾਇਤਾਂ ਤਬਾਹ ਨਹੀਂ ਹੋ ਜਾਂਦੀਆਂ ਵਿਲ੍ਹਕਦੀ ਹੋਈ ਇਨਸਾਨੀਅਤ ਨੂੰ ਆਪਣੇ ਹੱਥਾਂ ਦੀਆਂ ਮੁੱਠੀਆਂ ਵਿਚ ਬੰਦ ਇਨਸਾਫ਼ ਲੈ ਕੇ ਦਰ-ਦਰ ਭਟਕਣਾ ਪਏਗਾ।

-ਜਗਤਾਰ ਭੱਟੀ, ਸਤਨਾਮ ਨਗਰ ਅੰਮ੍ਰਿਤਸਰ
97795-46567

ਹਰ ਤਰਕਸ਼ੀਲ ਲਈ ਵੇਖਣਯੋਗ ਸਥਾਨ

ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ

ਕੀ ਤੁਸੀਂ ਆਪਣੇ ਪਰਿਵਾਰ ਨੂੰ ਸਾਇੰਸ ਸਿਟੀ ਦਿਖਾਇਆ ਹੈ, ਜੇ ਨਹੀਂ ਤਾਂ ਜ਼ਰੂਰ ਦਿਖਾਓ, ਕਿਉਂਕਿ ਵਿਗਿਆਨਕ ਸੋਚ ਲਈ ਇਹ ਬਹੁਤ ਜ਼ਰੂਰੀ ਹੈ ਇਸ ਨੂੰ ਵੇਖਣ ਲਈ ਪੂਰਾ ਦਿਨ ਚਾਹੀਦਾ ਹੈ। ਸਾਇੰਸ ਸਿਟੀ ਸਵੇਰੇ 9 ਤੋਂ ਸ਼ਾਮੀ ਪੰਜ ਵਜੇ 365 ਦਿਨ ਖੁੱਲ੍ਹਾ ਰਹਿੰਦਾ ਹੈ।

ਅਪੀਲ ਤਰਕਸ਼ੀਲ ਲਹਿਰ ਦੇ ਪ੍ਰਚਾਰ ਤੇ ਪਸਾਰ ਲਈ ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਇਕ ਕਿਤਾਬਾਂ ਵਾਲੀ ਬੱਸ ਖ੍ਰੀਦਣ ਦਾ ਯਤਨ ਕੀਤਾ ਜਾ ਰਿਹਾ ਹੈ। ਨਾਹਰਿਆਂ ਤੇ ਮਾਟੋਜ਼ ਨਾਲ ਸਜੀ ਇਹ ਬੱਸ ਹਰ ਵੇਲੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਨਜ਼ਰ ਆਇਆ ਕਰੇਗੀ। ਅਨੁਮਾਨਤ ਖਰਚ ਲਗਭਗ ਪੰਦਰਾਂ ਕੁ ਲੱਖ ਰੁਪਏ ਹੈ। ਦਾਨੀ ਸੱਜਣਾਂ ਨੂੰ ਇਸ ਮਹਾਨ ਜੱਗ ਵਿਚ ਹਿੱਸਾ ਪਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਹਰ ਕਿਸਮ ਦੇ ਸਹਿਯੋਗ ਰਾਸ਼ੀ ਸਿਰਫ਼ ਚੈੱਕ ਜਾਂ ਡਰਾਫਟ ਰਾਹੀਂ ਤਰਕਸ਼ੀਲ ਸੁਸਾਇਟੀ (ਰਜਿ.) ਦੇ ਨਾਂ 'ਤੇ ਭੇਜੀ ਜਾਵੇ।

ਤਰਕਸ਼ੀਲ ਸੁਸਾਇਟੀ ਦਾ ਖਾਤਾ ਨੰ : 65801011000474
(Bank Of India, Branch Barnala)

ਲੋਕਾਂ ਵਿਚ ਵਧ ਰਹੇ ਮੋਟਾਪੇ ਨੇ ਦੁਨੀਆਂ ਭਰ ਵਿਚ ਚਿੰਤਾ ਦੀ ਲਹਿਰ ਛੇੜੀ

ਟੈਲੀਵਿਜ਼ਨ ਦੇਖਣ ਅਤੇ ਨਾਲ ਖਾਣ-ਪੀਣ ਦੀ ਆਦਤ ਦੇ ਕਾਰਨ ਮੋਟਾਪਾ ਵੱਧਣ ’ਤੇ ਬਹੁਤ ਹੀ ਖੋਜਾਂ ਹੋਈਆਂ ਹਨ ਪਰ ਇੱਕ ਨਵੀਂ ਖੋਜ ਕਹਿੰਦੀ ਹੈ ਕਿ ਵੀਡੀਓ ਅਤੇ ਕੰਪਿਊਟਰ ਗੇਮ ਵੀ ਬੱਚਿਆਂ ਵਿੱਚ ਮੋਟਾਪੇ ਦਾ ਖ਼ਤਰਾ ਵਧਾ ਰਹੀ ਹੈ।

ਇਸ ਖੋਜ ਵਿੱਚ ਕਿਹਾ ਗਿਆ ਹੈ ਕਿ ਵੀਡੀਓ ਅਤੇ ਕੰਪਿਊਟਰ ਗੇਮ ਦੇ ਕਾਰਨ ਅਕਾਰਮਕਤਾ ਅਤੇ ਹਿੰਸਾ ਦੀ ਪ੍ਰਵਿਰਤੀ ਹੋ ਸਕਦੀ ਹੈ। ਇਸ ਖੋਜ ਦੇ ਅੰਕੜੇ ਕਹਿੰਦੇ ਹਨ ਕਿ ਅੱਠ ਤੋਂ ਅਠਾਰਾਂ ਸਾਲ ਦੀ ਉਮਰ ਦੇ ਬੱਚੇ ਵੀਡੀਓ ਗੇਮਜ ਦੀ ਮਾੜੀ ਆਦਤ ਦੇ ਸ਼ਿਕਾਰ ਹੋ ਰਹੇ ਹਨ।

ਭਾਰਤ ਦੀ ਸੰਸਥਾ ਐਸੋਸੀਏਟਡ ਚੈਂਬਰਸ ਆਫ਼ ਕਾਮਰਸ (ਐਸੋਚੈਮ) ਦੇ ਸੋਸ਼ਲ ਡਵੈਲਪਮੈਂਟ ਫ਼ੰਡ (ਐਸਡੀਐਫ਼) ਦੇ ਤੌਰ ’ਤੇ ਕੀਤੇ ਗਈ ਖੋਜ ਵਿੱਚ ਕਿਹਾ ਗਿਆ ਹੈ ਕਿ ਇਸ ਆਦਤ ਦੇ ਕਾਰਨ ਬੱਚਿਆਂ ਵਿੱਚ ਸਮਾਜਿਕਤਾ ਦੀ ਘਾਟ, ਪਰਿਵਾਰ ਦੇ ਮੈਂਬਰਾਂ ਤੋਂ ਦੂਰੀ, ਸਕੂਲ ਦੇ ਕੰਮਾਂ ਵਿੱਚ ਦਿਲਚਸਪੀ ਘਟਣਾ ਅਤੇ ਦੂਸਰੇ ਸ਼ੌਕਾਂ ਦਾ ਖ਼ਤਮ ਹੋ ਜਾਣ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ।

ਖੋਜ : ਐਸਡੀਐਫ਼ ਵੱਲੋਂ ਭਾਰਤ ਦੇ ਵੱਡੇ ਸ਼ਹਿਰਾਂ ਵਿੱਚ ਅਪ੍ਰੈਲ ਤੋਂ ਜੂਨ ਦੇ ਵਿੱਚ ਦੋ ਹਜ਼ਾਰ ਬੱਚੇ, ਨੌਜਵਾਨਾਂ ਨਾਲ ਗੱਲਬਾਤ ਕੀਤੀ ਗਈ। ਇਨਾਂ ਸ਼ਹਿਰਾਂ ਵਿੱਚ ਦਿੱਲੀ, ਰਾਸ਼ਟਰੀ ਰਾਜਧਾਨੀ ਖੇਤਰ ਦੇ ਸ਼ਹਿਰ, ਮੁੰਬਈ, ਚੰਡੀਗੜ੍ਹ, ਲਖਨਊ, ਅਹਿਮਦਾਬਾਦ, ਪਟਨਾ, ਕੋਲਕਾਤਾ, ਚੇਨਈ, ਬੰਗਲੌਰ ਅਤੇ ਜੈਪੁਰ ਸ਼ਾਮਿਲ ਹਨ।

ਖੋਜਕਾਰੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਇਨਾਂ ਸ਼ਹਿਰਾਂ ਵਿੱਚ ਲੱਗਭਗ 200 ਬੱਚਿਆਂ, ਨੌਜਵਾਨਾਂ ਅਤੇ ਨੌਜਵਾਨ ਲੜਕੀਆਂ ਨਾਲ ਗੱਲ ਕੀਤੀ ਗਈ ਅਤੇ 82 ਪ੍ਰਤੀਸ਼ਤ ਤੋਂ ਜ਼ਿਆਦਾ ਲੋਕਾਂ ਦਾ ਕਹਿਣਾ ਸੀ ਕਿ ਉਹ ਹਰ ਹਫ਼ਤੇ ’ਚ ਔਸਤਨ 14 ਤੋਂ 16 ਘੰਟੇ ਵੀਡੀਓਗੇਮਜ਼ ਜਾਂ ਕੰਪਿਊਟਰ ਗੇਮਜ਼ ਖੇਲ੍ਹਦੇ ਦੱਸਦੇ ਹਨ।

ਐਸਡੀਐਫ਼ ਦਾ ਕਹਿਣਾ ਹੈ ਕਿ ਜੋ ਬੱਚੇ ਹਫ਼ਤੇ ਵਿੱਚ 20 ਤੋਂ ਜ਼ਿਆਦਾ ਘੰਟੇ ਦਾ ਸਮਾਂ ਵੀਡੀਓ ਗੇਮਜ਼ ਅਤੇ ਕੰਪਿਊਟਰ ਗੇਮਜ਼ ਖੇਡਣ ਵਿੱਚ ਬਿਤਾਉਂਦੇ ਹਨ ਉਹਨਾਂ ਨੂੰ ਲੱਤੀ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ।

ਇਨ੍ਹਾਂ ਬੱਚਿਆਂ ਦਾ ਕਹਿਣਾ ਸੀ ਕਿ ਜਦ ਉਹ ਇਕੱਲੇ ਹੁੰਦੇ ਹਨ ਤਾਂ ਉਹ ਅਕਾਰਮਕ ਅਤੇ ਹਿੰਸਕ ਖੇਡ ਜ਼ਿਆਦਾ ਖੇਡਣਾ ਪਸੰਦ ਕਰਦੇ ਹਨ ਜੇਕਰ ਮਾਤਾ-ਪਿਤਾ ਦੀ ਹਾਜ਼ਰੀ ਵਿੱਚ ਅਜਿਹਾ ਕਰਨਾ ਸੰਭਵ ਨਹੀਂ ਹੁੰਦਾ। ਖੋਜ ਵਿੱਚ ਪਤਾ ਲੱਗਿਆ ਕਿ ਇਸ ਤਰ੍ਹਾਂ ਦੀ ਆਦਤ ਜ਼ਿਆਦਾ ਲੜਕਿਆਂ ਵਿੱਚ ਹੁੰਦੀ ਹੈ ਅਤੇ ਲੜਕੀਆਂ ਵਿੱਚ ਘੱਟ ਹੁੰਦੀ ਹੈ।

ਆਦਤ: ਲੜਕੀਆਂ ਦਾ ਕਹਿਣਾ ਹੈ ਕਿ ਉਹ ਹਫ਼ਤੇ ਦੇ ਦਿਨਾਂ ਵਿੱਚ ਔਸਤਨ 30 ਮਿੰਟਾਂ ਦਾ ਸਮਾਂ ਵੀਡੀਓ ਗੇਮਜ਼ ਵਿੱਚ ਬਿਤਾਉਂਦੀਆਂ ਹਨ ਅਤੇ ਹਫ਼ਤੇ ਵਿੱਚ ਇੱਕ ਘੰਟਾ ਭਰ ਲੜਕੇ ਇਸ ਦੌਰਾਨ ਔਸਤਨ 50 ਮਿੰਟ ਹਰ ਦਿਨ ਅਤੇ ਦੋ ਜਾਂ ਤਿੰਨ ਘੰਟੇ ਹਫ਼ਤੇ ਵਿੱਚ ਵੀਡੀਓ ਗੇਮਜ਼ ਖੇਡਦੇ ਹੋਏ ਬਿਤਾਉਂਦੇ ਹਨ।

ਲਗਭਗ 36 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਵੀਡੀਓ ਗੇਮਜ਼ ਜਾਂ ਕੰਪਿਊਟਰ ਗੇਮਜ਼ ਖੇਡਣ ਤੋਂ ਨਹੀਂ ਰੋਕ ਸਕਦੇ। ਖੋਜਕਾਰੀ ਚਿੰਤਾ ਦੇ ਨਾਲ ਕਹਿੰਦੇ ਹਨ ਕਿ ਖੋਜ ਵਿੱਚ ਸ਼ਾਮਿਲ ਅੱਠ ਤੋਂ 14 ਸਾਲ ਦੇ ਬੱਚਿਆਂ ਵਿੱਚੋਂ 90 ਪ੍ਰਤੀਸ਼ਤ ਬੱਚੇ ਆਨਲਾਈਨ ਗੇਮਜ਼ ਖੇਡਦੇ ਹਨ।

ਐਸੋਚੇਮ ਹੈਲਥ ਕਮੇਟੀ ਦੇ ਪ੍ਰਮੁੱਖ ਡਾ. ਬੀਕੇ ਰਾਵ ਨੇ ਇਕ ਸਥਾਨਕ ਅਖ਼ਬਾਰ ਵਿੱਚ ਹੋਈ ਗੱਲਬਾਤ ਦੌਰਾਨ ਕਿਹਾ, “ਵੀਡੀਓ ਗੇਮਜ਼ ਖੇਡਣ ਦਾ ਸ਼ੌਕ ਇਕ ਆਦਤ ਵਿੱਚ ਬਦਲ ਸਕਦਾ ਹੈ ਅਤੇ ਵੱਡਿਆਂ ਨੂੰ ਇਸ ਗੱਲ ’ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿ ਬੱਚੇ ਕਿੰਨੇ ਸਮੇਂ ਲਈ ਵੀਡੀਓ ਗੇਮਜ਼ ਖੇਡ ਰਿਹਾ ਹੈ।”

ਖੋਜਕਾਰੀਆਂ ਦਾ ਕਹਿਣਾ ਹੈ ਕਿ ਮਾਪੇ ਇਸ ਗੱਲ ਤੋਂ ਚਿੰਤਤ ਹਨ ਕਿ ਆਨਲਾਈਨ ਗੇਮਜ਼ ਲਗਾਤਾਰ ਖ਼ਰਾਬ ਹੁੰਦੇ ਜਾ ਰਹੇ ਹਨ ਕਿਉਂਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਗੇਮਜ਼ ਵਿੱਚ ਸ਼ਾਮਿਲ ਹੋਣ ਦੀ ਆਗਿਆ ਦਿੰਦੇ ਹਨ ਜਿਸ ਨਾਲ ਉਹਨਾਂ ਦਾ ਲੋਕਾਂ ਨਾਲ ਲਗਾਤਾਰ ਸੰਪਰਕ ਹੁੰਦਾ ਜਾ ਰਿਹਾ ਹੈ।

ਮੋਟਾਪੇ ’ਤੇ ਸਖ਼ਤ ਕਦਮ ਚੁੱਕੇ ਸਰਕਾਰ : ਵਿਗਿਆਨੀਆਂ ਦਾ ਕਹਿਣਾ ਹੈ ਕਿ ਮੋਟਾਪੇ ਨਾਲ ਨਿਪਟਣ ਦੇ ਲਈ ਸਰਕਾਰ ਨੂੰ ਸਖ਼ਤ ਕਦਮ ਉਠਾਉਂਦੇ ਹੋਏ ਜੰਕ ਫੂਡ ’ਤੇ ਰੋਕ ਲਗਾ ਦੇਣੀ ਚਾਹੀਦੀ ਹੈ। ਖੋਜਕਾਰੀਆਂ ਦੇ ਅੰਤਰਰਾਸ਼ਟਰੀ ਸਮੂਹ ਨੇ ਇਸ ਵਿਸ਼ੇ ’ਤੇ ਵਿਗਿਆਨ ਦੀ ਪੱਤਰਿਕਾ ਲਾਸੇਟ ਵਿੱਚ ਸਿਰਲੇਖਬੰਦ ਲੇਖ ਛਾਪੇ।

ਇਨਾਂ ਲੇਖਾਂ ਵਿੱਚ ਖੋਜਕਾਰੀਆਂ ਦਾ ਕਹਿਣਾ ਹੈ ਕਿ ਕੋਈ ਵੀ ਦੇਸ਼ ਹੁਣ ਤੱਕ ਮੋਟਾਪੇ ਨਾਲ ਨਿਪਟਣ ਦੇ ਲਈ ਉਸਦੀ ਜੜ੍ਹ ਤੱਕ ਨਹੀਂ ਪਹੁੰਚਿਆ। ਇਨ੍ਹਾਂ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਦ ਤੱਕ ਕੋਈ ਕਦਮ ਨਹੀਂ ਉਠਾਵੇਗਾ ਤੰਦਰੁਸਤ ਪ੍ਰਣਾਲੀਆਂ ਇਸ ਬੀਮਾਰੀ ਵਿੱਚ ਧੁਸਦੀਆਂ ਜਾਣਗੀਆਂ।

ਮੋਟਾਪੇ ਤੋਂ ਸ਼ੂਗਰ ਦੀ ਬੀਮਾਰੀ ਹੁੰਦੀ ਹੈ ਜਿਸਦੇ ਕਾਰਨ ਜ਼ਿਆਦਾਤਾਰ ਦੇਸ਼ਾਂ ਨੂੰ ਸਿਹਤ ਸੇਵਾਵਾਂ ’ਤੇ ਦੋ ਤੋਂ ਛੇ ਪ੍ਰਤੀਸ਼ਤ ਦਾ ਖ਼ਰਚ ਕਰਨਾ ਪੈਂਦਾ ਹੈ।

ਇਨ੍ਹਾਂ ਵਿਚੋਂ ਇੱਕ ਲੇਖ ਵਿੱਚ ਲਿਖਿਆ ਗਿਆ ਹੈ ਕਿ ਜੇਕਰ ਇਹੀ ਕੁਝ ਬਰਕਰਾਰ ਰਿਹਾ ਤਾਂ ਸਥਿਤੀ ਹੋਰ ਵਿਗੜ ਸਕਦੀ ਹੈ।

ਖ਼ਰਚ : ਇਨ੍ਹਾਂ ਖੋਜਕਾਰੀਆਂ ਨੇ ਦੋ ਵਿਕਸਤ ਦੇਸ਼ਾਂ ਅਮਰੀਕਾ ਅਤੇ ਬ੍ਰਿਟੇਨ ਦੇ ਬਾਰੇ ਵਿੱਚ ਇਹ ਅਨੁਮਾਨ ਲਗਾਇਆ ਹੈ ਕਿ ਉਥੇ ਮੋਟਾਪੇ ਦੀ ਸਥਿਤੀ ਸਭ ਤੋਂ ਜ਼ਿਆਦਾ ਖ਼ਰਾਬ ਹੈ। ਉਹਨਾਂ ਨੇ ਅਨੁਮਾਨ ਲਗਾਇਆ ਹੈ ਕਿ ਬ੍ਰਿਟੇਨ ਵਿੱਚ ਮੋਟਾਪਾ ਚੌਥਾਈ ਤੋਂ ਵਧਕੇ ਸਾਲ 2003 ਤੱਕ 40 ਪ੍ਰਤੀਸ਼ਤ ਹੋ ਜਾਵੇਗਾ। ਇਸ ਤਾਜ਼ਾ ਘਟਨਾਕ੍ਰਮ

ਵਿੱਚ ਉਥੇ ਲੋਕਾਂ ਦੀ ਸਰਕਾਰੀ ਸੇਵਾਵਾਂ ਦੇਣ ਵਾਲੀ ਐਨਐਚਐਮ 'ਤੇ ਦੋ ਅਰਬ ਤੱਕ ਖ਼ਰਚ ਆਵੇਗਾ।

ਅਮਰੀਕਾ ਵਿੱਚ ਇੱਥੇ ਤਿੰਨ ਵਿੱਚੋਂ ਇਕ ਵਿਅਕਤੀ ਮੋਟਾਪੇ ਦਾ ਸ਼ਿਕਾਰ ਹੁੰਦਾ ਸੀ, ਹੁਣ ਦੋ ਵਿੱਚੋਂ ਇੱਕ ਵਿਅਕਤੀ ਮੋਟਾਪੇ ਦਾ ਸ਼ਿਕਾਰ ਅਤੇ ਅਜਿਹੀ ਸਥਿਤੀ ਵਿੱਚ ਉਸਨੂੰ ਬ੍ਰਿਟੇਨ ਦੇ ਮੁਕਾਬਲੇ ਸਵਸਥ ਪ੍ਰਣਾਲੀ 'ਤੇ ਬਹੁਤ ਜ਼ਿਆਦਾ ਖ਼ਰਚ ਸਹਿਣ ਕਰਨਾ ਹੋਵੇਗਾ।

ਖੋਜਕਾਰੀਆਂ ਦਾ ਮੰਨਣਾ ਹੈ ਕਿ ਇਸ ਸਮੱਸਿਆ ਦੇ ਨਾਲ ਨਿਪਟਣ ਲਈ ਇਕ ਵਿਅਕਤੀ ਅਤੇ ਸਮਾਜ ਨੂੰ ਲੈ ਕੇ ਉਦਯੋਗਿਕ ਇਕਾਈਆਂ ਨੇ ਇਸ ਵਿੱਚ ਵੱਡੀ ਭੂਮਿਕਾ ਨਿਭਾਈ ਹੋਵੇਗੀ। ਸਰਕਾਰ ਨੂੰ ਇਸ ਨਾਲ ਨਿਪਟਣ ਦੇ ਲਈ ਕਾਨੂੰਨ ਦਾ ਇਸਤੇਮਾਲ ਕਰਨਾ ਹੋਵੇਗਾ ਅਤੇ ਇੱਕ ਵਧੀਆ ਮਾਹੌਲ ਬਣਾਉਣ ਦੇ ਲਈ ਪ੍ਰਤੱਖ ਰੂਪ ਵਿੱਚ ਦਖਲ ਦੇਣਾ ਪਵੇਗਾ।

ਇਨ੍ਹਾਂ ਖੋਜਕਾਰੀਆਂ ਦਾ ਕਹਿਣਾ ਹੈ ਕਿ ਕਈ ਕਦਮ ਉਠਾਉਣੇ ਹੋਣਗੇ ਜਿਸਦੇ ਤਹਿਤ ਜੰਕ ਫ਼ੂਡ 'ਤੇ ਰੋਕ, ਉਸਦੇ ਵਿਗਿਆਪਨਾਂ 'ਤੇ ਰੋਕ ਅਤੇ ਸਕੂਲਾਂ ਵਿੱਚ ਇਸ ਬਾਰੇ ਸਿੱਖਿਆ ਦੇਣਾ ਸ਼ਾਮਿਲ ਹੈ।

ਪਾਣੀ ਪੀਓ ਭਾਰ ਘਟਾਓ : ਅਮਰੀਕੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਖਾਣ ਤੋਂ ਪਹਿਲਾਂ ਪਾਣੀ ਪੀਣ ਨਾਲ ਭਾਰ ਘੱਟ ਕਰਨ ਵਿੱਚ ਮਦਦ ਮਿਲਦੀ ਹੈ।

ਵਰਜੀਨੀਆ ਯੂਨੀਵਰਸਿਟੀ ਦੇ ਵਿਗਿਆਨਿਕਾਂ ਦਾ ਕਹਿਣਾ ਹੈ ਕਿ ਹਰ ਵਾਰ ਭੋਜਨ ਤੋਂ ਪਹਿਲਾਂ ਦੋ ਗਿਲਾਸ ਪਾਣੀ ਪੀਣ ਨਾਲ ਢਾਈ ਕਿਲੋ ਤੱਕ ਭਾਰ ਘੱਟ ਹੋ ਸਕਦਾ ਹੈ।

ਵਿਗਿਆਨੀਆਂ ਨੇ 55 ਤੋਂ 75 ਸਾਲ ਦੀ ਉਮਰ ਵਾਲੇ ਲੋਕਾਂ ਦੇ ਦੋ ਸਮੂਹਾਂ 'ਤੇ ਚਾਰ ਮਹੀਨੇ ਤੱਕ ਇਹ ਅਧਿਐਨ ਕੀਤਾ, ਵਿਗਿਆਨੀਆਂ ਦਾ ਕਹਿਣਾ ਹੈ ਕਿ ਪਾਣੀ ਨਾਲ ਪੇਟ ਭਰ ਲੈਣ ਦੇ ਬਾਅਦ ਭੁੱਖ ਘੱਟ ਲੱਗਦੀ ਹੈ ਅਤੇ ਇਸ ਤਰ੍ਹਾਂ ਖੁਰਾਕ ਘੱਟ ਹੋਣ ਨਾਲ ਭਾਰ ਘੱਟਣ ਵਿੱਚ ਮਦਦ ਮਿਲਦੀ ਹੈ।

ਵਿਗਿਆਨੀਆਂ ਨੇ ਇਹ ਵੀ ਕਿਹਾ ਹੈ ਕਿ ਦੋ ਗਿਲਾਸ ਪਾਣੀ ਤਕ ਤਾਂ ਠੀਕ ਹੈ ਜੇਕਰ ਖਾਣ ਤੋਂ ਪਹਿਲਾਂ ਇਸ ਤੋਂ ਜ਼ਿਅਦਾ ਪਾਣੀ ਪੀਣ ਨਾਲ ਸਿਹਤ ਸੰਬੰਧੀ ਦੂਸਰੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਪਹਿਲੇ ਸਮੂਹ ਦੇ ਲੋਕਾਂ ਨੂੰ ਘੱਟ ਕੈਲੋਰੀ ਵਾਲਾ ਭੋਜਨ ਦਿੱਤਾ ਗਿਆ ਪਰ ਉਹਨਾਂ ਨੇ ਖਾਣ ਤੋਂ ਪਹਿਲਾਂ ਪਾਣੀ ਨਹੀਂ ਪੀਤਾ। ਦੂਸਰੇ ਸਮੂਹ ਦੇ ਲੋਕਾਂ ਨੂੰ ਘੱਟ ਕੈਲੋਰੀ ਵਾਲਾ ਭੋਜਨ ਦਿੱਤਾ ਗਿਆ ਤੇ

ਖਾਣ ਤੋਂ ਪਹਿਲਾਂ ਪਾਣੀ ਦਿੱਤਾ ਗਿਆ।

ਇੰਨ੍ਹਾਂ ਸਮੂਹਾਂ ਦੇ ਲੋਕਾਂ ਦਾ ਭਾਰ ਘੱਟ ਹੋਇਆ ਕਿਉਂਕਿ ਉਹਨਾਂ ਨੇ ਘੱਟ ਕੈਲੋਰੀ ਵਾਲਾ ਭੋਜਨ ਖਾਦਾ ਸੀ ਪਰ ਜਿਹੜੇ ਲੋਕਾਂ ਨੇ ਖਾਣ ਤੋਂ ਪਹਿਲਾਂ ਪਾਣੀ ਪੀ ਰਹੇ ਸਨ ਉਹਨਾਂ ਦਾ ਭਾਰ ਤੇਜੀ ਨਾਲ ਘੱਟ ਹੋਇਆ।

ਵਿਗਿਆਨੀਆਂ ਨੇ ਦੇਖਿਆ ਕਿ ਖਾਣ ਤੋਂ ਪਹਿਲਾਂ ਪਾਣੀ ਪੀਣ ਵਾਲੇ ਲੋਕਾਂ ਨੇ 90 ਕੈਲੋਰੀ ਤੋਂ ਘੱਟ ਖਾਂਧਾ। ਅਧਿਐਨ ਦਲ ਦੀ ਪ੍ਰਮੁੱਖ ਪ੍ਰੋਫੈਸਰ ਬ੍ਰੇਂਡਾ ਡੇਵੀ ਦਾ ਕਹਿਣਾ ਹੈ ਕਿ ਇਹ ਸਾਰਾ ਕਮਾਲ ਪਾਣੀ ਦਾ ਹੈ ਜੋ ਪੇਟ ਤਾਂ ਭਰ ਦਿੰਦਾ ਹੈ ਪਰ ਉਸ ਵਿੱਚ ਇੱਕ ਵੀ ਕੈਲੋਰੀ ਨਹੀਂ ਹੁੰਦੀ।

ਪ੍ਰੋਫੈਸਰ ਡੇਵੀ ਕਹਿੰਦੀ ਹੈ, "ਲੋਕਾਂ ਨੂੰ ਘੱਟ ਕੈਲੋਰੀ ਵਾਲੀ ਅਤੇ ਘਟ ਚੀਨੀ ਵਾਲੇ ਪੇਯ ਪਦਾਰਥ ਪੀਣੇ ਚਾਹੀਦੇ ਹਨ, ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਣਾ ਚਾਹੀਦਾ ਇਹ ਭਾਰ ਘੱਟ ਰੱਖਣ ਦਾ ਪੱਕਾ ਤਰੀਕਾ ਹੈ।"

ਉਨ੍ਹਾਂ ਦਾ ਕਹਿਣਾ ਹੈ ਕਿ ਘਟ ਕੈਲੋਰੀ ਵਾਲੇ ਪੇਅ ਪਦਾਰਥਾਂ ਜਾਂ ਅਜਿਹੇ ਪਦਾਰਥ ਜਿਹਨਾਂ ਵਿੱਚ ਚੀਨੀ ਨਹੀਂ ਹੈ ਉਹ ਲੋਕਾਂ ਦੇ ਭਾਰ ਘਟ ਰੱਖਣ ਵਿੱਚ ਮਦਦ ਕਰ ਸਕਦੇ ਹਨ। ਪ੍ਰੋਫੈਸਰ ਬ੍ਰੇਂਡਾ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੇ ਆਪਣਾ ਭਾਰ ਘਟ ਰੱਖਣਾ ਹੈ ਉਹਨਾਂ ਬੋਤਲਬੰਦ ਪੇਯ ਪਦਾਰਥਾਂ ਤੋਂ ਬਚਣਾ ਚਾਹੀਦਾ ਜਿਨ੍ਹਾਂ ਵਿੱਚ ਬਹੁਤ ਜ਼ਿਆਦਾ ਚੀਨੀ ਹੁੰਦੀ ਹੈ।

- ਜਸਪ੍ਰੀਤ ਕੌਰ ਸੋਹੀ

ਬਿਨਾਂ ਦੁੱਧ ਦੀ ਆਈਸਕ੍ਰੀਮ ਅਤੇ ਸਵਾਦ ਵਾਹ-ਵਾਹ

ਬਿਨਾਂ ਦੁੱਧ ਦੀ ਆਈਸਕ੍ਰੀਮ, ਇਹ ਤਾਂ ਕੋਈ ਮਜੇਦਾਰ ਗੱਲ ਨਾ ਹੋਈ। ਆਈਸਕ੍ਰੀਮ ਤਾਂ ਦੁੱਧ ਤੋਂ ਹੀ ਬਣੀ ਹੋਣੀ ਚਾਹੀਦੀ ਹੈ ਪਰ ਜਰਮਨ ਵਿਗਿਆਨੀ ਅਜਿਹਾ ਨਹੀਂ ਮੰਨਦੇ। ਉਹਨਾਂ ਨੇ ਲੁਪਿਨ ਪੌਦੇ ਤੋਂ ਇਕ ਆਈਸਕ੍ਰੀਮ ਬਣਾਈ ਹੈ ਅਤੇ ਉਹਨਾਂ ਦਾ ਕਹਿਣਾ ਹੈ ਕਿ ਇਹ ਸਿਹਤਮੰਦ ਵੀ ਹੈ ਤੇ ਸਵਾਦ ਵੀ।

ਗਰਮੀ ਦਾ ਦਿਨ ਹੋਵੇ ਅਤੇ ਆਈਸਕ੍ਰੀਮ ਦੇਖਕੇ ਮੂੰਹ ਵਿੱਚ ਪਾਣੀ ਨਾ ਆਵੇ, ਅਜਿਹਾ ਘਟ ਹੀ ਹੁੰਦਾ ਹੈ ਪਰ ਦੁੱਧ ਵਿੱਚ ਜਿਹੜੀ ਲੈਕਟੋਸ ਭਾਵ ਕੁਦਰਤੀ ਖੰਡ ਹੁੰਦੀ ਹੈ, ਉਸਦੇ ਕਾਰਨ ਬਹੁਤ ਸਾਰੇ ਲੋਕ ਆਈਸਕ੍ਰੀਮ ਨੂੰ ਖਾ ਨਹੀਂ ਸਕਦੇ। ਹੁਣ ਜਰਮਨ ਵਿਗਿਆਨੀਆਂ ਨੇ ਉਹਨਾਂ ਦੀ ਸਮੱਸਿਆ ਹੱਲ ਕਰਨ ਦਾ ਦਾਅਵਾ ਕੀਤਾ ਹੈ। ਉਹ ਆਈਸਕ੍ਰੀਮ ਬਣਾਉਣ ਲਈ ਲੁਪਿਨ ਦੇ ਬੀਜਾਂ ਦੀ ਵਰਤੋਂ ਕਰ ਰਹੇ ਹਨ। ਲੁਪਿਨ ਫੁੱਲਾਂ ਵਾਲਾ ਪੌਦਾ ਹੈ ਜੋ ਯੂਰਪ ਅਤੇ ਅਮਰੀਕਾ ਵਿੱਚ ਬਹੁਤ ਜ਼ਿਆਦਾ ਹੁੰਦਾ ਹੈ।

ਲੁਪਿਨ ਤੋਂ ਬਣੀ ਇਹ ਆਈਸਕ੍ਰੀਮ ਜਰਮਨ ਦੇ ਕੁਝ ਸ਼ਹਿਰਾਂ ਵਿੱਚ ਮਈ ਮਹੀਨੇ ਤੋਂ ਵੇਚੀ ਜਾ ਰਹੀ ਹੈ। ਇਸ ਦਾ ਨਾਮ ਲੁਪਿਨੇਸੇ ਅਤੇ ਇਸਦੀ ਕੀਮਤ 180 ਰੁਪਏ ਰੱਖੀ ਗਈ ਹੈ, ਜੋ ਆਮ ਆਈਸਕ੍ਰੀਮ ਤੋਂ ਥੋੜ੍ਹੀ ਜ਼ਿਆਦਾ ਹੈ।

ਪਿੰਡ ਦੀ ਸੱਥ ਤੋਂ . . .

ਮਾ. ਗੁਰਪ੍ਰੀਤ ਮੱਲੋਕੇ ਮੋਬਾ : 98554-61726

ਬਚਨਾ : ਸੁਣਾ ਜੈਮਲ ਸਿਆਂ ਬੜਾ ਉਦਾਸ ਬੈਠਾਂ ਕੁੜਮ ਦੀ ਮੌਤ ਈ ਦਿਲ ਤੇ ਲਾ ਬੈਠਾ....?

ਜੈਮਲ : ਕੁੜਮ ਕਾਹਦਾ ਮਰਿਆ ਭਰਾਵਾ ਮੇਰੀ ਤਾਂ ਜਾਨ ਨੂੰ ਬਣੀ ਆਂ। ਤੈਨੂੰ ਪਤਾ ਅੱਗੇ ਲੂਣ ਤੇਲ ਮਸਾਂ ਤੁਰਦਾ, ਖਰਚੇ ਬੜੇ ਪੈਂਦੇ ਆਂ ਤੇ ਉੱਤੋਂ ਆ ਹੋਰ ਸਿਆਪਾ ਪੈ ਗਿਆ।

ਦੀਪਾ : ਕਿਉਂ ਚਾਚਾ ਬੁੜ੍ਹਾ ਉਨ੍ਹਾਂ ਦਾ ਮਰਿਆ ਤੈਨੂੰ ਖਰਚ ਕਾਹਦਾ ਪੈ ਗਿਆ, ਟੈਂਟ-ਟੂੰਟ ਲਾ ਕੇ ਬੁੜ੍ਹੇ ਦਾ ਦੁਬਾਰਾ ਵਿਆਹ ਤਾਂ ਉਨ੍ਹਾਂ ਨੇ ਕਰਨਾ।

ਜੈਮਲ : ਤੂੰ ਕੱਲ੍ਹ ਦਾ ਨਿਆਣਾ ਐਂ ਕਾਕਾ। ਤੈਨੂੰ ਨਹੀਂ ਪਤਾ, ਇਹ ਰਸਮੋਂ ਰਿਵਾਜ਼ ਦੇਖਣ-ਸੁਣਨ ਨੂੰ ਹੀ ਵਧੀਆ ਲੱਗਦੇ ਆ, ਪਰ ਮਾੜੇ ਬੰਦੇ ਨੂੰ ਇਹ ਸਾਰੀ ਉਮਰ ਨਈਂ ਉੱਠਣ ਦਿੰਦੇ। ਧੀਆਂ-ਭੈਣਾਂ ਦਾ ਦੇਣ ਤੇ ਇਨ੍ਹਾਂ ਦੀ ਮੌਤ ਤੋਂ ਬਾਅਦ ਵੀ ਨਹੀਂ ਮੁੱਕਦਾ।

ਜੰਟਾ : ਗੁਰਦਾਸ ਮਾਨ ਨੇ ਠੀਕ ਈ ਗਾਇਆ 'ਕੁਝ ਘਟੀਆ ਰੀਤ ਰਿਵਾਜ਼ਾਂ ਨੇ, ਮੇਰਾ ਸਾਰਾ ਮੁਲਕ ਉਜਾੜ ਤਾ।'

ਬਚਨਾ : ਉਏ ਕਾਕਾ ਇਨ੍ਹਾਂ ਰਸਮੋਂ-ਰਿਵਾਜ਼ਾਂ ਤੋਂ ਬਿਨਾਂ ਜ਼ਿੰਦਗੀ 'ਚ ਹੈ ਵੀ ਕੀ, ਟੀ.ਵੀ. ਤੇ ਦੱਸਦੇ ਹੁੰਦੇ ਐ ਬਈ ਇਨ੍ਹਾਂ ਰੀਤੀ-ਰਿਵਾਜ਼ਾਂ ਕਰਕੇ ਹੀ ਸਾਡਾ ਸੱਭਿਆਚਾਰ ਸਭ ਤੋਂ ਮਹਾਨ ਸੱਭਿਆਚਾਰ ਹੈ।

ਜੰਟਾ : ਚਾਚਾ ਜੀ ਸਾਡੇ ਸੱਭਿਆਚਾਰ ਵਿਚ ਸਭ ਕੁਝ ਚੰਗਾ ਨਹੀਂ ਹੈ, ਇਸ ਲਈ ਸਮੇਂ ਦੇ ਨਾਲ ਇਸ ਵਿਚ ਤਬਦੀਲੀ ਹੋਣੀ ਜ਼ਰੂਰੀ ਹੈ, ਸਾਡੇ ਲਗਭਗ ਸਾਰੇ ਹੀ ਰੀਤੀ ਰਿਵਾਜ਼ ਤੇ ਤਿਉਹਾਰ ਫ਼ਜ਼ੂਲ ਖਰਚੀ ਨਾਲ ਭਰੇ ਹੁੰਦੇ ਆ ਤੇ ਸਾਰੇ ਹੀ ਇਨ੍ਹਾਂ ਖਰਚਿਆਂ ਤੋਂ ਦੁਖੀ ਹਨ ਪਰ ਬੋਲਦਾ ਕੋਈ ਨਹੀਂ, ਕਿਉਂਕਿ ਇਹ ਭੇਡ ਚਾਲਾਂ ਹੁੰਦੀਆਂ ਹਨ, ਜੋ ਹਰ ਇੱਕ ਤੇ ਧੱਕੇ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ। ਸਾਡੇ ਸਮਾਜ ਵਿਚ ਰੀਤੀ ਰਿਵਾਜਾਂ ਤੇ ਲੈਣ ਦੇਣ ਬੰਦੇ ਦੀ ਅਮੀਰੀ ਗ਼ਰੀਬੀ ਦੇਖ ਕੇ ਨਹੀਂ ਹੁੰਦਾ ਸਗੋਂ ਦੇਖੋ-ਦੇਖੀ ਹੁੰਦਾ ਹੈ, ਅਮੀਰ ਲੋਕਾਂ ਨੂੰ ਭਾਵੇਂ ਬਹੁਤਾ ਫ਼ਰਕ ਨਹੀਂ ਪੈਂਦਾ, ਪਰ ਉਨ੍ਹਾਂ ਨੂੰ ਦੇਖੋ ਦੇਖੀ ਆਪਣਾ ਨੱਕ ਬਚਾਉਣ ਦੀ ਖ਼ਾਤਰ ਗ਼ਰੀਬ ਲੋਕ ਵੀ ਅੱਡੀਆਂ ਚੁੱਕ-ਚੁੱਕ ਕੇ ਫਾਹਾ ਲੈਂਦੇ ਹਨ, ਨਹੀਂ ਯਕੀਨ ਆਉਂਦਾ ਤਾਂ ਚਾਚੇ ਜੈਮਲ ਦਾ ਦੁੱਖ ਸਮਝ ਲਉ, ਜੀਹਦਾ ਪਹਿਲਾਂ ਹੀ ਵਾਲ-ਵਾਲ ਕਰਜ਼ੇ ਵਿਚ ਵਿੰਨ੍ਹਿਆ ਹੋਇਆ ਹੈ।

ਜੈਮਲ : ਗੱਲ ਠੀਕ ਐ ਬਾਈ ਜੰਟੇ ਦੀ ਹਾਲੇ ਮਹੀਨਾ ਪਹਿਲਾਂ ਭਾਣਜੀ ਦੇ ਵਿਆਹ ਦੀ ਨਾਨਕੀ ਸ਼ੱਕ ਭਰ ਕੇ ਆਇਆਂ ਤੇ ਉਸ ਤੋਂ ਪਹਿਲਾਂ ਛੋਟੀ ਕੁੜੀ ਦੇ ਮੁੰਡਾ ਹੋਇਆ ਤਾਂ ਪੰਜੀਰੀ ਦੇ ਨਾਲ ਸਾਰੇ ਸਹੁਰੇ ਪਰਿਵਾਰ ਦੇ ਕੱਪੜੇ ਅਤੇ ਗਹਿਣਾ ਵੀ ਪਾ ਕੇ ਆਇਆਂ, ਧਰਮ ਨਾਲ ਬਚਨ ਸਿਆਂ ਸਾਉਣੀ ਤਾਂ ਸਾਰੀ ਉਨ੍ਹਾਂ ਦੀ ਹੀ ਸੀ, ਮੈਂ ਤਾਂ ਬਸ ਸੀਰੀ ਬਣਕੇ ਪਾਲ਼ੀ ਹੀ ਸੀ।

ਦੀਪਾ : ਆ ਤੇਰੇ ਵਾਲੀ ਕਹਾਣੀ ਹੀ ਕੇਹਰੂ ਮਜ਼ਦੂਰ ਨਾਲ ਵੀ ਬੀਤੀ ਐ ਚਾਚਾ, ਉਹਨੂੰ ਵੀ ਆਹੀ ਦੋਨੋਂ ਪ੍ਰੋਗਰਾਮ ਲਾਗੋ-ਲਾਗੇ ਜਿਹੇ ਪੈ ਗਏ, ਭਰਾਵਾ ਕੇਹਰੂ ਤਾਂ ਆਨਾ ਕਾਨੀ ਜਹੀ ਕਰੇ ਪਰ ਉਹਦੀ ਮਾਂ ਤੇ ਘਰਵਾਲੀ ਤਾਂ ਹਰ ਰੋਜ਼ ਕਹਿਣ ਕਿ ਆਪਣਾ ਨੱਕ ਵੱਢਿਆ ਜਾਊ....ਰਿਵਾਜ ਹੁੰਦਾ....ਰਿਵਾਜ ਹੁੰਦਾ....ਦੀਆਂ ਹੁੱਜਾਂ ਮਾਰ-ਮਾਰ ਕੇ ਕੇਹਰੂ ਨੂੰ ਤਿਆਰ ਕਰ ਲਿਆ, ਕੇਹਰੂ ਨੇ ਆਪਣੀ ਇੱਕੋ ਇਕ ਮੱਝ ਵੇਚਤੀ ਪ੍ਰੋਗਰਾਮ ਤਾਂ ਦਿਹਾੜੀ-ਦਿਹਾੜੀ ਵਿਚ ਨਿੱਬੜ ਗਏ, ਪਰ ਉਹਦੇ ਮਾਸੂਮ ਪੋਤੇ-ਪੋਤੀਆਂ ਦੇ ਮੂੰਹਾਂ 'ਚੋਂ ਪਤਾ ਨਹੀਂ ਕਿੰਨੇ ਸਾਲਾਂ ਲਈ ਦੁੱਧ ਦਹੀਂ ਖੋਹਿਆ ਗਿਆ।

ਬਚਨਾ : ਗੱਲ ਤਾਂ ਦੀਪੇ ਤੇਰੀ ਠੀਕ ਐ, ਮਾੜੇ ਬੰਦੇ ਨੂੰ ਤਾਂ ਇਹੋ ਜਿਹੀਆਂ ਮਾਰਾਂ ਸਾਰੀ ਉਮਰ ਸੁਖ ਦਾ ਸਾਹ ਨਹੀਂ ਆਉਣ ਦਿੰਦੀਆਂ।

ਦੀਪਾ : ਇਸੇ ਕਰਕੇ ਤਾਂ ਚਾਚਾ ਲੋਕ ਕੁੜੀ ਜੰਮਣ ਤੇ ਸੋਗ ਮਨਾਉਂਦੇ ਆ, ਠੀਕ ਕਹਿੰਦੇ ਆ ਲੋਕ ਕੁੜੀਆਂ ਤਾਂ ਵਾਕਿਆ ਹੀ ਬੋਝ ਹੁੰਦੀਆਂ ਨੇ।

ਜੰਟਾ : ਨਹੀਂ ਦੀਪੇ ਅਸਲ ਵਿਚ ਕੁੜੀਆਂ ਬੋਝ ਨਹੀਂ ਹੁੰਦੀਆਂ, ਇਹ ਤਾਂ ਸਾਡੀ ਭਾਰਤੀ ਸੱਭਿਅਤਾ ਦੀ ਫ਼ਿਤਰਤ ਹੀ ਹੈ ਕਿ ਕਿਸੇ ਮਾੜੇ ਨਤੀਜੇ ਦੇ ਅਸਲ ਕਾਰਨਾਂ ਨੂੰ ਲੱਭਣ ਲਈ ਦਿਮਾਗ਼ ਤੇ ਜ਼ੋਰ ਪਾਉਣਾ ਹੀ ਨਹੀਂ। ਅਸਲ ਵਿਚ ਕੁੜੀਆਂ ਬੋਝ ਨਹੀਂ ਹੁੰਦੀਆਂ ਕੁੜੀਆਂ ਨਾਲ ਸਬੰਧਤ ਅਨੇਕਾਂ ਹੀ ਰਸਮੋਂ ਰਿਵਾਜਾਂ ਨਾਲ ਜੁੜੇ ਫ਼ਜ਼ੂਲ ਦੇ ਖਰਚ ਅਤੇ ਭੇਡ ਚਾਲਾਂ ਹੀ ਸਮਾਜ ਅਤੇ ਔਰਤ ਜਾਤ ਤੇ ਸਭ ਤੋਂ ਵੱਡਾ ਬੋਝ ਹੈ।

ਦੀਪਾ : ਸਹੀ ਗੱਲ ਐ...

ਜੰਟਾ : ਤੇ ਸਾਡੇ ਸੱਭਿਅਕ ਲੋਕਾਂ ਨੇ ਇਨ੍ਹਾਂ ਰੀਤੀ ਰਿਵਾਜਾਂ ਦੇ ਬੋਝ ਨੂੰ ਘੱਟ ਕਰਨ ਦੀ ਬਜਾਏ ਕੁੜੀਆਂ ਨੂੰ ਹੀ ਬੋਝ ਕਹਿ-ਕਹਿ ਕੇ, ਕੁੜੀਆਂ ਦਾ ਜੰਮਣਾ ਹੀ ਘੱਟ ਕਰ ਦੇਣਾ ਹੀ ਬੇਹਤਰ ਸਾਬਤ ਕਰ ਦਿੱਤਾ, ਅਖੇ ਨਾ ਰਹੂਗਾ ਬਾਂਸ ਤੇ ਨਾ ਵੱਜੂਗੀ ਬਾਂਸਰੀ ਤੇ ਇਸੇ ਲਈ ਇਨ੍ਹਾਂ ਰਿਵਾਜਾਂ ਵਿਚ ਅਸੀਂ ਲੋਕਾਂ ਨੇ ਅੱਜ ਤੱਕ ਜਿੰਨਾ ਵੀ ਸੋਨੇ ਅਤੇ ਕੱਪੜੇ ਦਾ ਲੈਣ ਦੇਣ ਕੀਤਾ ਹੈ ਉਨਾ ਸਾਰਿਆਂ ਤੇ ਅਰਬਾਂ ਕਤਲ ਹੋ ਚੁੱਕੀਆਂ ਕੁੜੀਆਂ ਦੇ ਖ਼ੂਨ ਦੇ ਛਿੱਟੇ ਹਨ। ਅੱਗੇ ਤੋਂ ਵੀ ਜੋ ਲੈਣ ਦੇਣ ਹੋਵੇਗਾ ਉਹ ਭਵਿੱਖ ਵਿਚ ਮਰਨ ਵਾਲੀਆਂ ਕੁੜੀਆਂ ਲਈ ਜ਼ਿੰਮੇਵਾਰ ਹੋਵੇਗਾ। ਭਾਵੇਂ ਇਹ ਸਪੱਸ਼ਟ ਦਿਖਾਈ ਨਹੀਂ ਦਿੰਦਾ।

ਜੈਮਲ : ਤੇਰੀ ਗੱਲ ਥੋੜੀ-ਥੋੜੀ ਸਮਝ ਆ ਗਈ ਪਰ ਜਰਾ ਖੁੱਲ੍ਹ ਕੇ ਦੱਸ ਪੁੱਤ ਤੇਰੇ ਕਹਿਣ ਦਾ ਕੀ ਮਤਲਬ ਐ....

ਜੰਟਾ : ਚਾਚਾ ਧੀਆਂ ਵਿਆਹ ਤੋਂ ਪਹਿਲਾਂ ਕੋਈ ਬੋਝ ਨਹੀਂ ਹੁੰਦੀਆਂ ਪਰ ਵਿਆਹ ਤੋਂ ਬਾਅਦ ਦਾਜ ਦੀ ਲਾਹਣਤ ਤੇ ਰੀਤਾਂ ਰਿਵਾਜਾਂ ਦੇ ਭੁਗਤਾਨ ਨੇ ਇਨ੍ਹਾਂ ਨੂੰ ਬੜਾ ਬੋਝਲ ਕੀਤਾ ਹੋਇਆ ਹੈ।

ਬਚਨਾ : ਪਰ ਕਾਕਾ ਵਿਆਹ ਤੇ ਜੇ ਧੀ ਨੂੰ ਕੋਈ ਦਾਜ ਵਿਚ ਤੋਹਫ਼ੇ ਵਜੋਂ ਕੁਝ ਦਿੰਦਾ ਹੈ ਤਾਂ ਇਹਦੇ ਵਿਚ ਕੋਈ ਬੁਰਾਈ ਵੀ ਨਹੀਂ।

ਜੰਟਾ : ਜੋ ਧੀ ਨੂੰ ਆਪਣੀ ਹੈਸੀਅਤ ਅਤੇ ਖ਼ੁਸ਼ੀ ਨਾਲ ਦਿੱਤਾ ਜਾਂਦਾ ਹੈ ਉਹ ਦਾਜ ਨਹੀਂ ਤੋਹਫ਼ੇ ਹੀ ਹੁੰਦੇ ਹਨ ਤੇ ਉਹ ਦੇਵੇ ਕੋਈ ਮਾੜੀ ਗੱਲ ਵੀ ਨਹੀਂ ਪਰ ਜੋ ਤੋਹਫ਼ੇ ਮੁੰਡੇ ਵਾਲਿਆਂ ਦੀ ਆਸ, ਮੰਗ ਜਾਂ ਲਾਲਸਾ ਕਾਰਨ ਆਉਂਦੇ ਹਨ ਉਹ ਦਾਜ ਬਣ ਜਾਂਦਾ ਹੈ ਤੇ

ਤੋਹਫ਼ਿਆਂ ਨੂੰ ਲੋਕ ਦਾਜ ਤਾਂ ਕਹਿੰਦੇ ਹਨ ਕਿਉਂਕਿ ਜ਼ਿਆਦਾਤਰ ਇਹ ਧੀਆਂ ਵਾਲਿਆਂ ਦੀ ਹੈਸੀਅਤ ਅਨੁਸਾਰ ਨਹੀਂ ਬਲਕਿ ਸਾਡੇ ਰੀਤੀ ਰਿਵਾਜਾਂ ਦੀ ਲਿਸਟ ਵਿਚੋਂ ਹੁੰਦਾ ਹੈ ਤੇ ਤੋਹਫ਼ਿਆਂ ਦਾ ਕਦੇ ਮੁਲਾਕਣ ਯਾਨੀ ਕਿ ਹਿਸਾਬ ਕਿਤਾਬ ਨਹੀਂ ਹੁੰਦਾ, ਮਤਲਬ ਕਿ ਜਦੋਂ ਇਨ੍ਹਾਂ ਤੋਹਫਿਆਂ ਵਿਚ ਕੀ ਆਇਆ, ਕੀ ਨਹੀਂ ਆਇਆ ਦਾ ਹਿਸਾਬ ਹੁੰਦਾ ਹੈ ਤਾਂ ਇਹ ਦਾਜ ਹੋ ਨਿੱਬੜਦਾ ਹੈ। ਅਮੀਰ ਤੋਹਫ਼ੇ ਦਿੰਦੇ ਐ ਤੋਹਫਿਆਂ ਦੀ ਚੋਣ ਹੈਸੀਅਤ ਨਾਲ ਹੁੰਦੀ ਹੈ ਤੇ ਗ਼ਰੀਬ ਦਾਜ ਦਿੰਦੇ ਹਨ ਕਿਉਂਕਿ ਰੀਤੀ ਨਿਭਾਉਣੀ ਹੀ ਪੈਂਦੀ ਹੈ।

ਦੀਪਾ : ਚਾਚਾ ਹੁਣ ਤਾਂ ਤੈਨੂੰ ਸਮਝ ਆ ਗਈ ਹੋਊ ਬਈ ਵਿਆਹ ਤੋਂ ਬਾਅਦ ਕਿਸ ਦੇ ਘਰੇ ਦਾਜ ਪਿਆ ਹੁੰਦਾ ਹੈ ਤੇ ਕਿਸ ਦੇ ਘਰੇ ਤੋਹਫ਼ੇ ਪਏ ਹੁੰਦੇ ਹਨ।

ਜੰਟਾ : ਦਾਜ ਦੇ ਚੱਕਰ 'ਚ ਮੇਰੀ ਗੱਲ ਵਿਚੇ ਹੀ ਰਹਿ ਗਈ ਸੀ ਕਿ ਵਿਆਹ ਤੋਂ ਬਾਅਦ ਵੀ ਧੀਆਂ ਤੇ ਆਨੇ ਬਹਾਨੇ ਖਰਚ ਕਰਾਉਣ ਦੇ ਰਸਮੋਂ ਰਿਵਾਜ ਲਾਲਸਾ ਵੱਸ ਜਾਨਬੁੱਝ ਕੇ ਤੇ ਚਲਾਕੀ ਨਾਲ ਬਣਾਏ ਗਏ ਹਨ, ਕਦੇ ਸੰਧਾਰਾ, ਕਦੇ ਲੋਹੜੀ, ਕਦੇ ਦੀਵਾਲੀ, ਕਦੇ ਘਰੇ ਕੋਈ ਖ਼ੁਸ਼ੀ ਦਾ ਪ੍ਰੋਗਰਾਮ ਹੈ ਤਾਂ, ਘਰੇ ਗ਼ਮੀ ਦਾ ਪ੍ਰੋਗਰਾਮ ਹੈ ਤਾਂ ਧੀਆਂ ਦੇ ਮਰਨ ਤੇ ਕਫ਼ਨ ਵੀ ਪੇਕਿਆਂ ਦਾ, ਧੀਆਂ ਦੀ ਮਰਗ ਤੇ ਆਏ ਪੇਕੇ ਲੱਦੇ ਦੇ ਰਿਵਾਜ ਹੇਠ ਖਾਣ-ਪੀਣ ਦਾ ਰਾਸ਼ਨ ਵੀ, ਮਰਨ ਤੋਂ ਬਾਅਦ ਵੀ ਹਰ ਖ਼ੁਸ਼ੀ-ਗਮੀ ਦੇ ਪ੍ਰੋਗਰਾਮ ਤੇ ਉਸਦਾ ਸੂਟ ਜਾਣਾ ਅਤੇ ਹੋਰ ਵੀ ਬਹੁਤ ਕੁਝ ਹੈ ਜੋ ਕੁੜੀਆਂ ਨੂੰ ਬੋਝਲ ਬਣਾਉਂਦਾ ਹੈ। ਕੁੜੀਆਂ ਦੀਆਂ ਨਣਾਨਾਂ ਨੂੰ ਕੱਪੜੇ ਵੀ ਕਈ ਵਾਰ ਦੇਣੇ ਪੈਂਦੇ ਆ....

ਜੈਮਲ : ਤਾਂਹੀਓ ਜਿਹੜੇ ਘਰ ਕੁੜੀਆਂ ਵੱਧ ਹੋਣ ਉਥੇ ਆਵਦੀ ਕੁੜੀ ਦਾ ਰਿਸ਼ਤਾ ਕਰਨ ਤੋਂ ਹਰ ਕੋਈ ਕੰਨੀ ਕਤਰਾਉਂਦਾ ਹੈ, ਬਈ ਸਾਰੀ ਉਮਰ ਏਨੇ ਥਾਈਂ ਕਿਹੜਾ ਦੇਣ ਦੇਊ, ਕਿਉਂਕਿ ਜੇ ਨਾ ਦਿੱਤਾ ਜਾਵੇ ਤਾਂ ਬੁੜੀਆਂ ਦੇ ਤਾਹਨੇ ਮਿਹਣੇ ਸੁਣਨੇ ਪੈਂਦੇ ਆ।

ਦੀਪਾ : ਯਾਨੀ ਕਿ ਪੇਕਿਆਂ ਵੱਲੋਂ ਕੋਈ ਆਇਆ ਹੈ ਤਾਂ ਕੀ ਲੈ ਕੇ ਆਇਆ ਹੈ? ਜੇ ਚੱਲਿਆ ਹੈ ਤਾਂ ਕੀ ਦੇ ਕੇ ਚੱਲਿਆ ਹੈ? ਜ਼ਨਾਨੀਆਂ ਨੂੰ ਇਹ ਹਿਸਾਬ ਕਿਤਾਬ ਕਰਨ ਦੀ ਬਜਾਏ ਇਹ ਹਿਸਾਬ-ਕਿਤਾਬ ਕਰਨਾ ਚਾਹੀਦਾ ਹੈ ਕਿ ਸਾਡੇ ਇਨ੍ਹਾਂ ਘਟੀਆ ਰਿਵਾਜਾਂ ਕਰਕੇ ਕਿੰਨੇ ਕਰੋੜ ਕੁੜੀਆਂ ਕਿਉਂ ਤੇ ਕਿਵੇਂ ਮਰ ਚੁੱਕੀਆਂ ਹਨ ਤੇ ਹਰਰੋਜ਼ ਕਿੰਨੀਆਂ ਕੰਨਿਆ ਦੀ ਭਰੂਣ ਹੱਤਿਆ ਹੁੰਦੀ ਹੈ।

ਬਚਨਾ : ਗੱਲਾਂ ਤਾਂ ਥੋਡੀਆਂ ਠੀਕ ਐ ਕਾਕਾ....ਪਰ ਇਨ੍ਹਾਂ ਰਿਵਾਜਾਂ ਕਰਕੇ ਤੇ ਦੇਣ ਲੈਣ ਹੋਣ ਕਰਕੇ ਧੀਆਂ-ਭੈਣਾਂ ਨਾਲ ਪਿਆਰ ਵੱਧਦਾ ਹੈ ਤੇ ਆਉਣ-ਜਾਣ ਵੀ ਵੱਧਦਾ ਹੈ।

ਜੰਟਾ : ਇਹ ਸਭ ਕਹਿਣ ਦੀਆਂ ਗੱਲਾਂ ਨੇ ਚਾਚਾ, ਕਿਉਂਕਿ ਰਸਮੋਂ ਰਿਵਾਜ ਅਜੇ ਉਵੇਂ ਹੀ ਚੱਲ ਰਹੇ ਹਨ ਪਰ ਹਰ ਕੋਈ ਕਹਿੰਦਾ ਹੈ ਕਿ ਹੁਣ ਭੈਣ-ਭਰਾਵਾਂ ਵਿਚ ਪਹਿਲਾਂ ਜਿਹੇ ਮੋਹ ਪਿਆਰ ਨਹੀਂ ਰਹੇ ਕਿਉਂਕਿ ਮਹਿੰਗਾਈ ਵਧਣ ਨਾਲ ਰਸਮਾਂ ਰਿਵਾਜਾਂ ਕਰਕੇ ਲੋਕਾਂ ਦਾ ਰਿਸ਼ਤੇਦਾਰੀਆਂ ਵਿਚ ਆਉਣ ਜਾਣ ਤੇ ਵਰਤ ਵਰਤਾਉ ਘੱਟ ਰਿਹਾ ਹੈ ਨਾਲੇ ਭੈਣ-ਭਰਾਵਾਂ ਦਾ ਪਿਆਰ ਜੇ ਕੱਪੜੇ ਤੇ ਸੋਨੇ ਦੇ ਲੈਣ ਦੇਣ ਦਾ ਹੀ ਮੁਥਾਜ ਹੈ ਤਾਂ ਲਾਹਣਤ ਹੈ ਇਹੋ ਜਿਹੇ ਪਿਆਰ ਤੇ....ਲੋੜ ਪੈਣ ਤੇ ਧੀਆਂ ਭੈਣਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਨਾ ਸਾਡਾ ਫ਼ਰਜ਼ ਹੈ।

ਜੈਮਲ : ਸੋਲਾਂ ਆਨੇ ਸੱਚੀ ਗੱਲ ਐ ਪੁੱਤ ਜੰਟੇ ਤੇਰੀ ਇਹ ਰਿਵਾਜਾਂ ਵਾਲੀਆਂ ਗੱਲਾਂ ਚੁਭਦੀਆਂ ਸੂਲਾਂ ਵਾਂਗੂੰ ਸਾਰੇ ਮਰਦਾਂ ਨੂੰ ਐ....ਪਰ ਮੂੰਹੋਂ ਸੱਚ ਕਹਿਣ ਦਾ ਹੌਂਸਲਾ ਥੋਡੇ ਜਿੰਨਾ ਤਰਕਸ਼ੀਲੋ ਕੋਈ ਨਹੀਂ ਕਰਦਾ, ਅਸੀਂ ਹਮਾਤੜ ਬਦਨਾਮੀ ਦੇ ਡਰੋਂ ਅੰਦਰੋ-ਅੰਦਰੀ ਰਿੱਝਦੇ ਰਹਿੰਦੇ ਹਾਂ।

ਜੰਟਾ : ਅਸੀਂ ਤਾਂ ਸੱਚੀ ਗੱਲ ਦਾ ਰੌਲ਼ਾ ਪਾਉਣਾ ਹੀ ਹੁੰਦਾ ਚਾਚਾ, ਇਹ ਵੱਡੇ ਘਰ ਵੀ ਇਹੋ ਜਿਹੇ ਰਸਮਾਂ ਰਿਵਾਜਾਂ ਤੇ ਖਰਚ ਦਿਨੋ-ਦਿਨ ਵਧਾ ਕੇ ਗ਼ਰੀਬਾਂ ਦਾ ਫਾਹਾ ਹੋਰ ਕਸੀ ਜਾਂਦੇ ਹਨ ਕਿਉਂਕਿ ਪੰਜਾਬੀ ਭਾਵੇਂ ਕਿੰਨਾ ਵੀ ਮਾੜਾ ਹੋਵੇ ਫ਼ੋਕੀ ਅਣਖ ਕਾਰਨ ਪਿੱਛੇ ਤਾਂ ਹਟਦਾ ਨਹੀਂ ਭਾਵੇਂ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਗੱਲ ਹੋਈ ਜਾਵੇ, ਜਦੋਂ ਪਾਣੀ ਸਿਰ ਤੋਂ ਦੀ ਲੰਘ ਜਾਂਦਾ ਹੈ ਕੋਈ ਸ਼ਰਾਬ ਪੀਂਦਾ ਹੈ, ਕੋਈ ਸਲਫਾਸ ਖਾਂਦਾ ਹੈ ਤੇ ਕੋਈ ਰਹਿੰਦੀਆਂ ਧੀਆਂ ਦਾ ਗਲ਼ਾ ਵੀ ਘੁੱਟ ਦਿੰਦਾ ਹੈ ਸੋ ਜਿੰਨਾ ਚਿਰ ਅਸੀਂ ਇਨ੍ਹਾਂ ਫ਼ਜ਼ੂਲ ਦੇ ਰੀਤੀ ਰਿਵਾਜਾਂ ਦਾ ਤਿਆਗ ਨਹੀਂ ਕਰਦੇ, ਉਨਾ ਚਿਰ ਧੀਆਂ ਭੈਣਾਂ ਬੋਝ ਹੀ ਰਹਿਣਗੀਆਂ....ਕੰਨਿਆ ਭਰੂਣ ਹੱਤਿਆ ਹੁੰਦੀ ਹੀ ਰਹੇਗੀ। ਦੁਖੀ ਹਰ ਕੋਈ ਹੈ ਪਰ ਹਰ ਕੋਈ ਉਡੀਕਦਾ ਹੈ ਪਹਿਲ ਕੌਣ ਕਰੂ?

ਗਿਆਨ ਦਾ ਖ਼ਜ਼ਾਨਾ **ਵਿਗਿਆਨ ਜੋਤ**

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101

Email : tarksheel@yahoo.com Web site : www.tarksheel.com

ਸ੍ਰੀ ਮੇਘ ਰਾਜ ਮਿੱਤਰ ਜੀ,

ਮੈਂ ਸੰਦੀਪ ਸਿੰਘ ਪਿੰਡ ਚੰਗੇਰਾ, ਡਾਕ ਖੇੜੀ ਗੁਰਨਾ, ਤਹਿ ਰਾਜਪੁਰਾ, ਜ਼ਿਲ੍ਹਾ ਪਟਿਆਲਾ ਦਾ ਰਹਿਣ ਵਾਲਾ ਹਾਂ। ਮੇਰੀ ਉਮਰ 24 ਸਾਲ ਹੈ। ਮੈਂ ਕੋਈ 8 ਕੁ ਸਾਲ ਪਹਿਲਾਂ ਡਾ. ਕੋਵੂਰ ਦੁਆਰਾ ਲਿਖੀ ਤੇ ਤੁਹਾਡੇ ਦੁਆਰਾ ਅਨੁਵਾਦ ਕੀਤੀ ਕਿਤਾਬ 'ਤੇ ਦੇਵ ਪੁਰਸ਼ ਹਾਰ ਗਏ' ਪੜ੍ਹੀ। ਉਸ ਕਿਤਾਬ ਨੂੰ ਪੜ੍ਹ ਕੇ ਮਨ ਦੇ ਸਾਰੇ ਸ਼ੱਕ ਸ਼ੰਕੇ ਦੂਰ ਹੋ ਗਏ ਤੇ ਫਿਰ ਮੈਂ ਤਰਕਸ਼ੀਲਤਾ ਨਾਲ ਸਬੰਧਿਤ ਹੋਰ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਵਿਗਿਆਨ ਜੋਤ ਵੀ ਮੈਂ ਪੜ੍ਹਦਾ ਰਹਿੰਦਾ ਹਾਂ। ਇਹ ਵੀ ਹਰ ਦੋ ਮਹੀਨੇ ਬਾਅਦ ਨਵੀਆਂ ਪਰਤਾਂ ਖੋਲ੍ਹਦੀ ਹੈ।

ਮਿਤੀ 17/8/2011 ਨੂੰ ਸਵੇਰੇ 10.00 ਵਜੇ ਦੇ ਕਰੀਬ ਮੈਂ ਤੁਹਾਨੂੰ ਫੋਨ ਕੀਤਾ ਸੀ ਤੇ ਆਪਣੇ ਨੇੜਲੇ ਪਿੰਡ ਵਿਚ ਅੱਗ ਲੱਗਣ ਵਾਲੀ ਘਟਨਾ ਬਾਰੇ ਦੱਸਿਆ ਸੀ। ਫਿਰ ਤੁਸੀਂ ਮੈਨੂੰ ਪਰਿਵਾਰ ਦੇ ਮੁਖੀ ਨੂੰ ਲੈ ਕੇ ਤੁਹਾਡੇ ਦਫ਼ਤਰ ਆ ਕੇ ਮਿਲਣ ਲਈ ਕਿਹਾ ਸੀ। ਅਸੀਂ ਆਏ ਵੀ ਸੀ, ਤੇ ਤੁਹਾਡੇ ਕੋਲ ਆਉਣ ਤੋਂ ਪਹਿਲਾਂ ਮੈਂ ਆਪ ਘਟਨਾਵਾਂ ਵਾਲੇ ਘਰ ਵਿਚ ਜਾ ਕੇ ਸਭ ਕੁਝ ਦੇਖ ਕੇ ਆਇਆ ਸੀ। ਤੁਹਾਡੀਆਂ ਲਿਖੀਆਂ ਕਿਤਾਬਾਂ ਤੇ ਤੁਹਾਡੇ ਦੁਆਰਾ ਹੱਲ ਕੀਤੇ ਕੇਸ ਪੜ੍ਹਨ ਕਰਕੇ ਮੈਨੂੰ ਉਸ ਘਰ ਵਿਚ ਵੜਨ ਤੋਂ ਪਹਿਲਾਂ, ਲੋਕਾਂ ਕੋਲੋਂ ਹੀ ਸੁਣ ਕੇ ਸਭ ਕੁਝ ਸਮਝ ਆ ਗਿਆ ਸੀ, ਪਰ ਮੇਰੇ ਵਾਸਤੇ ਸਮੱਸਿਆ ਇਹ ਸੀ ਕਿ ਇਸਨੂੰ ਹੱਲ ਕਿਵੇਂ ਕੀਤਾ ਜਾਵੇ। ਸੋ ਇਸੇ ਕਰਕੇ ਦਫ਼ਤਰ ਵਿਚ ਵੀ ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਮੈਨੂੰ ਵੀ ਕੁਝ ਢੰਗ ਤਰੀਕੇ ਸਿਖਾ ਦਿਉ।

ਪਰ ਕੁਝ ਕਾਰਨਾਂ ਕਰਕੇ ਉਸ ਪਰਿਵਾਰ ਦਾ ਮੁਖੀ ਤਰਕਸ਼ੀਲਾਂ ਨੂੰ ਆਪਣੇ ਘਰ ਬੁਲਾਉਣ ਤੇ ਡਰ ਗਿਆ ਤੇ ਜਦੋਂ 18/8/2011 ਨੂੰ ਮੈਂ ਉਸ ਨੂੰ ਫੋਨ ਕੀਤਾ ਕਿ ਤੁਸੀਂ ਘਰ ਦੇ ਸਾਰੇ ਮੈਂਬਰ ਘਰ ਹੀ ਹੋ ਤੇ ਆਪਾਂ ਅੱਗੇ ਕਾਰਵਾਈ ਸ਼ੁਰੂ ਕਰੀਏ ਤਾਂ ਉਸਦਾ ਕਹਿਣਾ ਸੀ ਕਾਕਾ ਕੁੱਝ ਦਿਨ ਠਹਿਰ ਕੇ ਕਰਦੇ ਹਾਂ। ਮੈਂ ਸਮਝ ਗਿਆ ਕਿ ਹਾਲੇ ਇਨ੍ਹਾਂ ਦਾ ਸਿਆਣਿਆਂ ਕੋਲੋਂ ਕੁਝ ਦੇਰ ਹੋਰ ਲੁੱਟ ਕਰਵਾਉਣ ਦਾ ਇਰਾਦਾ ਏ। ਮੈਂ ਫਿਰ ਵੀ ਉਸਨੂੰ ਕਹਿ ਦਿੱਤਾ ਕਿ ਜਦ ਸਾਰੇ ਤੀਰ ਤੁੱਕੇ ਫੇਲ੍ਹ ਹੋ ਗਏ ਤਾਂ ਸਾਨੂੰ ਤਰਕਸ਼ੀਲਾਂ ਨੂੰ ਯਾਦ ਕਰ ਲਿਉ।

ਸ੍ਰੀਮਾਨ ਜੀ, ਲਿਖਣ ਨੂੰ ਹੋਰ ਵੀ ਬਹੁਤ ਕੁਝ ਹੈ ਮੇਰੇ ਕੋਲ, ਪਰ ਮੈਂ ਇੱਥੇ ਹੀ ਬੰਦ ਕਰਦਾ ਹਾਂ। ਅਗਸਤ-ਸਤੰਬਰ ਦੇ ਅੰਕ ਵਿਚ ਕਿਸੇ ਮਿੱਤਰ ਪਿਆਰੇ ਦਾ ਪੁੱਛਿਆ ਕੱਦੂਆਂ ਵਾਲਾ ਸਵਾਲ, ਉਸਦਾ ਜਵਾਬ ਦੇਣ ਦੀ ਵੀ ਮੈਂ ਕੋਸ਼ਿਸ਼ ਕਰ ਰਿਹਾਂ। ਜੇ ਜਵਾਬ ਚੰਗਾ ਲੱਗਿਆ ਤਾਂ ਮੇਰਾ ਇਨਾਮ ਭੇਜਣ ਦੀ ਖੇਚਲ ਕਰਨਾ।

ਮੇਰੀ ਚਿੱਠੀ ਪੜ੍ਹਨ ਲਈ ਧੰਨਵਾਦ।

-ਸੰਦੀਪ ਸਿੰਘ, ਡਾਕ : ਖੇੜੀ ਗੁਰਨਾ, ਤਹਿ : ਰਾਜਪੁਰਾ
ਜ਼ਿਲ੍ਹਾ : ਪਟਿਆਲਾ-140417

-o-

ਸ੍ਰੀਮਾਨ ਮੇਘ ਰਾਜ ਜੀ,

ਸਰ ਮੈਂ ਆਪ ਜੀ ਦੇ ਪਰਚੇ ਵਿਗਿਆਨ ਜੋਤ ਤੇ ਤਰਕਸ਼ੀਲ ਸਾਹਿਤ ਦਾ ਪਾਠਕ ਹਾਂ। ਆਪ ਜੀ ਵੱਲੋਂ ਗੈਰ-ਵਿਗਿਆਨਕ ਅੰਧ-ਵਿਸ਼ਵਾਸਾਂ ਵਿਰੁੱਧ ਸੰਘਰਸ਼ ਦੀ ਸ਼ਲਾਘਾ ਕਰਦਾ ਹਾਂ ਤੇ ਵਿਗਿਆਨਿਕ ਤੇ ਉਸਾਰੂ ਸੋਚ ਪ੍ਰਤੀ ਆਪ ਜੀ ਦੀ ਪ੍ਰਤੀਬੱਧਤਾ ਨੂੰ ਸਲਾਮ ਕਰਦਾ ਹਾਂ।

ਸਰ ਅਸੀਂ ਇਹ ਖ਼ਤ ਪਿੰਡ ਟਿਵਾਣੇ ਤੋਂ ਪਾ ਰਹੇ ਹਾਂ ਜੋ ਕਿ ਜ਼ਿਲ੍ਹਾ ਪਟਿਆਲਾ ਤਹਿਸੀਲ ਦੁਧਣ ਸਾਧਾਂ ਥਾਣਾ ਜੁਲਕਾ ਪਟਿਆਲੇ ਤੋਂ 25 ਕਿਲੋ ਮੀਟਰ ਹੈ।

ਮੈਂ ਆਪ ਜੀ ਪਾਸੋਂ ਇਕ ਸਮੱਸਿਆ ਦਾ ਸਮਾਧਾਨ ਚਾਹੁੰਦਾ ਹਾਂ ਜਿਸ ਤੋਂ ਮੇਰੇ ਪਿੰਡ ਵਾਸੀ ਪਰੇਸ਼ਾਨ ਹਨ। ਸਰ ਮੈਂ ਪਿੰਡ ਵਿਚ ਕਰੀਬ ਦੋ ਮਹੀਨੇ ਤੋਂ ਜੁਲਾਈ-ਅਗਸਤ ਤੋਂ ਤੂੜੀ ਦੇ ਕੁੱਪਾਂ ਤੇ ਗੋਹੇ ਦੀਆਂ ਪਾਥੀਆਂ ਦੇ ਗੁਹਾਰੇ ਨੂੰ ਅੱਗ ਲੱਗਣ ਦੀ ਘਟਨਾ ਵਾਪਰ ਰਹੀ ਹੈ। ਗੁਹਾਰੇ ਤੇ ਕੁੱਪ ਨਾਲ-ਨਾਲ ਸਥਿਤ ਹਨ। ਇਹ ਰਹੱਸਮਈ ਅੱਗ ਜਦ ਵੀ ਕਿਸੇ ਕੁੱਪ ਜਾਂ ਗੁਹਾਰੇ ਨੂੰ ਲੱਗਦੀ ਹੈ ਤਾਂ ਦੁਪਹਿਰ ਵੇਲੇ ਲੱਗਦੀ ਹੈ। ਚਸਮਦੀਦ ਗਵਾਹਾਂ ਅਨੁਸਾਰ ਅੱਗ ਉਪਰੋਂ ਲੱਗਦੀ ਹੈ ਪਰ ਮੈਂ ਇਸਨੂੰ ਮੌਕੇ 'ਤੇ ਨਹੀਂ ਦੇਖਿਆ ਕਿਥੋਂ ਲਗਾਈ ਹੈ। ਲੋਕਾਂ ਅਨੁਸਾਰ ਉਸ ਵੇਲੇ ਕੋਈ ਔਰਤ ਆਦਮੀ ਕੋਲ ਨਹੀਂ ਹੁੰਦਾ ਜਿਸ ਵਕਤ ਅੱਗ ਲੱਗ ਜਾਂਦੀ ਹੈ। ਹੁਣ ਤੱਕ ਅੱਠ ਦਸ ਕੁੱਪ, ਗੁਹਾਰੇ ਅੱਗ ਦੀ ਲਪੇਟ ਵਿਚ ਆ ਚੁੱਕੇ ਹਨ। ਅੱਗ ਜੋ ਕਿ ਹੁਣ ਤੱਕ ਰਵੀਦਾਸਾਂ ਦੇ ਮੁਹੱਲੇ ਵਿਚ ਹੀ ਲੱਗ ਰਹੀ ਹੈ। ਪ੍ਰੇਸ਼ਾਨ ਪੰਚਾਇਤ ਵੱਲੋਂ ਪੰਡਤਾਂ ਕੋਲੋਂ ਪੁੱਛਣ 'ਤੇ ਖੇੜੇ ਦੀ ਕਰੋਪੀ ਦੱਸੀ ਗਈ ਤੇ ਖੇੜੇ ਦਾ ਹਵਨ ਕਰਨ ਲਈ ਕਿਹਾ ਗਿਆ। ਪਿੰਡ ਵਾਸੀਆਂ ਵੱਲੋਂ 20 ਹਜ਼ਾਰ ਰੁਪਏ ਨਾਲ ਖੇੜੇ ਦਾ ਹਵਨ ਕੀਤਾ ਗਿਆ। ਕੁਝ ਦਿਨਾਂ ਬਾਅਦ ਉਸ ਮੁਹੱਲੇ ਵਿਚ ਅੱਗ ਦੀ ਇਹ ਘਟਨਾ ਫਿਰ ਵਾਪਰ ਗਈ। ਮੈਂ ਆਪ ਜੀ ਕੋਲੋਂ ਵਿਗਿਆਨਕ ਤੌਰ ਤੇ ਇਸ ਅੱਗ ਲੱਗਣ ਦੇ ਕਾਰਨਾਂ ਦੇ ਪਹਿਲੂਆਂ ਬਾਰੇ ਜਾਨਣਾ ਚਾਹੁੰਦਾ ਹਾਂ। ਵੈਸੇ ਪਿੰਡ ਦੇ ਲੋਕ ਕਿਸੇ ਵੀ ਤਰੀਕੇ ਨਾਲ ਇਸ ਸਮੱਸਿਆ ਦਾ ਹੱਲ ਚਾਹੁੰਦੇ ਹਨ। ਆਸ ਹੈ ਆਪ ਇਸ ਦਾ ਉੱਤਰ ਦੇਵੋਗੇ।

-ਹਰਵਿੰਦਰ ਸਿੰਘ, ਪਿੰਡ: ਟਿਵਾਣਾ ਡਾਕ : ਮਾੜੂ
ਜ਼ਿਲ੍ਹਾ : ਪਟਿਆਲਾ।

ਜਵਾਬ : ਸਾਥੀ ਜੀ ਅੱਗ ਲੱਗਣ ਲਈ ਤਿੰਨ ਭੌਤਿਕ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ।

1. ਬਲਣਸ਼ੀਲ ਪਦਾਰਥ
2. ਬਲਣ ਵਿਚ ਸਹਾਈ ਗੈਸ
3. ਲੋੜੀਂਦਾ ਤਾਪਮਾਨ

ਹੁਣ ਪਿੰਡ ਦੇ ਵਿਚ ਗੁਹਾਰਿਆਂ ਨੂੰ ਅੱਗ ਆਪਣੇ ਆਪ ਨਹੀਂ ਲੱਗ ਸਕਦੀ। ਤਰਕਸ਼ੀਲ ਸੁਸਾਇਟੀ ਇਨ੍ਹਾਂ ਗੱਲਾਂ ਲਈ ਇਕ ਕਰੋੜ ਰੁਪਿਆ ਇਨਾਮ ਵਜੋਂ ਦਿੰਦੀ ਹੈ। ਪਿੰਡ ਦੇ ਗੁਹਾਰਿਆਂ ਨੂੰ ਅੱਗ ਕੋਈ ਨਾ ਕੋਈ ਵਿਅਕਤੀ ਹੀ ਲਾਉਂਦਾ ਹੈ। ਉਹ ਜ਼ਰੂਰ ਉਨ੍ਹਾਂ ਵਿਚ ਕੋਈ ਨਾ ਕੋਈ ਮਘਦਾ ਕੋਲਾ ਰਖਦਾ ਹੋਵੇਗਾ ਜਾਂ ਚਿੱਟਾ ਫਾਸਫੋਰਸ।

-o-

ਅਧਿਆਪਕ ਅਤੇ ਤਰਕਸ਼ੀਲਤਾ

ਅਧਿਆਪਕ ਜਾਂ ਗੁਰੂ ਦਾ ਕੰਮ ਵਿਦਿਆਰਥੀ ਨੂੰ ਸਿਰਫ਼ ਪ੍ਰਚੱਲਿਤ ਰਵਾਇਤਾਂ ਵਿਚ ਪੱਕਾ ਕਰਨਾ ਹੀ ਨਹੀਂ ਹੁੰਦਾ, ਸਗੋਂ ਬੱਚੇ ਦੇ ਮਨ ਵਿਚ ਨਵੇਂ ਦ੍ਰਿਸ਼ਟੀਕੋਣ ਸਿਰਜਣਾ ਵੀ ਹੁੰਦਾ ਹੈ। ਗ਼ਲਤ ਤੇ ਗ਼ੈਰ ਵਿਗਿਆਨਕ ਰਸਮਾਂ ਦੀ ਪਾਲਣਾ ਕਰਵਾਉਣ ਵਾਲਾ ਅਧਿਆਪਕ ਗੁਰੂ ਦਾ ਦਰਜਾ ਨਹੀਂ ਪ੍ਰਾਪਤ ਕਰ ਸਕਦਾ। ਅਧਿਆਪਕ ਦਾ ਕੰਮ ਹੀ ਹੁੰਦਾ ਹੈ, ਸਹੀ ਸਮਾਜਿਕ ਤੇ ਸੱਭਿਆਚਾਰਕ ਰਵਾਇਤਾਂ ਵਿਚ ਬੱਚੇ ਨੂੰ ਪਰਪੱਕ ਕਰਨਾ ਅਤੇ ਗ਼ਲਤ ਮੰਨ ਮਨੌਤਾਂ ਨੂੰ ਬੱਚੇ ਦੀ ਜੀਵਨ-ਜਾਂਚ ਵਿਚੋਂ ਬਾਹਰ ਕੱਢਣਾ। ਅਧਿਆਪਕ ਦਾ ਕੰਮ ਉਦੋਂ ਹੀ ਸੰਪੂਰਨ ਹੋਵੇਗਾ ਜਦੋਂ ਵਿਦਿਆਰਥੀ ਦੇ ਮਨ ਵਿਚ ਤਰਕ ਦੀ ਜੋਤ ਜਗਣ ਲੱਗੇ ਅਤੇ ਉਹ ਚੰਗੇ ਮਾੜੇ ਦੀ ਪਛਾਣ ਤਰਕ ਦੀ ਸਾਣ 'ਤੇ ਕਰਨ ਲੱਗੇ। ਬਾਬੇ ਨਾਨਕ ਨੂੰ ਗੁਰੂ ਕਹਿਣ ਪਿੱਛੇ ਸਿਰਫ਼ ਸ਼ਰਧਾ ਹੀ ਕੰਮ ਨਹੀਂ ਕਰਦੀ ਸਗੋਂ ਉਨ੍ਹਾਂ ਦੀ ਉਹ ਤਰਕ ਸ਼ਕਤੀ ਵੀ ਹੈ, ਜਿਸ

ਨੇ ਸੂਰਜ ਨੂੰ ਪਾਣੀ ਦੇਣ ਦੇ ਰਵਾਇਤ ਨੂੰ ਪਰਖਿਆ। ਗੱਲੀਲੀਓ, ਸੁਕਰਾਤ ਅਤੇ ਡਾ. ਕਾਵੂਰ ਨੇ ਵੀ ਬ੍ਰਹਿਮੰਡ ਦੀਆਂ ਸੱਚਾਈਆਂ ਨੂੰ ਤਰਕ ਦੇ ਆਧਰ ਤੇ ਬਿਆਨ ਕੀਤਾ। ਸਿੱਟੇ ਵਜੋਂ ਉਹ ਆਪ ਤਾਂ ਕੀ ਸਗੋਂ ਉਹਨਾਂ ਦੇ ਚੇਲੇ ਵੀ ਅਮਰ ਹੋ ਗਏ। ਇਸ ਲਈ ਅਧਿਆਪਕ ਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ।

ਅੱਜ ਅਧਿਆਪਕ ਇੱਕ ਰੁਤਬਾ ਨਹੀਂ, ਸਗੋਂ ਪੇਸ਼ਾ ਹੈ। ਅਧਿਆਪਕ ਇੱਕ ਵੇਤਨ ਭੋਗੀ ਕਰਮਚਾਰੀ ਬਣ ਚੁੱਕਾ ਹੈ, ਜੋ ਕਿ ਉਸ ਦੀ ਪੂੰਜੀਵਾਦੀ ਯੁੱਗ ਵਿਚ ਇਕ ਮਜ਼ਬੂਰੀ ਵੀ ਹੈ। ਉੱਚ ਸਿੱਖਿਆ ਪ੍ਰਾਪਤ ਅਧਿਆਪਕ ਅਨਪੜ੍ਹ ਜਾਂ ਅੱਧਪੜ੍ਹ, ਮੈਨੇਜਮੈਂਟ ਕਮੇਟੀ ਮੈਂਬਰਾਂ ਸਾਹਮਣੇ ਮੁਰਦਾ ਸ਼ਾਂਤੀ ਨਾਲ ਭਰਿਆ ਹੋਇਆ ਹੈ, ਜੋ ਕਿ ਪਾਸ਼ ਦੇ ਕਥਨ ਅਨੁਸਾਰ ਸਭ ਤੋਂ ਖ਼ਤਰਨਾਕ ਹੁੰਦੀ ਹੈ। ਅਜਿਹੇ ਅਧਿਆਪਕਾਂ ਤੋਂ ਤਰਕਸ਼ੀਲਤਾ ਦੀ ਆਸ ਨਹੀਂ ਰੱਖੀ ਜਾ ਸਕਦੀ।

ਕਈ ਵਾਰ ਮਜ਼ਬੂਰੀ ਵੱਸ ਤੇ ਕਈ ਵਾਰ ਸਵਾਰਥ ਵੱਸ ਅਧਿਆਪਕ ਦੀ ਕਥਨੀ ਤੇ ਕਰਨੀ ਵਿਚ ਫ਼ਰਕ ਹੁੰਦਾ ਹੈ। ਵਿਗਿਆਨ ਵਿਚ ਜੋ ਸੂਰਜ ਗ੍ਰਹਿਣ ਬਾਰੇ ਪੜ੍ਹਾਇਆ ਜਾਂਦਾ ਹੈ, ਉਹ ਇਕ ਤਰਕ ਅਧਾਰਿਤ ਸੱਚਾਈ ਹੈ। ਪਰ ਪਿਛਲੇ ਤੋਂ ਪਿਛਲੇ ਸਾਲ ਸੂਰਜ ਗ੍ਰਹਿਣ ਵਾਲੇ ਦਿਨ ਸੂਰਜ ਗ੍ਰਹਿਣ ਦੇ 'ਮਾੜੇ ਪ੍ਰਭਾਵਾਂ' ਤੋਂ ਬਚਣ ਲਈ ਸਕੂਲਾਂ ਵਿਚ ਦੋ ਘੰਟੇ ਦੀ ਛੁੱਟੀ ਕੀਤੀ ਗਈ। ਜਦੋਂ ਕਿ ਸੂਰਜ ਗ੍ਰਹਿਣ ਦਾ ਕੋਈ ਮਾੜਾ ਪ੍ਰਭਾਵ ਨਹੀਂ ਹੁੰਦਾ। ਦੁਨੀਆਂ ਭਰ ਦੇ ਵਿਗਿਆਨੀ ਯੰਤਰਾਂ ਨਾਲ ਗ੍ਰਹਿਣ ਦੇਖ ਰਹੇ ਸਨ ਤੇ ਭਵਿੱਖ ਦੇ ਵਿਗਿਆਨੀ ਘਰਾਂ ਅੰਦਰ ਤਾੜੇ ਹੋਏ ਸਨ। ਨੰਨ੍ਹੀਆਂ ਸੋਚਾਂ ਦੋਚਿਤੀ ਦਾ ਸ਼ਿਕਾਰ ਸਨ ਕਿ ਜੋ ਕੁੱਝ ਵਿਗਿਆਨ ਵਿਚ ਗ੍ਰਹਿਣ ਬਾਰੇ ਪੜ੍ਹਾਇਆ ਗਿਆ ਹੈ, ਕੀ ਉਹ ਸੱਚ ਹੈ? ਚਾਹੀਦਾ ਤਾਂ ਇਹ ਸੀ ਕਿ ਬੱਚਿਆਂ ਨੂੰ ਗ੍ਰਹਿਣ ਦੇਖਣ ਲਈ ਯੰਤਰ ਮੁਹੱਈਆ ਕਰਵਾਏ ਜਾਂਦੇ। ਬੱਚਿਆਂ ਦੀ ਉਹ ਤਰਕ ਸ਼ਕਤੀ ਜਿਸ ਨੇ ਸਮਾਜ ਨੂੰ ਬਦਲਣਾ ਸੀ, ਉੱਥੇ ਹੀ ਖ਼ਤਮ ਹੋ ਗਈ। ਅਜਿਹੇ ਬੱਚੇ ਨਿਆਰੇ ਬਣਨ ਦੀ ਥਾਂ ਭੀੜ ਦਾ ਹਿੱਸਾ ਬਣ ਕੇ ਰਹਿ ਜਾਂਦੇ ਹਨ।

ਕਈ ਸਕੂਲਾਂ ਅੰਦਰ ਜਾਂ ਨੇੜੇ-ਤੇੜੇ ਲੋਕਾਂ ਵੱਲੋਂ ਸਮਾਧਾਂ, ਮੜ੍ਹੀਆਂ ਆਦਿ ਬਣਾਈਆਂ ਜਾਂਦੀਆਂ ਹਨ। ਜਿੱਥੇ ਚਲਦੇ ਸਮਾਗਮ ਸ਼ੋਰ ਪ੍ਰਦੂਸ਼ਣ ਦਾ ਕਾਰਨ ਬਣ ਕੇ ਪੜ੍ਹਾਈ ਵਿਚ ਵਿਘਨ ਤਾਂ ਪਾਉਂਦੇ ਹੀ ਹਨ, ਉੱਥੇ ਨਾਲ ਹੀ ਉਹ ਬੱਚਾ ਜਿਸ ਨੇ ਸਿਹਤਮੰਦ ਨਰੋਏ ਤਰਕਸ਼ੀਲ ਸਮਾਜ ਦੀ ਸਿਰਜਣਾ ਕਰਨੀ ਹੁੰਦੀ ਹੈ, ਉਸਨੂੰ ਤਰਕਹੀਣਤਾ ਦੀ ਖਲਜਗਣ ਵੱਲ ਧੱਕ ਦਿੰਦੇ ਹਨ। ਅਜਿਹੇ ਹਾਲਾਤ ਵਿਚ ਅਧਿਆਪਕ ਦਾ ਫ਼ਰਜ਼ ਬਣਦਾ ਹੈ ਕਿ ਉਹ ਪੜ੍ਹਾਈ ਨੂੰ ਸਿਰਫ਼ ਪੇਪਰ ਪਾਸ ਕਰਵਾਉਣ ਤੱਕ ਹੀ ਸੀਮਤ ਨਾ ਰੱਖੇ ਸਗੋਂ ਬੱਚੇ ਅੰਦਰ ਇਕ ਤਰਕਸ਼ੀਲ ਮਨੁੱਖ ਦੀ ਸਿਰਜਣਾ ਕਰੇ। ਉਸ ਨੂੰ ਇਸ ਯੋਗ ਬਣਾਵੇ ਕਿ ਬੱਚਾ ਗ਼ਲਤ ਠੀਕ ਦੀ ਪਛਾਣ ਤਰਕ ਦੀ ਕਸਵੱਟੀ ਤੇ ਕਰਨ ਲੱਗੇ।

ਅਜਿਹਾ ਕਰਨ ਤੋਂ ਪਹਿਲਾਂ ਅਧਿਆਪਕ ਨੂੰ ਖੁਦ ਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ। ਅਧਿਆਪਕ ਨੂੰ ਫੋਕੇ ਵਹਿਮ ਭਰਮ ਅਤੇ ਰੀਤਾਂ-ਰਸਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਜੋ ਸਮਾਜ ਲਈ ਨੁਕਸਾਨਦੇਹ ਹਨ। ਅਜਿਹਾ ਅਧਿਆਪਕ ਹੀ ਬੱਚਿਆਂ ਸਾਹਮਣੇ ਰੋਲ ਮਾਡਲ ਬਣ ਸਕਦਾ ਹੈ ਅਤੇ ਮੁਰਸ਼ਦ, ਗੁਰੂ ਦਾ ਦਰਜਾ ਪ੍ਰਾਪਤ ਕਰ ਸਕਦਾ ਹੈ।

-ਗਗਨਦੀਪ ਸਿੰਘ ਬੁਗਰਾ

ਪਿੰਡ: ਬੁਗਰਾ, ਡਾਕ: ਰਾਜੋਮਾਜਰਾ, ਤਹਿ: ਧੂਰੀ (ਸੰਗਰੂਰ)-148024

-o-

ਸਤਿਕਾਰਯੋਗ ਮੇਘ ਰਾਜ ਮਿੱਤਰ ਜੀ,

ਵਿਗਿਆਨ ਜੋਤ ਦਾ ਅਗਸਤ-ਸਤੰਬਰ ਅੰਕ ਪੜ੍ਹਿਆ। ਹਿੰਦੀ ਵਿਚ ਵਿਗਿਆਨ ਜੋਤ ਪ੍ਰਕਾਸ਼ਿਤ ਕਰਨ ਤੇ ਵਧਾਈ। ਇਹ ਬਹੁਤ ਚੰਗਾ ਉਦਮ ਕੀਤਾ ਹੈ, ਤਰਕਸ਼ੀਲ ਸੁਸਾਇਟੀ ਹਰਿਆਣਾ ਲਈ ਇਹ ਮੀਲ ਪੱਥਰ ਸਾਬਿਤ ਹੋਵੇਗਾ।

ਜਿੰਦੀ ਪੇਂਟਰ ਨੇ ਜੋ ਰੇਕੀ ਦੀ ਮਾਹਿਰ ਨੂੰ ਹਰਾਉਣ ਦੀ ਗੱਲ ਕੀਤੀ ਹੈ ਉਹ ਜ਼ਿਆਦਾ ਸੰਤੁਸ਼ਟੀਜਨਕ ਨਹੀਂ ਲੱਗੀ। ਲੇਖਕ ਰੇਕੀ ਮਾਹਿਰ ਨੂੰ ਆਪਣੀ ਵਿਚਾਰਧਾਰਾ ਰਾਹੀਂ ਬਹੁਤਾ ਪ੍ਰਭਾਵਿਤ ਨਹੀਂ ਕਰ ਸਕਿਆ ਅਤੇ ਮੈਡਮ ਰਿਤੂ ਵੀ ਅੰਧ-ਵਿਸ਼ਵਾਸ ਅਤੇ ਵਹਿਮਾਂ-ਭਰਮਾਂ ਵਾਲੀ ਪ੍ਰਣਾਲੀ ਰਾਹੀਂ ਲੋਕ ਮਨਾਂ ਨੂੰ ਦੂਸ਼ਿਤ ਕਰਨ ਤੋਂ ਬਾਜ ਨਹੀਂ ਆਈ। ਕਹਾਣੀ 'ਆਖ਼ਰੀ ਨਿਸ਼ਾਨੀ' ਚੰਗੀ ਲੱਗੀ। ਜਸਵੀਰ ਬੇਗਮਪੁਰੀ ਦੀ ਮਿਹਨਤ ਬੇਕਾਰ ਨਹੀਂ ਗਈ। ਬਾਬਾ ਰਾਮਦੇਵ ਬਾਰੇ ਫੀਚਰ ਮੈਗਜ਼ੀਨ ਦਾ ਨਿਚੋੜ ਕਿਹਾ ਜਾ ਸਕਦਾ ਹੈ। ਕੁੱਤੇ ਨੂੰ ਖੀਰ ਤੇ ਅਖੌਤੀ ਸੰਤਾਂ ਨੂੰ ਸ਼ੋਹਰਤ ਘੱਟ ਹੀ ਰਾਸ ਆਉਂਦੀ ਹੈ ਇਸ ਲਈ ਰਾਮਦੇਵ ਨੇ ਵੀ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਲਿਆ ਹੈ। ਰਾਜਨੀਤੀ ਦੀ ਬੇੜੀ ਉੱਪਰ ਪੈਰ ਰੱਖਣ ਨਾਲ ਉਸਦੀ ਯੋਗ ਕਿਸ਼ਤੀ ਵੀ ਹਿਚਕੋਲੇ ਖਾਣ ਲੱਗੀ ਹੈ। ਭੋਲਾ ਨੰਬਰਦਾਰ ਦੀ ਆਜ਼ਾਦੀ ਬਾਰੇ ਚਿੰਤਾ ਅਤੇ ਸਰੋਕਾਰ ਵੀ ਧਿਆਨ ਦੀ ਮੰਗ ਕਰਦੇ ਹਨ।

ਸ਼ੰਕਾ ਨਵਿਰਤੀ ਦੀ ਜਾਣਕਾਰੀ ਹਰ ਵਾਰ ਦੀ ਤਰ੍ਹਾਂ ਦਿਲਚਸਪ ਰਹੀ। ਜਿੱਥੋਂ ਤੱਕ ਕੱਦੂ ਵਾਲੀ ਵੇਲ ਅਤੇ ਕੱਦੂ ਦੇ ਹੱਕਦਾਰ ਵਾਲੇ ਪ੍ਰਸ਼ਨ ਦਾ ਸਵਾਲ ਹੈ ਤਾਂ ਕੱਦੂ ਉੱਪਰ ਉਸਦੇ ਅਸਲੀ ਮਾਲਕ ਦਾ ਹੀ ਹੱਕ ਹੈ। ਲੇਕਿਨ ਮਾਲਕ ਦੂਸਰੇ ਗੁਆਂਢੀ ਨੂੰ ਵੀ ਉਸਦੇ ਵਿਹੜੇ ਵਿਚਲੇ ਕੱਦੂ ਤੋੜਨ ਤੋਂ ਰੋਕ ਨਹੀਂ ਸਕਦਾ।

ਪਿੰਡ ਦੀ ਸੱਥ 'ਚੋਂ ਕਾਲਮ ਤੋਂ ਇਲਾਵਾ ਬਾਕੀ ਮੈਟਰ ਸਧਾਰਨ ਰਿਹਾ। ਕਾਵਿ ਕੋਨਾ ਚਾਲੂ ਰੱਖਿਆ ਜਾਵੇ। ਹੋਰ ਵੀ ਛੋਟੇ ਤੇ ਦਿਲਚਸਪ ਕਾਲਮ ਸ਼ੁਰੂ ਕਰਨ ਦੀ ਜ਼ਰੂਰਤ ਹੈ।

- ਐਸ. ਪੀ. ਸਿੰਘ ਬੁਢਲਾਡਾ

-o-

ਸ੍ਰੀ ਮਾਨ ਜੀ,

ਮੇਰੇ ਮਨ ਵਿਚ ਕੁਝ ਸਵਾਲ ਹਨ ਜਿਨ੍ਹਾਂ ਦਾ ਉੱਤਰ ਮੈਂ ਤੁਹਾਥੋਂ ਵਿਗਿਆਨਕ ਤਰੀਕੇ ਨਾਲ ਲੈਣਾ ਚਾਹੁੰਦਾ ਹਾਂ। ਇਹ ਸਵਾਲ ਜੀਵਨ ਵਿਕਾਸ ਦੇ ਨਾਲ ਸਬੰਧਿਤ ਕੁਦਰਤ ਦੇ ਬਾਰੇ ਹਨ। ਚਾਰਲਸ ਡਾਰਵਿਨ ਨੇ ਜੀਵਨ ਦੇ ਵਿਕਾਸ ਦਾ ਸਿਧਾਂਤ ਪੇਸ਼ ਕਰਦੇ ਹੋਏ ਕੁਦਰਤੀ ਚੋਣ ਦੀ ਗੱਲ ਕੀਤੀ ਹੈ। ਮਤਲਬ ਕਿ ਕੁਦਰਤ ਨੇ ਚੋਣ ਕਰਕੇ ਹਰ ਇਕ ਜੀਵ ਦੇ ਸਰੀਰ ਦਾ ਮਾਡਲ ਤਿਆਰ ਕੀਤਾ ਹੈ ਅਤੇ ਕਰ ਰਹੀ ਹੈ। ਕੁਦਰਤ ਨੇ ਚੋਣ ਕਰਕੇ ਹਰ ਇਕ ਜੀਵ ਨੂੰ ਨਰ ਅਤੇ ਮਾਦੇ ਵਿਚ ਵੰਡਿਆ ਹੈ ਭਾਵੇਂ ਉਹ ਅੰਡੇ ਤੋਂ ਪੈਦਾ ਹੋਣ ਵਾਲੇ ਜੀਵ ਹੋਣ ਜਾਂ ਜੇਰ ਤੋਂ ਪੈਦਾ ਹੋਣ ਵਾਲੇ ਜੀਵ ਹੋਣ। ਜਿਸ ਤਰ੍ਹਾਂ ਬਾਂਦਰ ਤੋਂ ਵਿਕਾਸ ਕਰਕੇ ਮਨੁੱਖ ਹੋਂਦ ਵਿਚ ਆਇਆ ਹੈ। ਮਨੁੱਖ ਦੇ ਸਰੀਰ ਦੇ ਸਾਰੇ ਅੰਗ ਸੰਪੂਰਣ ਤੌਰ ਤੇ ਵਿਕਸਿਤ ਹਨ। ਦੇਖਣ ਲਈ ਅੱਖਾਂ, ਸੁਣਨ ਲਈ ਕੰਨ, ਭੋਜਨ ਖਾਣ ਲਈ ਮੂੰਹ ਵਿਚ ਦੰਦ, ਸਾਹ ਲੈਣ ਲਈ ਫੇਫੜੇ, ਸਰੀਰ ਦੇ ਸਾਰੇ ਅੰਗਾਂ ਤੱਕ ਖ਼ੂਨ ਪਹੁੰਚਾਉਣ ਲਈ ਦਿਲ, ਸਰੀਰ ਨੂੰ ਭੋਜਨ ਦੇਣ ਲਈ ਪਾਚਣ ਕਿਰਿਆ ਦੇ ਅੰਗ, ਮਲ ਤਿਆਗ ਕਰਨ ਲਈ ਅਲੱਗ-ਅਲੱਗ ਅੰਗ, ਸਾਰੇ ਸਰੀਰ ਵਿਚ ਕੋਸ਼ਿਕਾਵਾਂ ਦਾ ਜਾਲ ਅਤੇ ਹੋਰ ਕਈ ਤਰ੍ਹਾਂ ਦੇ ਅੰਗ ਹਨ। ਇਸ ਤਰ੍ਹਾਂ ਬਾਕੀ ਜੀਵਾਂ ਦੇ ਵੀ ਅੰਗ ਹਨ ਜੋ ਉਨ੍ਹਾਂ ਦੇ ਸਰੀਰ ਨੂੰ ਠੀਕ ਢੰਗ ਨਾਲ ਚਲਾਉਣ ਵਿਚ ਸਹਾਈ ਹੁੰਦੇ ਹਨ। ਭਾਵੇਂ ਇਸ ਨੂੰ ਵਿਕਸਿਤ ਹੋਣ ਵਿਚ ਹਜ਼ਾਰਾਂ ਸਾਲ ਲੱਗੇ ਹਨ ਪਰ ਇਹ ਅਚਾਨਕ ਹੀ ਨਹੀਂ ਹੋ ਸਕਦਾ ਇਸ ਪਿੱਛੇ ਕੋਈ ਦਿਮਾਗ਼ ਹੈ। ਮਨੁੱਖੀ ਸਰੀਰ ਦਾ ਐਨਾ ਵਧੀਆ ਡਿਜ਼ਾਈਨ ਤਿਆਰ ਕਰਨਾ ਅਤੇ ਬਾਕੀ ਜੀਵਾਂ ਨੂੰ ਅਲੱਗ-ਅਲੱਗ ਰੂਪਾਂ ਵਿਚ ਢਾਲਣਾ, ਇਹ ਬਿਨਾਂ ਦਿਮਾਗ਼ ਤੋਂ ਤਾਂ ਨਹੀਂ ਹੋ ਸਕਦਾ। ਜੇਰ ਤੋਂ ਪੈਦਾ ਹੋਣ ਵਾਲੇ ਜੀਵਾਂ ਦੇ ਮਾਦਾ ਦੇ ਸਰੀਰ ਵਿਚ ਬੱਚੇਦਾਨੀ ਦਾ ਵਿਕਸਿਤ ਹੋਣਾ, ਨਰ ਅਤੇ ਮਾਦਾ ਦੇ ਸਬੰਧ ਕਰਕੇ ਬੱਚੇਦਾਨੀ ਵਿਚ ਬੱਚਾ ਬਣਨਾ ਅਤੇ ਬੱਚੇ ਦੇ ਜਨਮ ਤੋਂ ਬਾਅਦ ਥਣਾਂ ਵਿਚ ਦੁੱਧ ਆ ਜਾਣਾ। ਇਸ ਵਿਚ ਕਿਸੇ ਵੀ ਜੀਵ ਦਾ ਆਪਣਾ ਕੋਈ ਦਿਮਾਗ਼ ਨਹੀਂ ਹੈ ਇਹ ਤਾਂ ਕੁਦਰਤੀ ਹੈ ਭਾਵ ਇਸ ਪਿੱਛੇ ਕੁਦਰਤ ਹੈ। ਅੰਡੇ ਤੋਂ ਪੈਦਾ ਹੋਣ ਵਾਲੇ ਜੀਵਾਂ ਦੇ ਮਾਦਾ ਦੇ ਸਰੀਰ ਵਿਚ ਅੰਡੇ ਦਾ

ਬਣਨਾ ਅਤੇ ਉਸ ਜੀਵ ਵਰਗਾ ਹੀ ਹੋਰ ਜੀਵ ਪੈਦਾ ਹੋਣਾ, ਇਸ ਵਿਚ ਜੀਵ ਦਾ ਆਪਣਾ ਕੋਈ ਦਿਮਾਗ਼ ਨਹੀਂ ਹੈ। ਹਾਂ ਇੰਝ ਹੈ ਕਿ ਜਦ ਜੀਵ ਨੇ ਸੁਣਨਾ ਚਾਹਿਆ ਤਾਂ ਕੁਦਰਤੀ ਹੀ ਕੰਨ ਪੈਦਾ ਹੋ ਗਏ, ਜਦ ਦੇਖਣਾ ਚਾਹਿਆ ਤਾਂ ਅੱਖਾਂ ਪੈਦਾ ਹੋ ਗਈਆਂ, ਜਦ ਚੱਲਣਾ ਚਾਹਿਆ ਤਾਂ ਲੱਤਾਂ ਪੈਦਾ ਹੋ ਗਈਆਂ, ਜਦ ਖਾਣਾ ਚਾਹਿਆ ਤਾਂ ਮੂੰਹ ਵਿਚ ਦੰਦ ਪ੍ਰਗਟ ਹੋ ਗਏ ਆਦਿਕ। ਇਸ ਨੂੰ ਹੀ ਕਰਮਿਕ ਵਿਕਾਸ ਕਿਹਾ ਗਿਆ ਹੈ। ਸਾਰੇ ਜੀਵਾਂ ਦੇ ਪੇਟ ਵਿਚ ਉਨ੍ਹਾਂ ਦੇ ਸਰੀਰ ਮੁਤਾਬਿਕ ਭੋਜਨ ਲੈਣ ਲਈ ਅੰਗ, ਸਾਹ ਵਾਲੇ ਅੰਗ, ਸਾਰੇ ਸਰੀਰ ਵਿਚ ਖ਼ੂਨ ਪਹੁੰਚਾਉਣ ਵਾਲੇ ਅੰਗ, ਮਰਦਾਂ ਦੇ ਸਰੀਰ ਵਿਚ ਬੱਚੇ ਦੇ ਵਿਕਾਸ ਲਈ ਅੰਗ, ਗੁਰਦੇ ਅਤੇ ਮਲ ਤਿਆਰ ਕਰਨ ਵਾਲੇ ਅੰਗ ਵਿਕਸਿਤ ਹੋਏ ਹਨ। ਇਸ ਵਿਚ ਕਿਸੇ ਵੀ ਜੀਵ ਦਾ ਆਪਣਾ ਕੋਈ ਦਿਮਾਗ਼ ਨਹੀਂ ਹੈ। ਇਸ ਪਿੱਛੇ ਕੁਦਰਤ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਸ ਪਿੱਛੇ ਕੋਈ ਬਿਨਾਂ ਦਿਮਾਗ਼ ਵਾਲੀ ਕੁਦਰਤ ਤਾਂ ਨਹੀਂ ਹੋ ਸਕਦੀ।

ਤਾਂ ਫਿਰ ਕੀ ਪਦਾਰਥ ਹੀ ਕੁਦਰਤ ਹੈ ਜਿਸ ਤੋਂ ਜੀਵਨ ਦੀ ਸ਼ੁਰੂਆਤ ਹੋਈ ਸੀ। ਨਿਰਜੀਵ ਪਦਾਰਥ ਵਿਚ ਪੇਚੀਦਾ ਦਿਮਾਗ਼ ਨਹੀਂ ਹੋ ਸਕਦਾ। ਇਸ ਕਰਕੇ ਪਦਾਰਥ ਕੁਦਰਤ ਨਹੀਂ ਹੋ ਸਕਦਾ। ਮੁਢਲੇ ਚਾਰ ਸਾਲ ਵੀ ਕੁਦਰਤ ਨਹੀਂ ਹੋ ਸਕਦੇ ਕਿਉਂਕਿ ਇਹ ਤਾਂ ਬਲ (ਊਰਜਾ) ਹਨ ਉਹ ਐਨਾ ਦਿਮਾਗ਼ ਨਹੀਂ ਰੱਖ ਸਕਦੇ। ਕੀ ਸਰੀਰ ਦੇ ਡੀ.ਐਨ.ਏ. ਦੇ ਜੀਨਜ ਵਿਚ ਇਹ ਸਭ ਪਾਇਆ ਜਾਂਦਾ ਹੈ। ਡੀ.ਐਨ.ਏ. ਦੇ ਜੀਨਜ ਇਨ੍ਹਾਂ ਬੇਸਜ ਵਿਚ, ਇਹ ਕਹਿ ਲਈਏ ਕਿ ਜੀਵਨ ਦੇ ਅੰਸ਼ ਪਾਏ ਜਾਂਦੇ ਹਨ ਉਹ ਕਿਹੜੇ ਹੋਰ ਸੂਖਮ ਤੱਤਾਂ ਤੋਂ ਬਣੇ ਹਨ।

ਕੋਈ ਵੀ ਸੂਖਮ ਚੀਜ਼ ਹੋਰ ਅੱਗੇ ਸੂਖਮ ਕਣਾਂ ਤੋਂ ਬਣੀ ਹੈ। ਜੇਕਰ ਵਾਸਤਵਿਕ ਵਿਚ ਉਨ੍ਹਾਂ ਕਣਾਂ ਦੀ ਹੋਂਦ ਹੈ ਤਾਂ ਫਿਰ ਉਹ ਹੋਰ ਕਿਹੜੇ ਸੂਖਮ ਕਣਾਂ 'ਚੋਂ ਬਣੇ ਹਨ। ਕੀ ਜੀਨ ਦੇ ਬੇਸਜ ਵਿਚ ਪਾਈ ਜਾਣ ਵਾਲੀ ਤਰਤੀਬਤਾ (ਲੜੀ) ਹੀ ਜੀਵਨ ਦਾ ਆਧਾਰ ਹੈ ਤਾਂ ਫਿਰ ਉਹ ਤਰਤੀਬਤਾ ਕਿਸ ਨੇ ਘੜੀ ਹੈ ਜਾਂ ਕੌਣ ਘੜਦਾ ਹੈ ਅਤੇ ਜੀਨ ਦੇ ਬੇਸਜ, ਭਾਵੇਂ ਉਹ ਕਿਸ ਵੀ ਰੂਪ ਵਿਚ ਪਾਏ ਜਾਂਦੇ ਹਨ, ਉਹ ਅੱਗੇ ਹੋਰ ਕਿਸ ਸੂਖਮ ਤੱਤਾਂ ਤੋਂ ਬਣੇ ਹਨ ਕਿਉਂਕਿ ਕੋਈ ਵੀ ਸੂਖਮ ਕਣ ਆਪਣੇ-ਆਪ ਵਿਚ ਸੰਪੂਰਨ ਇਕਾਈ ਨਹੀਂ ਹੈ ਕਿਉਂਕਿ ਉਹ ਅੱਗੇ ਹੋਰ ਸੂਖਮ ਕਣਾਂ ਤੋਂ ਬਣਿਆ ਹੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਕੁਦਰਤ ਉਸ ਮੁਢਲੇ ਜੀਵ ਤੋਂ ਵੀ ਪਰ੍ਹੇ ਹੈ ਤਾਂ ਫਿਰ ਕੁਦਰਤ ਕੀ ਹੈ। ਕਿਰਪਾ ਕਰਕੇ ਇਸ ਸਵਾਲ ਦਾ ਜਵਾਬ ਮੈਨੂੰ ਵਿਗਿਆਨ ਜੋਤ ਦੇ ਸ਼ੰਕਾ ਨਵਿਰਤੀ ਕਾਲਮ ਵਿਚ ਦਿੱਤਾ ਜਾਵੇ। ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਹੋਵੇਗਾ।

-ਜਗਸੀਰ ਸਿੰਘ ਪੁੱਤਰ ਸੁਖਦੇਵ ਸਿੰਘ

ਪੱਤੀ ਧੀਰਾ, ਪਿੰਡ ਤੇ ਡਾਕ : ਖੋਸਾ ਰਨਧੀਰ, ਤਹਿਸੀਲ ਅਤੇ ਜ਼ਿਲ੍ਹਾ ਮੋਗਾ।

ਜਵਾਬ : ਤੁਹਾਡਾ ਪਹਿਲਾਂ ਸਵਾਲ ਜੀਵਨ ਬਾਰੇ ਹੈ। ਅਸੀਂ ਸਮਝਦੇ ਹਾਂ ਕਿ ਜੀਵਨ ਸਰੀਰ ਦੇ ਵੱਖ-ਵੱਖ ਸੈੱਲਾਂ ਵਿਚ ਤਾਲਮੇਲ ਦਾ ਨਾਂ ਹੈ। ਜਿੰਨਾ ਚਿਰ ਸਰੀਰ ਦੀਆਂ ਵੱਖ-ਵੱਖ ਅੰਗ ਪ੍ਰਣਾਲੀਆਂ ਵਿਚ ਇਹ ਤਾਲਮੇਲ ਕਾਇਮ ਰਹਿੰਦਾ ਹੈ ਜੀਵਨ ਚਲਦਾ ਰਹਿੰਦਾ ਹੈ। ਜੀਵਾਂ ਨੇ ਇਹ ਗੁਣ ਅਰਬਾਂ ਵਰ੍ਹਿਆਂ ਦੇ ਸੰਘਰਸ਼ ਰਾਹੀਂ ਪ੍ਰਾਪਤ ਕੀਤਾ ਹੈ। ਕੁਦਰਤ ਵੀ ਵੱਖ-ਵੱਖ ਮੁਢਲੇ ਵਿਗਿਆਨਕ ਨਿਯਮਾਂ ਦਾ ਹੀ ਸਿੱਟਾ ਹੈ ਅਤੇ ਉਨ੍ਹਾਂ ਨਿਯਮਾਂ ਕਰਕੇ ਹੀ ਇਹ ਵੱਖ-ਵੱਖ ਗ੍ਰਹਿਆਂ ਤੇ ਵੱਖ-ਵੱਖ ਰੂਪਾਂ ਵਿਚ ਉਪਲੱਬਧ ਹੈ।

ਕਾਵਿ ਵਿਅੰਗ

ਬਾਬਾ ਬਣ ਭਾਈ

ਸਾਰਾ ਦਿਨ ਘੱਟਾ ਢੋਈ ਜਾਨੈਂ,
ਕਿਉਂ ਕਰਮਾ ਨੂੰ ਰੋਈ ਜਾਨੈਂ,
ਨਿੱਤ ਦੁੱਖਾਂ ਦੇ ਹਾਰ ਪਰੋਈ ਜਾਨੈਂ,
ਅੱਜ ਕੱਲ੍ਹ ਮਿਹਨਤ ਦੇ ਵਿੱਚ ਫਲ ਨੀ।
ਬਾਬਾ ਬਣ ਭਾਈ - ਜੇ ਐਸ-ਪ੍ਰਸਤੀ ਕਰਨੀ
- ਬਾਬਾ ਬਣ ਭਾਈ।
ਪੰਜ ਜਣਿਆਂ ਦਾ ਝੁੰਡ ਬਣਾ ਲੈ,
ਚੋਲਾ ਪਾ ਲੈ, ਵਾਲ ਵਧਾ ਲੈ,
ਪਿੰਡੋਂ ਦੂਰ ਕਿਤੇ ਡੇਰਾ ਲਾ ਲੈ,
ਛੇਤੀ ਹੀ ਤੇਰੀ ਗੁੱਡੀ ਅਸਮਾਨੀ ਚੜ੍ਹਨੀ,
ਬਾਬਾ ਬਣ ਭਾਈ.....।
ਨੇਤਾ ਲੋਕਾਂ ਨਾਲ ਪਾ ਲਈ ਯਾਰੀ,
ਜਿਨ੍ਹਾਂ ਨੇ ਪਹਿਲਾਂ ਹੀ ਮੱਤ ਲੋਕਾਂ ਦੀ ਮਾਰੀ,
ਫੇਰ ਚੱਲੂਗੀ ਤੇਰੀ ਆਰੀ।
ਨਾਲੇ ਰਹਿਣਾ ਕਿਸੇ ਦਾ ਡਰ ਨੀ।
ਬਾਬਾ ਬਣ ਭਾਈ......।
ਫਿਰ ਹੋਊ ਸਫਾਰੀ ਤੇਰੇ ਥੱਲੇ,
ਦੇਖੀ ਚਾਰ-ਚੁਫੇਰੇ ਬੱਲੇ-ਬੱਲੇ,
ਬੀਬੀਆਂ ਦੇ ਮੁੰਡੇ ਪਾਈ ਪੱਲੇ,
ਨਾ ਗੱਲ ਕੁੜੀ ਦੀ ਕਰਨੀ,
ਬਾਬਾ ਬਣ ਭਾਈ......।
ਜ਼ਿਆਦਾ ਲਾਲਚ ਵਿੱਚ ਨੀ ਪੈਣਾ,
ਤਰਕਸ਼ੀਲਾਂ ਤੋਂ ਬਚ ਕੇ ਰਹਿਣਾ
ਹੋਰ ਕਿਸੇ ਤੈਨੂੰ ਕੁਝ ਨੀ ਕਹਿਣਾ।
ਆਪ ਹੀ ਆਊ ਸਿਆਸਤ ਚਰਨੀ,
ਬਾਬਾ ਬਣ ਭਾਈ......।

- ਭੋਲਾ ਨੰਬਰਦਾਰ, ਦਿਆਲਪੁਰਾ (ਮਾਨਸਾ)
ਫੋਨ ਨੰ: 98158-95190

ਬੀਬਾ

ਅੰਤਰ ਧਿਆਨ ਹੋ ਬਾਬਿਆਂ ਜਾਣ ਲੀਤਾ
ਕੁੱਖ ਤੇਰੀ ਨੂੰ ਚੰਬੜੀ ਬਲਾ ਬੀਬਾ
ਪੰਜ ਚੌਂਕੀਆਂ ਰਾਤ ਨੂੰ ਭਰ ਇੱਥੇ
ਦੇਊ ਰੱਬ ਸਬੱਬ ਬਣਾ ਬੀਬਾ
ਲੈਜਾ ਅੰਬ ਮੁੰਦਰਿਆ ਬਾਬਿਆਂ ਦਾ
ਚੋਰੀ ਘਰ ਦਿਆਂ ਤੋਂ ਲਈ ਖਾ ਬੀਬਾ
ਸੈਂਟ-ਪ੍ਰਸੈਂਟ ਮੁੰਡਾ ਹੀ ਹੋਊ ਤੇਰੇ
ਬਾਬੇ ਪਹਿਲਾਂ ਹੀ ਚੁੱਕੇ ਅਜਮਾ ਬੀਬਾ
ਮਾਇਆ ਨਾਗਣੀ ਮੱਥਾ ਨਾ ਭੁੱਲ ਟੇਕੀਂ
ਬਾਬੇ ਡਰਦੇ ਇਸ ਦੌਂ ਬੜਾ ਬੀਬਾ
ਆਇਆ ਸਿਆਲ ਤੇ ਬਾਬੇ ਨਿੱਘ ਚਾਹੁੰਦੇ
ਬਿਸਤਰਾ ਵਧੀਆ ਦਈਂ ਬਣਵਾ ਬੀਬਾ।

-ਮੰਗਤ ਕੁਲਜਿੰਦ, 94177-53892